# ਇਸਲਾਮ

## ਅਤੇ

# ਆਜ਼ਾਦੀ ਏ ਜ਼ਮੀਰ

ਹੁਕੁਮਨਾਮਾ

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ

ਅਹਮਦੀਆ ਮੁਸਲਿਮ ਜਮਾਤ ਦੇ ਇਮਾਮ ਅਤੇ ਪੰਜਵੇਂ ਰੂਹਾਨੀ

ਖ਼ਲੀਫ਼ਾ

ਅਨੁਵਾਦਕ

ਗਿਆਨੀ ਸ਼ਮਸ਼ਾਦ ਅਹਮਦ ਅਦਨ ਬੀ.ਏ., ਬੀ.ਐਡ.

ਪ੍ਰਕਾਸ਼ਕ

ਨਸ਼ਰੋ ਇਸ਼ਾਅਤ (ਪ੍ਰਕਾਸ਼ਨ ਵਿਭਾਗ)

ਸਦਰ ਅੰਜੁਮਨ ਅਹਮਦੀਆ ਕਾਦੀਆਂ

# ਵਿਸ਼ੇ ਸੂਚੀ


| | | |
|---|---|---|
| 1. | ਦੁਨੀਆ ਵਿੱਚ ਅਮਨ ਸਥਾਪਤ ਕਰਨ ਲਈ ਜ਼ਰੂਰੀ ਹੈ ਕਿ ਰੱਬ ਦੇ ਫ਼ਰਸਤਾਦਿਆਂ ਦਾ ਮਾਨ ਕੀਤਾ ਜਾਵੇ । | 5 |
| 2. | ਅਹਮਦੀ ਦੀ ਪ੍ਰਤੀਕ੍ਰਿਆ ਦਾ ਢੰਗ । | 15 |
| 3. | ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਿਰੁਧ ਸਾਜ਼ਸ਼ਾਂ ਦੀ ਪ੍ਰਤੀਰੱਖਿਆ ਮਸੀਹ ਮਊਦ ਨੇ ਹੀ ਕਰਨੀ ਸੀ । | 16 |
| 4. | ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਦੇ ਅਖ਼ਲਾਕ (ਉਚ ਆਚਰਣ) ਦੁਨੀਆ ਦੇ ਸਾਹਮਣੇ ਪੇਸ਼ ਕਰੋ । | 20 |
| 5. | ਜਮਾਤ ਅਹਮਦੀਆ ਦੀ ਕਾਰਟੂਨਾ ਦੀ ਪ੍ਰਕਾਸ਼ਾਨਾ ਦੇ ਵਿਰੁਧ ਫ਼ੌਰੀ ਕਾਰਵਾਈ। | 24 |
| 6. | ਅਹਮਦੀ ਨੌਜਵਾਨਾ ਨੂੰ ਜਰਨਲਿਜ਼ਮ ਵਿੱਚ ਜਾਣਾ ਚਾਹੀਦਾ ਹੈ । | 27 |
| 7. | ਝੰਡੇ ਸਾੜਨ ਜਾਂ ਭੰਨ ਤੋੜ ਕਰਨ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਮਾਨ ਕਾਇਮ ਨਹੀਂ ਹੋ ਸਕਦਾ । | 29 |
| 8. | ਇਕ ਅਹਮਦੀ ਦਾ ਹਕੀਕੀ ਪ੍ਰਤੀਕ੍ਰਮ ਕੀ ਹੋਣਾ ਚਾਹੀਦਾ ਹੈ ? | 30 |
| 9. | ਆਪਣੇ ਦੁੱਖਾਂ ਨੂੰ ਦੁਆਵਾਂ ਵਿੱਚ ਢਾਲੋ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਅਤਿਅੰਤ ਦੁਰੂਦ ਭੇਜੋ । | 31 |
| 10. | ਦੂਜਿਆਂ ਦੇ ਜਜ਼ਬਿਆਂ ਨਾਲ ਖੇਡਣਾ ਨ ਤਾਂ ਲੋਕਤੰਤਰ ਹੈ ਅਤੇ ਨ ਹੀ ਜ਼ਮੀਰ ਦੀ ਆਜ਼ਾਦੀ । | 32 |
| 11. | ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਤੌਹੀਨ | 33 |

| | | |
|---|---|---|
| | ਉਪੱਰ ਆਧਾਰਤ ਹਰਕਤਾਂ ਇਲਾਹੀ ਪ੍ਰਕੋਪ ਨੂੰ ਭੜਕਾਉਣ ਦਾ ਸਬਬ ਹਨ। | |
| 12. | ਇਸ ਅਵਸਥਾ ਵਿੱਚ ਅਹਮਦੀ ਦੀ ਪ੍ਰਤੀਕ੍ਰਿਆ ਕੀ ਹੋਣੀ ਚਾਹੀਦੀ ਹੈ? | 34 |
| 13. | ਗ਼ੈਰ ਮੁਸਲਮਾਨਾਂ ਨਾਲ ਚੰਗੇ ਵਰਤਾਓ ਬਾਰੇ ਇਸਲਾਮ ਦੀ ਸੁੰਦਰ ਸਿੱਖਿਆ । | 35 |
| 14. | ਮੱਕੇ ਦੇ ਕੁਫ਼ੱਾਰ ਅਤੇ ਇਸਲਾਮ ਦੇ ਦੁਸ਼ਮਨਾ ਦੀਆਂ ਵਿਧੀਕੀਆਂ ਦੇ ਟਾਕਰੇ 'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਮਹਾਨ ਉਪਕਾਰ । | 36 |
| 15. | ਇਸਲਾਮ ਤਲਵਾਰ ਦੇ ਜ਼ੋਰ ਨਾਲ ਨਹੀਂ ਸਗੋਂ ਚੰਗੇ ਆਚਰਣ ਅਤੇ ਵਿਚਾਰਾਂ ਤੇ ਧਰਮ ਦੀ ਆਜ਼ਾਦੀ ਦੀ ਸਿੱਖਿਆ ਕਰਕੇ ਫ਼ੈਲਿਆ ਹੈ । | 40 |
| 16. | ਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨਿਆ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਅਨਮੋਲ ਮਾਪਦੰਡ । | 41 |
| 17. | ਮਨੁੱਖੀ ਕਦਰਾਂ ਨੂੰ ਕਾਇਮ ਕਰਨ ਅਤੇ ਧਾਰਮਕ ਮਿਲਵਰਤਨ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਅਦੁੱਤੀ ਅਮਲੀ ਨਮੂਨਾ । | 51 |
| 18. | ਹਜ਼ਰਤ ਮੁਹਮੱਦ[ਸ ਅ ਵ] ਦਾ ਮਦੀਨੇ ਦੇ ਯਹੂਦੀਆਂ ਨਾਲ ਅਮਨ ਦਾ ਸਮਝੌਤਾ । | 53 |
| 19. | ਧਰਮ ਦੀ ਆਜ਼ਾਦੀ ਤੇ ਨਜਰਾਨ ਵਾਸੀਆਂ ਲਈ ਅਮਨ ਦਾ ਪੱਤਰ । | 56 |
| 20. | ਅਮਨ ਦੀ ਸਥਾਪਨਾ ਅਤੇ ਭੁਲੇਖਿਆਂ ਨੂੰ ਦੂਰ ਕਰਨ ਲਈ ਬਾਨੀ ਜਮਾਤ ਅਹਮਦੀਆ ਦੀ ਸਿੱਖਿਆ ਅਤੇ ਵਿਓਂਤ । | 61 |
| 21. | ਹਰ ਇਕ ਲਈ ਸਦਭਾਵਨਾ ਹੀ ਮਨੁੱਖਤਾ ਹੈ । | 63 |

| | | |
|---|---|---|
| 22. | ਕਿਸੇ ਮਕਬੂਲ ਪੈਗ਼ੰਬਰ ਅਤੇ ਮਕਬੂਲ ਇਲਹਾਮੀ ਕਿਤਾਬ ਦੀ ਤੌਹੀਨ ਨ ਕੀਤੀ ਜਾਵੇ । | 64 |
| 23. | ਸੁਲਾਹ (ਮਿਲਵਰਤਨ) ਵਿੱਚ ਭਲਾਈ ਹੈ । | 66 |
| 24. | ਧਰਮ ਦਾ ਮੂਲ ਮੰਤਵ | 67 |
| 25. | ਤੌਬਾ ਕਰੋ ਤਾਂ ਜੋਂ ਆਫ਼ਤਾਂ ਤੋਂ ਬਚੋ । | 69 |
| 26. | ਇਸਲਾਮ ਦੀ ਗੁੰਮ ਹੋਈ ਮਹਾਨਤਾ ਦੀ ਮੁੜ ਸਥਾਪਨਾ ਲਈ ਅਵਸ਼ ਹੈ ਕਿ ਮਸੀਹ ਮਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਭਾਗ ਲੈਕੇ ਜਤਨ ਕੀਤਾ ਜਾਵੇ। | 72 |
| 27. | ਵਿਸ਼ਵਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਵਰਤਮਾਨ ਪੰਜਵੇਂ ਰੂਹਾਨੀ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਦੇ 21 ਸਤੰਬਰ 2012 ਈ. ਦੇ ਜੁੱਮੇ ਦੇ ਖ਼ੁਤਬੇ ਅਤੇ ਪ੍ਰੈਸ ਕਾਨਫ਼੍ਰੰਸ ਉਪੱਰ ਅੰਤਰ ਰਾਸ਼ਟਰੀ ਮੀਡੀਆ ਦੇ ਤਬਸਰੇ । | 77 |
| 28. | ਇਸਲਾਮ ਦੇ ਬਾਨੀ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਬਾਰੇ ਰਹਿਨੁਮਾਵਾਂ, ਇਤਿਹਾਸਕਾਰਾਂ, ਵਿਆਖ਼ਿਆਕਾਰਾਂ ਅਤੇ ਸਲਾਹਕਾਰਾਂ ਦੇ ਕੁਝ ਕਥਨ । | 101 |

# ਮੁੱਖ ਬੰਦ

ਅਰੰਭ ਤੋਂ ਹੀ ਦੁਨੀਆ ਦਾ ਇਹ ਵਤੀਰਾ ਰਿਹਾ ਹੈ ਕਿ ਰੱਬ ਦੇ ਭੇਜੇ ਹੋਏ ਫ਼ਰਸਤਾਦਿਆਂ, ਰਸੂਲਾਂ, ਸੁਧਾਰਕਾਂ ਤੇ ਅਵਤਾਰਾਂ ਦੇ ਟਾਕਰੇ ਲਈ ਇਕ ਧੜਾ ਅਜਿਹਾ ਖੜਾ ਹੋ ਜਾਂਦਾ ਹੈ ਜੋ ਇਹਨਾਂ ਦੇ ਖ਼ਿਲਾਫ਼ ਬੇ ਬੁਨਿਆਦ ਗੱਲਾ ਫ਼ੈਲਾਕੇ ਫ਼ਸਾਦ ਮਚਾਉਣ ਦਾ ਜਤਨ ਕਰਦਾ ਰਿਹਾ ਹੈ । ਅਲੱਾਹ ਤਆਲਾ ਨੇ ਵੱਖ ਵੱਖ ਨਬੀਆਂ (ਭੇਜੇ ਹੋਏ ਸੁਧਾਰਕਾਂ) ਦਾ ਵਰਨਣ ਕੁਰਆਨ ਕਰੀਮ ਵਿੱਚ ਕੀਤਾ ਹੈ ਅਤੇ ਵਿਰੋਧੀਆਂ ਦੀਆਂ ਹਰਕਤਾਂ ਬਾਰੇ ਵੀ ਵਿਸਥਾਰ ਨਾਲ ਵਰਨਣ ਕਰਨ ਉਪਰੰਤ ਉਹਨਾਂ ਦੇ ਮਾੜੇ ਸਿੱਟਿਆਂ ਦਾ ਵੀ ਸਪਸ਼ਟ ਵਰਨਣ ਕੀਤਾ ਹੈ । ਪਹਿਲੇ ਨਬੀਂ ਤਾਂ ਕੇਵਲ ਇਕ ਵਿਸ਼ੇਸ਼ ਸਮੇਂ ਲਈ ਨਿਰਧਾਰਤ ਹੋਏ ਸਨ । ਇਸ ਲਈ ਉਹਨਾਂ ਦੇ ਵਿਰੁਧ ਮਨਸੂਬੇ ਵੀ ਉਸੇ ਸਮੇਂ ਤੱਕ ਸੀਮਤ ਰਹੇ । ਪਰ ਕਿਉਂਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਸਰੀਆਂ ਕੌਮਾਂ ਅਤੇ ਸਾਰੇ ਯੁਗਾਂ ਲਈ ਨਬੀ ਬਣਾ ਕੇ ਭੇਜੇ ਗਏ ਹਨ । ਇਸ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਖ਼ਿਲਾਫ਼ ਸਾਜ਼ਸ਼ਾਂ ਤੇ ਉਪਦੱਰ ਵੀ ਰਹਿੰਦੀ ਦੁਨੀਆਂ ਤੱਕ ਸਿਰ ਚੁਕੱਦੇ ਰਹਿੰਦੇ ਹਨ ਅਤੇ ਚੁਕੱਦੇ ਰਹਿਣਗੇ । ਸੋ, ਉਹਨਾਂ ਦਾ ਪ੍ਰਗਟਾਵਾਂ ਕਦੇ ਮੁਸੈਲਮਾ ਕਜ਼ੱਾਬ ਅਦਿ ਦੇ ਰੂਪ ਵਿੱਚ ਹੋਇਆ ਅਤੇ ਕਦੇ ਰੰਗੀਲਾ ਰਸੂਲ ਨਾਂ ਦੀ ਪੁਸਕਤ ਦੇ ਰੂਪ ਵਿੱਚ ਜਾਂ ਕਦੇ ਸਟੈਨਿਕ ਵਰਸਜ਼ (Satanic Verses) ਨਾਂ ਦੀ ਕਿਤਾਬ ਦੇ ਰੂਪ ਵਿੱਚ ਹੋਇਆ ਅਤੇ ਕਦੇ ਉਹਨਾਂ ਨੇ ਦਿਲ ਦੁਖਾਉਣ ਵਾਲੇ ਕਾਰਟੂਨਾ ਦਾ ਰੂਪ ਧਾਰ ਲਿਆ । ਹੁਣ ਇਸ ਦਾ ਪ੍ਰਗਟਾ ਇੰਨੋਸੈਂਸ ਆਫ਼ ਮੁਸਲਿਮਸ (Innocence of Muslims) ਫ਼ਿਲਮ ਦੇ ਰੂਪ ਵਿੱਚ ਹੋਇਆ ਹੈ ।

ਅਲੱਾਹ ਤਆਾਲਾ ਅਜਿਹੇ ਸਮੇਂ ਮੋਮਿਨਾਂ (ਭਲੇ ਪੁਰਖਾਂ) ਦੀ ਪ੍ਰੀਖਿਆ ਵੀ ਲਿਆ ਕਰਦਾ ਹੈ ਕਿ ਉਹ ਕੀ ਪ੍ਰਤੀਕਰਮ ਦਿਖਾਉਂਦੇ ਹਨ । ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਕੁਰਆਨ ਕਰੀਮ ਅਤੇ ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਅਤੇ ਅਹਮਦੀਆ ਮੁਸਲਿਮ ਜਮਾਤ ਦੇ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਦੀ ਸਿੱਖਿਆਵਾਂ ਦੇ ਚਾਨ੍ਹਣੇ ਵਿੱਚ ਇਸ ਦਸ਼ਾ ਦੀ ਛਾਨਬੀਨ ਕਰਦਿਆਂ ਹੋਇਆਂ ਇਸ ਗੱਲ'ਤੇ ਵਿਸਥਾਰ ਨਾਲ ਆਪਣੇ ਜੁੱਮੇ ਦੇ ਖ਼ੁਤਬਿਆਂ ਤੇ ਭਾਸ਼ਣਾ ਵਿੱਚ ਚਾਨ੍ਹਣਾ ਪਾਇਆ ਹੈ । ਜਿਸਨੂੰ ਹੱਥਲੀ ਪੁਸਤਕ ਵਿੱਚ ਪ੍ਰਸਤੁਤ ਕੀਤਾ ਜਾ ਰਿਹਾ ਹੈ ।

ਅਲੱਾਹ ਤਆਾਲਾ ਅੱਗੇ ਅਰਜ਼ੋਈ ਹੈ ਕਿ ਅਸੀਂ ਇਸ ਹਕੀਕੀ ਚਾਨ੍ਹਣੇ ਨੂੰ ਦੁਨੀਆਂ ਦੇ ਸਾਹਮਣੇ ਛੇਤੀ ਤੋਂ ਛੇਤੀ ਪਹੁੰਚਾਉਣ ਵਾਲੇ ਬਣੀਏ ਤਾਂ ਜੋ ਸਾਰਾ ਸੰਸਾਰ ਇਸ ਚਾਨ੍ਹਣੇ ਤੋਂ ਪ੍ਰਕਾਸ਼ਮਈ ਹੋ ਜਾਵੇ ਅਤੇ ਹਰ ਪਾਸੇ ਅਮਨ ਤੇ ਸ਼ਾਂਤੀ ਦਾ ਪਸਾਰਾ ਹੋਵੇ ਅਤੇ ਅਸੀਂ ਇਸ ਧਰਤੀ ਉਪੱਰ ਵੀ ਵਾਸਤਵਿਕ ਸਵਰਗਾਂ ਦਾ ਦ੍ਰਿਸ਼ ਦੇਖ ਸਕੀਏ । ਆਮੀਨ । ਰੱਬ ਇਸਨੂੰ ਪ੍ਰਵਾਨ ਕਰੇ ।


ਮੁਨੀਰੁੱਦੀਨ ਸ਼ਮਸ਼
ਐਡਿਸ਼ਨਲ ਵਕੀਲੁਤੱਸਨੀਫ਼
ਲੰਦਨ

ਦਸੰਬਰ 2012

## ਬਿਸਮਿਲੱਾ ਹਿਰੱਹਮਾ ਨਿਰੱਹੀਮ

ਪੰਜਵੇਂ ਰੂਹਾਨੀ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਇਮਾਮ ਜਮਾਤ ਅਹਮਦੀਆ ਨੇ ਆਪਣੇ ਜੁੱਮੇ ਦੇ ਖ਼ੁਤਬੇ (ਭਾਸ਼ਣ) ਵਿੱਚ ਮਿਤੀ 28 ਸਤੰਬਰ 2012 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਸੱਰੇ, ਲੰਡਨ ਵਿੱਚ ਫ਼ਰਮਾਇਆ ਕਿ :

"ਬੀਤੇ ਜੁੱਮੇ ਨੂੰ ਜੱਦ ਮੈਂ ਇੱਥੇ ਮਸਜਿਦ ਵਿੱਚ ਜੁੱਮਾ ਪੜ੍ਹਾਉਣ ਆਇਆ ਸੀ ਤਾਂ ਕਾਰ ਤੋਂ ਉਤਰਦਿਆਂ ਹੀ ਮੈਂ ਦੇਖ਼ਿਆ ਕਿ ਇਕ ਵੱਡੀ ਗਿਣਤੀ ਪਤੱਰਕਾਰਾਂ ਦੀ ਸਾਹਮਣੇ ਖੜੀ ਸੀ । ਮੇਰੇ ਪੁਛੱਣ'ਤੇ ਅਮੀਰ ਸਾਹਬ ਨੇ ਮੈਨੂੰ ਦੱਸਿਆ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਬਾਰੇ ਅਮਰੀਕਾ ਵਿੱਚ ਜੋ ਅਤਿਅੰਤ ਦਿਲ ਦੁਖਾਉਣ ਵਾਲੀ ਫ਼ਿਲਮ ਬਣਾਈ ਗਈ ਹੈ, ਉਸ'ਤੇ ਮੁਸਲਮਾਨਾਂ ਵਿੱਚ ਜੋ ਪ੍ਰਤੀਕ੍ਰਿਆ ਹੋ ਰਹੀ ਹੈ, ਉਸ ਸੰਬੰਧ ਵਿੱਚ ਇਹ ਲੋਕ ਦੇਖਣ ਆਏ ਹਨ ਕਿ ਅਹਮਦੀਆਂ ਦੀ ਪ੍ਰਤੀਕ੍ਰਿਆ ਕੀ ਹੈ । ਮੈਂ ਕਿਹਾ ਠੀਕ ਹੈ । ਇਹਨਾਂ ਨੂੰ ਕਹੋ ਕਿ ਮੈਂ ਇਸੇ ਵਿਸ਼ੇ ਉਪੱਰ ਖ਼ੁਤਬਾ (ਭਾਸ਼ਣ) ਦੇਣਾ ਹੈ ਅਤੇ ਅਹਮਦੀਆਂ ਦੀ ਜੋ ਪ੍ਰਤੀਕ੍ਰਿਆ ਹੈ ਉੱਥੇ ਹੀ ਵਰਨਣ ਕਰਾਂਗਾ । ਇਹ ਵੀ ਰੱਬ ਦੇ ਹੀ ਕੰਮ ਹਨ ਕਿ ਐਨ੍ਹੀ ਵੱਡੀ ਗਿਣਤੀ ਵਿੱਚ ਮੀਡੀਆ ਦੇ ਲੋਕਾਂ ਨੂੰ ਖਿੱਚਕੇ ਏਧਰ ਲਿਆਇਆ ਅਤੇ ਫਿਰ ਮੇਰੇ ਮਨ ਵਿੱਚ ਵੀ ਪਾਇਆ ਕਿ ਮੈਂ ਵੀ ਇਸੇ ਵਿਸ਼ੇ ਉਪੱਰ ਕੁਝ ਆਖਾਂ ।

ਅਖ਼ਬਾਰੀ ਪਤੱਰਕਾਰਾਂ ਤੋਂ ਬਿਨਾਂ ਟੀਵੀ ਚੈਨਲਾਂ ਦੇ ਨੁਮਾਇੰਦੇ ਵੀ ਸਨ ਜਿੰਨ੍ਹਾ ਵਿੱਚ ਨਿਊਜ਼ ਨਾਈਟ ਜੋ ਬੀ ਬੀ ਸੀ ਹੇਠ ਕੰਮ ਕਰਦਾ ਹੈ, ਇਸੇ ਪ੍ਰਕਾਰ ਬੀ ਬੀ ਸੀ ਦਾ ਨੁਮਾਇੰਦਾ, ਨਿਊਜ਼ੀਲੈਂਡ ਨੈਸ਼ਨਲ ਟੈਲੀਵੀਜ਼ਨ ਦਾ ਨੁਮਾਇੰਦਾ, ਫ਼੍ਰਾਂਸ ਦੇ ਟੈਲੀਵੀਜ਼ਨ ਦਾ ਨੁਮਾਇੰਦਾ ਅਤੇ ਹੋਰ ਅਨੇਕਾਂ ਹੀ ਨੁਮਾਇੰਦੇ ਸ਼ਾਮਲ ਸਨ । ਨਿਊਜ਼ੀਲੈਂਡ ਦਾ ਨੁਮਾਇੰਦਾ ਜੋ ਮੇਰੇ ਸੱਜੇ ਪਾਸੇ ਬੈਠਾ ਸੀ, ਉਸ ਨੂੰ ਪਹਿਲਾਂ ਮੌਕਾ ਮਿਲ ਗਿਆ, ਉਸ ਨੇ ਇਹੋ ਪ੍ਰਸ਼ਨ ਕੀਤਾ ਕਿ ਆਪ ਕੀ ਸੰਦੇਸ਼ ਦੇਣਾ ਚਾਹੁੰਦੇ ਹੋ । ਮੈਂ ਉਸ ਨੂੰ ਕਿਹਾ ਕਿ ਸੰਦੇਸ਼ ਤੁਸੀਂ

ਸੁਣ ਚੁਕੇ ਹੋ । ਉਹ ਖ਼ੁਤਬੇ ਦੀ ਰੀਕਾਰਡਿੰਗ ਸੁਣ ਰਹੇ ਸਨ ਅਤੇ ਅਨੁਵਾਦ ਵੀ ਸੁਣ ਰਹੇ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਬੁਲੰਦ ਮਰਤਬੇ ਬਾਰੇ ਮੈਂ ਦੱਸ ਚੁੱਕਿਆ ਹਾਂ ਕਿ ਆਪਦਾ ਬਹੁਤ ਬੁਲੰਦ ਮੁਕਾਮ ਤੇ ਮਰਤਬਾ ਹੈ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਦਾ ਆਚਰਣ ਹਰ ਮੁਸਲਮਾਨ ਲਈ ਪੈਰ੍ਹਵੀ ਯੋਗ ਹੈ । ਮੁਸਲਮਾਨਾ ਦੀ ਪ੍ਰਤੀਕ੍ਰਿਆ ਦੁੱਖ ਤੇ ਗੁਸੱਾ ਹੈ ਉਹ ਇਕ ਪੱਖੋਂ ਤਾਂ ਠੀਕ ਹੈ ਕਿ ਪੈਦਾ ਹੋਣਾ ਚਾਹੀਦਾ ਸੀ, ਭਾਂਵੇਂ ਕਈ ਥਾਈਂ ਉਸ ਦਾ ਪ੍ਰਗਟਾਵਾ ਗਲਤ ਢੰਗ ਨਾਲ ਹੋ ਰਿਹਾ ਹੈ । ਸਾਡੇ ਮਨਾਂ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਜੋ ਮੁਕਾਮ ਹੈ ਉਸ ਤੱਕ ਦੁਨੀਆਂ ਦੀ ਨਜ਼ਰ ਨਹੀਂ ਪਹੁੰਚ ਸਕਦੀ । ਇਸ ਲਈ ਦੁਨੀਆਦਾਰ ਨੂੰ ਇਹ ਅਹਿਸਾਸ ਨਹੀਂ ਹੈ ਕਿ ਕਿਸ ਹੱਦ ਤੱਕ ਅਤੇ ਕਿਵੇਂ ਇਹਨਾਂ ਗੱਲਾਂ ਤੋਂ ਸਾਨੂੰ ਦੁੱਖ ਪਹੁੰਚਿਆ ਹੈ । ਅਜਿਹੀਆਂ ਹਰਕਤਾਂ ਦੁਨੀਆ ਦਾ ਅਮਨ ਨਸ਼ਟ ਕਰਦੀਆਂ ਹਨ । ਨਿਊਜ਼ੀਲੈਂਡ ਦੇ ਇਕ ਨੁਮਾਇੰਦੇ ਦਾ ਇਸ ਗੱਲ ਉਪੱਰ ਜ਼ੋਰ ਸੀ ਕਿ ਤੁਸੀਂ ਕਰੜੇ ਸ਼ਬਦਾਂ ਵਿੱਚ ਕਿਹਾ ਹੈ ਕਿ ਇਹ ਲੋਕ ਨਰਕ ਵਿੱਚ ਜਾਣਗੇ । ਇਹ ਤਾਂ ਬਹੁਤ ਕਰੜੇ ਸ਼ਬਦ ਹਨ ਅਤੇ ਤੁਸੀਂ ਵੀ ਇਹਨਾਂ ਲੋਕਾਂ ਵਿੱਚ ਸ਼ਾਮਲ ਹੋ ਗਏ ਹੋ । ਸ਼ਬਦ ਤਾਂ ਇਹ ਨਹੀਂ ਸਨ ਪਰ ਟੋਨ (Tone) ਤੋਂ ਇਹੋ ਅਰਥ ਲੱਗ ਰਿਹਾ ਸੀ । ਕਿਉਂਕਿ ਉਹ ਵਾਰ ਵਾਰ ਇਸ ਪ੍ਰਸ਼ਨ ਨੂੰ ਦੁਹਰਾ ਰਿਹਾ ਸੀ । ਉਸਨੂੰ ਮੈਂ ਕਿਹਾ ਕਿ ਅਜਿਹੇ ਲੋਕ ਜੋ ਅਲੱਾਹ ਦੇ ਪਿਆਰਿਆਂ ਬਾਰੇ ਅਜੀਹੀਆਂ ਗੱਲਾਂ ਕਰਨ, ਓਹਨਾਂ ਦਾ ਠੱਠਾ ਹਾਸਾ ਕਰਨ ਦਾ ਜਤਨ ਕਰਨ ਅਤੇ ਕਰਦੇ ਜਾਣ , ਫਿਰ ਕਿਸੇ ਦੇ ਸਮਝਾਉਣ ’ਤੇ ਵੀ ਨ ਮੁੜ੍ਹਨ ਅਤੇ ਤਮਸਖ਼ਰੀ ਤੇ ਹਾਸੇ ਤੋਂ ਬਾਜ਼ ਨ ਆਉਣ ਤਾਂ ਰੱਬ ਦੀ ਵੀ ਇਕ ਤਕਦੀਰ ਹੈ ਉਹ ਚੱਲ ਪੈਂਦੀ ਹੈ ਅਤੇ ਅਜ਼ਾਬ (ਦੁੱਖ) ਵੀ ਆ ਸਕਦਾ ਹੈ ਅਤੇ ਰੱਬ ਫ਼ੜਦਾ ਵੀ ਅਜਿਹੇ ਲੋਕਾਂ ਨੂੰ......

ਅਸੀਂ ਤਸ਼ਦੁੱਦ ਪਸੰਦ ਮੁਜ਼ਾਹਿਰਿਆਂ ਤੇ ਤੋੜ ਫੋੜ ਨੂੰ ਪਸੰਦ ਨਹੀ ਕਰਦੇ ਅਤੇ ਤੁਸੀਂ ਵੀ ਕਿਸੇ ਅਹਮਦੀ ਨੂੰ ਨਹੀਂ ਦੇਖੋਗੇ ਕਿ ਇਸ ਪ੍ਰਕਾਰ ਦੇ ਫ਼ਸਾਦਾਂ ਅਤੇ ਉਪਦੱਰ ਮਚਾਉਣ ਵਾਲੀਆਂ ਪ੍ਰਤੀਕ੍ਰਿਆਵਾਂ ਦਾ ਭਾਗ ਹੋਣ ।

ਖ਼ਬਰਾਂ ਪੜ੍ਹਨ ਵਾਲੇ ਨੇ ਮੇਰਾ ਇਹ ਉਤੱਰ ਦਿਖਾ ਕੇ ਫਿਰ ਵਿਸਥਾਰ ਕੀਤਾ ਕਿ ਇਹ ਜਮਾਤ ਮੁਸਲਮਾਨਾਂ ਦੀ ਅਲਪ ਸੰਖਿਅਕ ਜਮਾਤ ਹੈ ਅਤੇ ਇਹਨਾਂ ਨਾਲ ਵੀ ਮੁਸਲਮਾਨਾਂ ਵੱਲੋਂ ਚੰਗਾ ਵਰਤਾਓ ਨਹੀਂ ਹੁੰਦਾ । ਬਹਿਰਹਾਲ ਦੇਖਦੇ ਹਾਂ ਕਿ ਇਹ ਸੰਦੇਸ ਜੋ ਇਹਨਾਂ ਦੇ ਖ਼ਲੀਫਾ ਨੇ ਦਿੱਤਾ ਹੈ, ਇਸ ਦੇ ਸਵਰ ਤੇ ਸੰਦੇਸ਼ ਦਾ ਅਹਮਦੀ ਮੁਸਲਮਾਨਾਂ ਤੋਂ ਬਿਨਾਂ ਹੋਰਨਾ ਮੁਸਲਮਾਨਾਂ ਉਪੱਰ ਵੀ ਕੋਈ ਪ੍ਰਭਾਵ ਹੁੰਦਾ ਹੈ ਜਾਂ ਨਹੀਂ ? ......

ਨਿਊਜ਼ ਨਾਈਟ ਜੋ ਇੱਥੋਂ ਦਾ ਚੈਨਲ ਹੈ, ਉਸਦਾ ਨੁਮਾਇੰਦਾ ਆਖਣ ਲੱਗਾ ਕਿ ਮੈਂ ਇਹ ਫ਼ਿਲਮ ਦੇਖੀ ਹੈ, ਇਸ ਵਿੱਚ ਤਾਂ ਕੋਈ ਅਜਿਹੀ ਗੱਲ ਨਹੀਂ, ਜਿਸ 'ਤੇ ਐਨ੍ਹਾ ਰੌਲ੍ਹਾ ਪਾਇਆ ਜਾਵੇ ਅਤੇ ਮੁਸਲਮਾਨ ਇਸ ਪ੍ਰਕਾਰ ਪ੍ਰਤੀਕ੍ਰਿਆ ਵਿਖਾਉਣ ਅਤੇ ਤੁਸੀਂ ਵੀ ਇਸ ਉਪੱਰ ਵਿਸਥਾਰ ਨਾਲ ਖੁਤਬਾ (ਭਾਸ਼ਣ) ਦੇ ਦਿੱਤਾ ਹੈ ਅਤੇ ਕਈ ਥਾਈਂ ਬਹੁਤ ਕਰੜੇ ਸਬਦਾਂ ਵਿੱਚ ਰੱਦ ਕੀਤਾ ਹੈ ਇਹ ਤਾਂ ਹੌਲ੍ਹੀ ਜਿਹਾ ਮਖ਼ੌਲ ਸੀ । (ਇੰਨਾ ਲਿਲੱਾਹ) ਇਹ ਤਾਂ ਉਹਨਾਂ ਲੋਕਾਂ ਦੇ ਆਚਰਣਕ ਮਿਆਰ ਦੀ ਅਵਸਥਾ ਹੈ ਮੈਂ ਉਸਨੂੰ ਕਿਹਾ ਕਿ ਪਤਾ ਨਹੀਂ ਤੁਸੀਂ ਕਿਵੇਂ ਦੇਖਿਆ ਅਤੇ ਤੁਹਾਡਾ ਮਿਆਰ ਕੀ ਹੈ ? ਤੁਸੀਂ ਉਸ ਮੁਕਾਮ ਨੂੰ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਮੁਸਲਮਾਨਾਂ ਦੀ ਦ੍ਰਿਸਟੀ ਵਿੱਚ ਹੈ, ਉਹਨਾਂ ਦੇ ਦਿਲ ਵਿੱਚ ਹੈ ਅਤੇ ਉਸ ਪ੍ਰੇਮ ਨੂੰ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਇਕ ਮੁਸਲਮਾਨ ਦੇ ਦਿਲ ਵਿੱਚ ਹੈ ਤੁਸੀਂ ਨਹੀਂ ਸਮਝ ਸਕਦੇ । ਮੈਂ ਉਸ ਨੂੰ ਦੱਸਿਆ ਕਿ ਮੈਂ ਫ਼ਿਲਮ ਤਾਂ ਨਹੀਂ ਦੇਖੀ ਪਰ ਇਕ ਦੋ ਗੱਲਾਂ ਜਿਸ ਦੇਖਣ ਵਾਲੇ ਨੇ ਮੈਂਨੂੰ ਦੱਸੀਆਂ ਹਨ, ਉਹ ਝਲੱਣ ਯੋਗ ਨਹੀਂ ਹਨ ਅਤੇ ਤੁਸੀਂ ਕਹਿੰਦੇ ਹੋ ਕਿ ਅਜਿਹੀ ਕੋਈ ਗੱਲ ਨਹੀਂ ਹੈ ਇਹ ਗੱਲਾਂ ਸੁਣ ਕੇ ਤਾਂ ਮੈਂ ਕਦੇ ਵੀ ਫ਼ਿਲਮ ਦੇਖਣ ਦੀ ਜੁਰੱਤ ਨਹੀਂ ਕਰ ਸਕਦਾ ਇਸ ਵਿੱਚ ਜੋ ਗੱਲਾਂ ਵਰਨਣ ਕੀਤੀਆਂ ਗਈਆਂ ਹਨ, ਉਹਨਾਂ ਨੂੰ ਸੁਣ ਕੇ ਹੀ ਖ਼ੂਨ ਉਬੱਲਦਾ ਹੈ । ਮੈਂ ਉਸਨੂੰ ਕਿਹਾ ਤੁਹਾਡੇ ਬਾਪ ਨੂੰ ਜੇਕਰ ਕੋਈ ਗਾਲ੍ਹ ਕੱਢੇ, ਬੁਰਾ ਭਲਾ ਆਖੇ, ਅਸ਼ਲੀਲਤਾ ਭਰੀਆਂ ਗੱਲਾਂ ਆਖੇ ਤਾਂ ਉਸ ਬਾਰੇ ਤੁਹਾਡੀ ਕੀ ਪ੍ਰਤੀਕ੍ਰਿਆ ਹੋਵੇਗੀ? ਤੁਸੀਂ ਕੀ ਪ੍ਰਤੀਕ੍ਰਿਆ

ਦਿਖਾਓਗੇ ? ਇਹ ਦੱਸੋਗੇ ਕਿ ਠੀਕ ਹੈ ਕਿ ਨਹੀਂ? ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਸਥਾਨ ਤਾਂ ਇਕ ਮੁਸਲਮਾਨ ਦੀ ਦ੍ਰਿਸ਼ਟੀ ਵਿੱਚ ਇਸ ਤੋਂ ਬਹੁਤ ਉਪੱਰ ਹੈ, ਇਸ ਥਾਂ ਤੱਕ ਕੋਈ ਨਹੀਂ ਪਹੁੰਚ ਸਕਦਾ ।

ਇਹ ਲੋਕ ਤਾਂ ਆਪਣੀਆਂ ਹਰਕਤਾਂ ਤੋਂ ਨਹੀਂ ਮੁੜਦੇ ਅਤੇ ਨ ਹੀ ਮੁੜਨਗੇ । ਸਧਾਰਨਤਾ ਮੁਸਲਮਾਨ ਜੋ ਪ੍ਰਤੀਕ੍ਰਿਆ ਦਿਖਾ ਰਹੇ ਹਨ, ਉਸ ਨੂੰ ਲੈਕੇ ਇਉਂ ਲਗਦਾ ਹੈ ਕਿ ਇਹ ਲੋਕ ਸਾਡੇ ਮਨਾਂ ਨੂੰ ਹੋਰ ਵੀ ਵਲੂੰਧਰਨ ਲਈ ਤਿਆਰ ਬਰ ਤਿਆਰ ਹਨ । ਆਪਣੀਆਂ ਨਾਪਾਕ ਹਰਕਤਾਂ ਨੂੰ ਇਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਫੈਲਾਉਂਦੇ ਜਾ ਰਹੇ ਹਨ । ਹੁਣ ਦੋ ਦਿਨ ਪਹਿਲਾਂ ਸਪੇਨ ਦੇ ਕਿਸੇ ਅਖ਼ਬਾਰ ਨੇ ਵੀ ਇਹ ਚਿਤੱਰ ਬਣਾਏ ਸਨ ਅਤੇ ਪ੍ਰਕਾਸ਼ਤ ਕੀਤੇ ਹਨ ਅਤੇ ਕਿਹਾ ਹੈ ਕਿ ਇਹ ਤਾਂ ਮਖ਼ੌਲ ਹੈ ਅਤੇ ਇਹ ਮੁਸਲਮਾਨਾਂ ਦੀ ਪ੍ਰਤੀਕ੍ਰਿਆ ਦਾ ਉਤੱਰ ਵੀ ਹੈ ।

ਇਸ ਲਈ ਸਾਨੂੰ ਉਹਨਾਂ ਲੋਕਾਂ ਦਾ ਮੂੰਹ ਬੰਦ ਕਰਨ ਲਈ ਅਤੇ ਘੱਟੋ ਘੱਟ ਸ਼ਰੀਫ਼ ਤੇ ਪੜ੍ਹੇ ਲਿਖੇ ਲੋਕਾਂ ਨੂੰ ਦਸੱਣ ਲਈ ਭਰਪੂਰ ਜਤਨ ਕਰਨ ਦੀ ਲੋੜ ਹੈ ਕਿ ਗ਼ਲਤ ਤਰੀਕਾ ਦੁਨੀਆ ਦਾ ਅਮਨ ਬਰਬਾਦ ਕਰ ਰਿਹਾ ਹੈ, ਤਾਂ ਜੋ ਜਿਸ ਹੱਦ ਤੱਕ ਸੰਭਵ ਹੋਵੇ ਇਹਨਾ ਜ਼ਾਲਮਾਨਾ ਰਵਈਏ ਦੀ ਵਾਸਤਵਿਕਤਾ ਤੋਂ ਦੁਨੀਆਂ ਨੂੰ ਜਾਣੂ ਕਰਾ ਸਕੀਏ ......

ਮਲਕਾ ਵਿਕਟੋਰੀਯਾ ਦੀ ਜੱਦ ਡਾਇਮੰਡ ਜੁਬਲੀ ਹੋਈ ਸੀ ਤਾਂ ਉਸ ਸਮੇਂ ਹਜ਼ਰਤ ਮਸੀਹ ਮਉਦ ਅਲੈਹਿ ਸਲਾਮ ਨੇ “ਤੋਹਫ਼ਾ ਕੈਸਰੀਯਾ” ਦੇ ਨਾਂ ਦੀ ਕਿਤਾਬ ਲਿੱਖ ਕੇ ਮਲਕਾ ਵਿਕਟੋਰੀਯਾ ਨੂੰ ਭਿਜਵਾਈ ਸੀ ਜਿਸ ਵਿੱਚ ਜਿੱਥੇ ਮਲਕਾ ਦੀ ਨਿਆਏ ਪਸੰਦ ਹੁਕੂਮਤ ਦੀ ਪ੍ਰਸ਼ੰਸਾ ਕੀਤੀ ਸੀ ਉੱਥੇ ਇਸਲਾਮ ਦਾ ਸੰਦੇਸ਼ ਵੀ ਪਹੁੰਚਾਇਆ ਸੀ । ਦੁਨੀਆ ਵਿੱਚ ਅਮਨ ਸਥਾਪਤ ਕਰਨ ਲਈ ਅਤੇ ਵੱਖ ਵੱਖ ਧਰਮਾ ਦੇ ਆਪੋ ਵਿੱਚ ਸੰਬੰਧਾਂ ਅਤੇ ਧਾਰਮਕ ਬਜ਼ੁਰਗਾਂ, ਵਡੇਰਿਆਂ ਤੇ ਅਵਤਾਰਾਂ ਦੇ ਮਾਣ ਸਮੱਾਨ ਵੱਲ ਧਿਆਨ ਖਿੱਚਿਆ ਸੀ ਅਤੇ ਇਹ ਵੀ ਵਿਸਥਾਰ ਨਾਲ ਦੱਸਿਆ ਸੀ ਕਿ ਅਮਨ ਦੇ ਤਰੀਕੇ ਕੀ ਹੋਣੇ ਚਾਹੀਦੇ ਹਨ । ਹੁਣ ਜੱਦ ਮਲਕਾ ਅਲਿਜ਼ਬੱਥ ਦੀ

ਡਾਇਮੰਡ ਜੁਬਲੀ ਹੋਈ ਹੈ ਤਾਂ 'ਤੋਹਫ਼ਾ ਕੈਸਰੀਯਾ' ਦਾ ਅਨੁਵਾਦ ਪ੍ਰਿੰਟ ਕਰਕੇ ਸੁੰਦਰ ਜਿਲਦ ਵਿੱਚ ਭਿਜਵਾਇਆ ਗਿਆ ਸੀ । ਮਲਕਾ ਦਾ ਜੋ ਸੰਬੰਧਤ ਵਿਭਾਗ ਹੈ ਜਿਸਨੂੰ ਇਹ ਕਿਤਾਬ ਤੋਹਫ਼ੇ ਵੱਜੋਂ ਜਾਕੇ ਦੇ ਦਿੱਤੀ ਗਈ ਸੀ, ਅਤੇ ਨਾਲ ਹੀ ਮੇਰਾ ਪਤੱਰ ਵੀ ਸੀ । ਉਹਨਾ ਵੱਲੋਂ ਮੈਂਨੂੰ ਧੰਨਵਾਦ ਦਾ ਉਤੱਰ ਵੀ ਆਇਆ ਹੈ ਅਤੇ ਇਹ ਵੀ ਕਿ ਮਲਕਾ ਦੀਆਂ ਕਿਤਾਬਾਂ ਦੀ ਜੋ ਕੁਲੈਕਸ਼ਨ ਹੈ ਉੱਥੇ ਰੱਖ ਦਿੱਤੀ ਗਈ ਹੈ ਅਤੇ ਮਲਕਾ ਉਸਨੂੰ ਪੜ੍ਹੇਗੀ । ਬਹਿਰਹਾਲ ਪੜ੍ਹਦੀ ਹੈ ਜਾਂ ਨਹੀਂ, ਸਾਡੀ ਜੋ ਜ਼ਿੰਮੇਵਾਰੀ ਸੀ ਅਸੀਂ ਉਹ ਪੂਰੀ ਕਰਨ ਦਾ ਜਤਨ ਕੀਤਾ ਹੈ।

ਇਸ ਸਮੇਂ ਵੀ ਦੁਨੀਆਂ ਵਿੱਚ ਅਸ਼ਾਂਤੀ ਦੇ ਉਹ ਹਾਲਾਤ ਹਨ ਜੋ ਉਸ ਜ਼ਮਾਨੇ ਵਿੱਚ ਸਨ, ਸਗੋਂ ਕਈ ਪੱਖੋਂ ਉਸ ਤੋਂ ਵੀ ਵੱਧ ਰਹੇ ਹਨ । ਇਹ ਲੋਕ ਇਸਲਾਮ ਉਪੱਰ ਹਮਲਾ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਵਿੱਤਰ ਵਜੂਦ ਉਪੱਰ ਹਮਲਾ ਅਤੇ ਆਪਦਾ ਮਖ਼ੌਲ ਕਰਦੇ ਜਾ ਰਹੇ ਹਨ ਅਤੇ ਬਹੁਤ ਅੱਗੇ ਵੱਧ ਰਹੇ ਹਨ ।.........

## ਦੁਨੀਆ ਵਿੱਚ ਅਮਨ ਸਥਾਪਤ ਕਰਨ ਲਈ ਜ਼ਰੂਰੀ ਹੈ ਕਿ ਰੱਬ ਦੇ ਫ਼ਰਸਤਾਦਿਆਂ ਦਾ ਮਾਨ ਕੀਤਾ ਜਾਵੇ

ਨਬੀ (ਅਵਤਾਰ) ਵੀ ਜੱਦ ਰੱਬ ਵੱਲੋਂ ਸੰਦੇਸ਼ ਲਿਆਉਣ ਦਾ ਦਾਵਾ ਕਰਦੇ ਹਨ ਅਤੇ ਉਹਨਾਂ ਦੀਆਂ ਜਮਾਤਾਂ ਵੀ ਵੱਧ ਰਹੀਆਂ ਹੁੰਦੀਆਂ ਹਨ ਤਾਂ ਇਹ ਗੱਲ ਸਿੱਧ ਕਰਦੀ ਹੈ ਕਿ ਇਹ ਜਮਾਤ ਜਾਂ ਇਹ ਲੋਕ ਰੱਬ ਵੱਲੋਂ ਹਨ । ਇਸ ਲਈ ਰੱਬ ਵੱਲੋਂ ਆਏ ਹੋਇਆਂ ਦਾ ਮਾਣ ਕਰਨਾ ਚਾਹੀਦਾ ਹੈ ਤਾਂ ਜੋ ਦੁਨੀਆ ਵਿੱਚ ਅਮਨ ਸਥਾਪਤ ਰਹੇ । ਇਸ ਸੰਬੰਧ ਵਿੱਚ ਇਕ ਭਾਗ ਜਿਸ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਕਿਵੇਂ ਅਮਨ ਹੋਣਾ ਚਾਹੀਦਾ ਹੈ ਅਤੇ ਨਬੀਆਂ ਦਾ ਸਥਾਨ ਕੀ ਹੁੰਦਾ ਹੈ, ਉਹ ਮੈਂ

ਇਸ ਸਮੇਂ ਪੇਸ਼ ਕਰਦਾ ਹਾਂ । ਆਪ ਫ਼ਰਮਾਉਂਦੇ ਹਨ ਕਿ :-

"ਸੋ, ਇਹੋ ਕਾਨੂਨ ਅਜ਼ਲ ਤੋਂ ਰੱਬ ਦੀ ਮਰਿਆਦਾ ਵਿੱਚ ਦਾਖ਼ਲ ਹੈ।" (ਅਰਥਾਤ ਉਹੋ ਕਾਨੂਨ ਕਿ ਜੇਕਰ ਸੰਸਾਰਕ ਹੁਕੂਮਤਾਂ ਕਿਸੇ ਅਜਿਹੀ ਗੱਲ ਦਾ ਆਪਣੀ ਵੱਲ ਮੜ੍ਹਿਆ ਜਾਣਾ ਸਹਿਨ ਨਹੀਂ ਕਰਦੀਆਂ ਜੋ ਆਖੀਆਂ ਨਹੀਂ ਗਈਆਂ ਤਾਂ ਰੱਬ ਕਿਵੇਂ ਸਹਿਨ ਕਰੇਗਾ ?) ਫ਼ਰਮਾਇਆ, "ਸੋ ਇਹੋ ਕਾਨੂਨ ਰੱਬ ਦੀ ਅਜ਼ਲ ਤੋਂ ਮਰਿਆਦਾ ਵਿੱਚ ਸ਼ਮਾਲ ਹੈ ਕਿ ਉਹ ਨਬੁਵੱਤ ਦਾ ਝੂਠਾ ਦਾਵਾ ਕਰਨ ਵਾਲੇ ਨੂੰ ਢਿੱਲ ਨਹੀਂ ਦਿੰਦਾ, ਸਗੋਂ ਅਜਿਹਾ ਮਨੁੱਖ ਛੇਤੀ ਫੜਿਆ ਜਾਂਦਾ ਹੈ ਅਤੇ ਆਪਣੇ ਦੰਡ ਨੂੰ ਪਹੁੰਚ ਜਾਂਦਾ ਹੈ । ਇਸ ਨਿਯਮ ਦੇ ਪੱਖੋਂ ਸਾਨੂੰ ਚਾਹੀਦਾ ਹੈ ਕਿ ਅਸੀਂ ਉਹਨਾ ਸਾਰਿਆਂ ਨੂੰ ਮਾਣ ਦੀ ਨਿਗਾਹ ਨਾਲ ਦੇਖੀਏ ਅਤੇ ਉਹਨਾ ਨੂੰ ਸੱਚਾ ਜਾਣੀਏ ਜਿੰਨ੍ਹਾ ਨੇ ਕਿਸੇ ਜੁੱਗ ਵਿੱਚ ਨਬੁਵੱਤ ਦਾ ਦਾਵਾ ਕੀਤਾ ਅਤੇ ਫਿਰ ਉਹ ਦਾਵਾ ਉਹਨਾਂ ਦੀ ਜੱੜ੍ਹ ਫੜ ਗਿਆ ਤੇ ਉਹਨਾਂ ਦਾ ਧਰਮ ਦੁਨੀਆ ਵਿੱਚ ਫੈਲ ਗਿਆ, ਪੱਕਿਆਈ ਫੜ ਗਿਆ ਅਤੇ ਇਕ ਲੰਮੀ ਉਮਰ ਭੋਗ ਗਿਆ । ਜੇਕਰ ਅਸੀਂ ਉਹਨਾਂ ਦੇ ਧਰਮ ਦੀਆਂ ਪੁਸਤਕਾਂ ਵਿੱਚ ਗ਼ਲਤੀਆਂ ਵੇਖੀਏ ਜਾਂ ਉਸ ਧਰਮ ਦੇ ਪੈਰੋਕਾਰਾਂ ਨੂੰ ਕੁਰੀਤੀਆਂ ਵਿੱਚ ਗ੍ਰਿੱਸਿਆ ਹੋਇਆ ਅਨੁਭਵ ਕਰੀਏ ਤਾਂ ਸਾਨੂੰ ਨਹੀਂ ਚਾਹੀਦਾ ਕਿ ਉਹ ਸਾਰੇ ਮਲਾਲ (ਉਦਾਸੀਨਤਾ) ਦੇ ਦਾਗ਼ ਉਹਨਾਂ ਧਰਮਾ ਦੇ ਬਾਨੀਆਂ ਉਪੱਰ ਲਾਈਏ । ਕਿਉਂਕਿ ਕਿਤਾਬਾਂ ਦੇ ਅੱਖਰਾਂ ਦੇ ਹੇਰ ਫ਼ੇਰ ਹੋ ਜਾਣਾ ਸੰਭਵ ਹੈ । ਇਜਤਿਹਾਦੀ ਗ਼ਲਤੀਆਂ (ਇਸਲਾਮੀ ਨਿਯਮਾਵਲੀ ਵਿੱਚ ਕੁਰਆਨ ਵ ਹਦੀਸ ਅਤੇ ਇਕੱਠ ਉਪੱਰ ਨਿਰਭਰ ਹੋਕੇ ਵਿਚਾਰ ਚਰਚਾ ਕਰਕੇ ਕਿਸੇ ਮਸਲੇ ਦਾ ਸ਼ਰਈ ਹੱਲ ਲਭੱਣ ਵਿੱਚ ਹੋਈ ਗ਼ਲਤੀ-ਅਨੁਵਾਦਕ) ਦਾ ਵਿਅਖਿਆਵਾਂ ਵਿੱਚ ਦਾਖ਼ਲ ਹੋ ਜਾਣਾ ਸੰਭਵ ਹੈ। ਪਰ ਇਹ ਕਦੇ ਵੀ ਸੰਭਵ ਨਹੀਂ ਕਿ ਕੋਈ ਮਨੁੱਖ ਰੱਬ ਉਪੱਰ ਖੁਲੱਮ ਖੁੱਲਾ ਆਰੋਪ ਲਾਵੇ ਅਤੇ ਆਖੇ ਕਿ ਮੈਂ ਉਸਦਾ ਨਬੀ ਹਾਂ ਅਤੇ ਆਪਣਾ ਕਲਾਮ ਪੇਸ਼ ਕਰਕੇ ਕਹੇ ਕਿ "ਇਹ ਰੱਬ ਦਾ ਕਲਾਮ ਹੈ' । ਜੱਦ ਕਿ ਉਹ ਨ ਨਬੀ ਹੋਵੇ ਅਤੇ ਨ ਹੀ ਉਸਦਾ ਕਲਾਮ ਰੱਬ ਦਾ ਕਲਾਮ ਹੋਵੇ ਅਤੇ ਰੱਬ ਉਸਨੂੰ

ਸੱਚਿਆਂ ਵਾਂਗ ਢਿੱਲ ਦੇਵੇ । (ਇਹ ਸਭ ਕੁਝ ਹੋਵੇ ਅਤੇ ਫਿਰ ਰੱਬ ਉਸਨੂੰ ਸੱਚਿਆਂ ਵਾਂਗ ਢਿੱਲ ਦੇਵੇ ਅਤੇ ਸੱਚਿਆਂ ਵਾਂਗ ਉਸਦੀ ਪ੍ਰਸਿੱਧੀ ਨੂੰ ਫੈਲਾਏ।)''

ਇਸ ਲਈ ਇਹ ਉਸੂਲ ਅਤਿਅੰਤ ਉਚਿਤ, ਮੁਬਾਰਕ ਅਤੇ ਸੁਧਾਰ ਦੀ ਨੀਂਹ ਪਾਉਣ ਵਾਲਾ ਹੈ ਅਸੀਂ ਅਜਿਹੇ ਸਾਰਿਆਂ ਨਬੀਆਂ ਨੂੰ ਸੱਚਾ ਕਰਾਰ ਦੇਈਏ । ਜਿੰਨ੍ਹਾ ਦਾ ਧਰਮ ਜੜ੍ਹ ਫ਼ੜ ਗਿਆ ਹੈ ਅਤੇ ਇਕ ਆਯੂ ਭੋਗ ਗਿਆ ਹੈ ਅਤੇ ਕਰੋੜਾਂ ਹੀ ਲੋਕ ਇਸ ਧਰਮ ਵਿੱਚ ਆ ਗਏ ਹਨ । ਇਹ ਉਸੂਲ ਅਤਿਅੰਤ ਨੇਕ ਉਸੂਲ ਹੈ । ਜੇਕਰ ਇਸ ਉਸੂਲ ਦੀ ਸਾਰੀ ਦੁਨੀਆ ਪਾਬੰਦ ਹੋ ਜਾਵੇ ਤਾਂ ਹਜ਼ਾਰਾਂ ਹੀ ਫ਼ਸਾਦ ਅਤੇ ਧਰਮ ਦੀ ਤੌਹੀਨ ਜੋ ਅਮਨ ਦੇ ਦੁਸ਼ਮਨ ਹਨ ਖ਼ਤਮ ਹੋ ਜਾਣ । ਇਹ ਤਾਂ ਸਪਸ਼ਟ ਹੈ ਕਿ ਜੋ ਲੋਕ ਕਿਸੇ ਧਰਮ ਦੇ ਪ੍ਰੈਰੋਕਾਰਾਂ ਨੂੰ ਇਕ ਅਜਿਹੇ ਮਨੁੱਖ ਦਾ ਪ੍ਰੈਰੋ ਵਿਚਾਰ ਕਰਦੇ ਹਨ ਜੋ ਉਹਨਾ ਦੇ ਵਿਚਾਰ ਅਨੁਸਾਰ ਵਾਸਤਵ ਵਿੱਚ ਝੂਠਾ ਤੇ ਫ਼ਰੇਬੀ ਹੈ ਤਾਂ ਉਹ ਇਸ ਵਿਚਾਰ ਨਾਲ ਅਨੇਕਾਂ ਫਿਤਨੇ ਫ਼ਸਾਦਾਂ ਦੀ ਨੀਂਹ ਪਾਉਂਦੇ ਹਨ ਅਤੇ ਓਹ ਅਵਸ਼ ਹੀ ਤੌਹੀਨ ਦੇ ਜੁਰਮ ਦੇ ਭਾਗੀ ਹੁੰਦੇ ਹਨ ਅਤੇ ਉਸ ਨਬੀ ਦੀ ਸ਼ਾਨ ਤੇ ਮਾਨ ਵਿੱਚ ਅਤਿਅੰਤ ਗ਼ੁਸਤਾਖ਼ੀ ਭਰੇ ਸ਼ਬਦ ਬੋਲਦੇ ਹਨ । ਅਤੇ ਆਪਣੇ ਬੋਲਾਂ ਨੂੰ ਗਾਲ੍ਹਾਂ ਦੀ ਹੱਦ ਤੱਕ ਪਹੁੰਚਾ ਦਿੰਦੇ ਹਨ ਅਤੇ ਸੁਧਾਰ ਤੇ ਮਿਲਵਰਤਨ ਦੇ ਅਮਨ ਵਿੱਚ ਫ਼ਤੂਰ ਪਾਉਂਦੇ ਹਨ ਜੱਦ ਕਿ ਉਹਨਾ ਦਾ ਇਹ ਵਿਚਾਰ ਉਕੱਾ ਹੀ ਗ਼ਲਤ ਹੁੰਦਾ ਹੈ । ਉਹ ਆਪਣੇ ਗ਼ੁਸਤਾਖ਼ਾਨਾ ਬੋਲਾਂ ਵਿੱਚ ਰੱਬ ਦੀ ਨਿਗਾਹ ਵਿੱਚ ਜ਼ਾਲਮ ਹੁੰਦੇ ਹਨ । ਖ਼ੁਦਾ ਜੋ ਕਿ ਰਹੀਮ ਵ ਕਰੀਮ ਹੈ ਓਹ ਕਦੇ ਵੀ ਪਸੰਦ ਨਹੀਂ ਕਰਦਾ ਜੋ ਇਕ ਝੂਠੇ ਨੂੰ ਨਾਹੱਕ ਉਨੱਤੀ ਦੇਕੇ ਅਤੇ ਓਸਦੇ ਧਰਮ ਦੀ ਜੜ੍ਹ ਪੱਕੀ ਕਰਕੇ ਲੋਕਾਂ ਨੂੰ ਧੋਖੇ ਵਿੱਚ ਪਾਵੇ । ਅਤੇ ਨ ਹੀ ਉਚਿਤ ਰੱਖਦਾ ਹੈ ਕਿ ਇਕ ਮਨੁੱਖ ਫ਼ਰੇਬੀ ਤੇ ਝੂਠਾ ਹੁੰਦਿਆਂ ਹੋਇਆਂ ਵੀ ਦੁਨੀਆ ਦੀ ਦ੍ਰਿਸ਼ਟੀ ਵਿੱਚ ਸੱਚੇ ਨਬੀ ਬਰਾਬਰ ਹੋ ਜਾਵੇ ।

ਇਸ ਲਈ ਇਹ ਉਸੂਲ ਅਤਿਅੰਤ ਪਿਆਰਾ ਤੇ ਅਮਨ ਬਖ਼ਸ਼ ਅਤੇ ਮਿਲਵਰਤਨ ਦੀ ਨੀਂਹ ਪਾਉਣ ਵਾਲਾ ਅਤੇ ਆਚਰਣਕ ਅਵਸਥਾਵਾਂ ਦਾ

ਸਹਾਇਕ ਹੈ ਕਿ ਅਸੀਂ ਉਹਨਾਂ ਸਾਰਿਆਂ ਨਬੀਆਂ ਨੂੰ ਸੱਚਾ ਸਮਝ ਲਈਏ ਜੋ ਦੁਨੀਆ ਵਿੱਚ ਆਏ ਹਨ । ਫਿਰ ਭਾਂਵੇਂ ਉਹ ਭਾਰਤ ਵਿੱਚ ਪ੍ਰਗਟ ਹੋਏ ਹੋਣ ਜਾਂ ਫ਼ਾਰਸ ਵਿੱਚ ਜਾਂ ਚੀਨ ਵਿੱਚ ਜਾਂ ਕਿਸੇ ਹੋਰ ਦੇਸ਼ ਵਿੱਚ । ਖ਼ੁਦਾ ਨੇ ਕਰੋੜਾਂ ਹੀ ਦਿਲਾ ਵਿੱਚ ਉਹਨਾਂ ਦਾ ਮਾਨ ਤੇ ਸਮੱਾਨ ਭਰ ਦਿੱਤਾ ਅਤੇ ਉਹਨਾਂ ਦੇ ਧਰਮ ਦੀ ਜੜ੍ਹ ਸਥਾਪਤ ਕਰ ਦਿੱਤੀ । ਕਈ ਸਦੀਆਂ ਤੱਕ ਓਹ ਧਰਮ ਚਲਦਾ ਆਇਆ । ਇਹੋ ਉਸੂਲ ਹੈ ਜੋ ਕੁਰਆਨ ਕਰੀਮ ਨੇ ਸਾਨੂੰ ਸਿਖਾਇਆ ਹੈ । ਇਸੇ ਉਸੂਲ ਦੇ ਪੱਖੋਂ ਅਸੀਂ ਹਰ ਇਕ ਧਰਮ ਦੇ ਪੇਸ਼ਵਾ ਨੂੰ ਜਿਸਦਾ ਜੀਵਨ ਚਰਿਤੱਰ ਇਸ ਪਰਿਭਾਸ਼ਾ ਹੇਠ ਆ ਗਿਆ ਉਸਨੂੰ ਮਾਨ ਦੀ ਦ੍ਰਿਸ਼ਟੀ ਨਾਲ ਦੇਖਦੇ ਹਾਂ । ਫਿਰ ਭਾਂਵੇਂ ਉਹ ਹਿੰਦੂ ਧਰਮ ਦੇ ਪੇਸ਼ਵਾ ਹੋਣ ਜਾਂ ਫਾਰਸੀਆਂ ਦੇ ਧਰਮ ਦੇ ਜਾਂ ਚੀਨੀਆਂ ਦੇ ਧਰਮ ਦੇ ਜਾਂ ਯਹੂਦੀਆਂ ਦੇ ਧਰਮ ਦੇ ਜਾਂ ਈਸਾਈ ਧਰਮ ਦੇ ਜਾਂ ਕਿਸੇ ਹੋਰ ਧਰਮ ਦੇ । ਪਰ ਦੁਖ ਦੀ ਗੱਲ ਹੈ ਕਿ ਸਾਡੇ ਮੁਖ਼ਾਲਫ਼ ਸਾਡੇ ਨਾਲ ਇਹ ਵਰਤਾਵ ਨਹੀਂ ਕਰ ਸਕਦੇ ਅਤੇ ਉਹਨਾ ਨੂੰ ਖ਼ੁਦਾ ਦਾ ਇਹ ਪਾਕ ਅਟਲ ਕਾਨੂਨ ਚੇਤੇ ਨਹੀਂ ਕਿ ਉਹ ਝੂਠੇ ਨਬੀ ਨੂੰ ਬਰਕਤ, ਇਜ਼ੱਤ, ਮਾਨ ਤੇ ਸਮੱਾਨ ਨਹੀਂ ਦਿੰਦਾ ਜੋ ਸੱਚੇ ਨਬੀ ਨੂੰ ਦਿੰਦਾ ਹੈ । ਝੂਠੇ ਨਬੀ ਦਾ ਧਰਮ ਜੜ੍ਹ ਨਹੀਂ ਫੜਦਾ ਅਤੇ ਨ ਹੀ ਲੰਮੇਰੀ ਆਯੂ ਪਾਉਂਦਾ ਹੈ ਜਿਵੇਂ ਕਿ ਸੱਚੇ ਦਾ ਜੜ੍ਹ ਫੜ੍ਹਦਾ ਹੈ ਅਤੇ ਆਯੂ ਪਾਉਂਦਾ ਹੈ । ਇਸ ਲਈ ਅਜਿਹੇ ਅਕੀਦੇ ਵਾਲੇ ਲੋਕ ਜੋ ਕੌਮਾਂ ਦੇ ਨਬੀਆਂ ਨੂੰ ਝੂਠਾ ਆਖ ਕੇ ਭੈੜਾ ਕਹਿੰਦੇ ਰਹਿੰਦੇ ਹਨ ਹਮੇਸ਼ਾਂ ਹੀ ਮਿਲਵਰਤਨ ਤੇ ਅਮਨ ਦੇ ਦੁਸ਼ਮਨ ਹੁੰਦੇ ਹਨ । ਕਿਉਂਕਿ ਕੌਮਾ ਦੇ ਵਡੇਰਿਆਂ ਨੂੰ ਗਾਲ੍ਹਾਂ ਕਢਣੀਆਂ, ਇਸ ਤੋਂ ਵੱਧਕੇ ਫ਼ਸਾਦ ਫ਼ੈਲਾਉਣ ਵਾਲੀ ਹੋਰ ਕੋਈ ਗੱਲ ਨਹੀਂ । ਕਈ ਵਾਰ ਮਨੁੱਖ ਮਰਨਾ ਵੀ ਚੰਗਾ ਸਮਝਦਾ ਹੈ ਪਰ ਨਹੀਂ ਚਾਹੁੰਦਾ ਕਿ ਉਸਦੇ ਪੇਸ਼ਵਾ ਨੂੰ ਬੁਰਾ ਭਲਾ ਕਿਹਾ ਜਾਵੇ । ਜੇਕਰ ਸਾਨੂੰ ਕਿਸੇ ਧਰਮ ਦੀ ਸਿੱਖਿਆ ਉਪੱਰ ਇਤਰਾਜ਼ ਹੋਵੇ ਤਾਂ ਸਾਨੂੰ ਨਹੀਂ ਚਾਹੀਦਾ ਕਿ ਉਸ ਧਰਮ ਦੇ ਬਾਨੀ ਦੀ ਇਜ਼ਤ ਉਪੱਰ ਆਕ੍ਰਮਣ ਕਰੀਏ ਅਤੇ ਨ ਇਹ ਕਿ ਉਸ ਨੂੰ ਭੈੜੇ ਸ਼ਬਦਾਂ ਨਾਲ ਚੇਤੇ ਕਰੀਏ, ਸਗੋਂ ਚਾਹੀਦਾ ਹੈ ਕਿ ਕੇਵਲ ਉਸ ਕੌਮ ਦੇ ਵਰਤਮਾਨ

ਕਾਰਜਕਰਨੀ ਉਪੱਰ ਇਤਰਾਜ਼ ਕਰੀਏ ।" (ਅਰਥਾਤ ਜੇਕਰ ਉਹ ਗ਼ਲਤੀਆਂ ਉਸ ਕੌਮ ਵਿੱਚ ਹਨ ਤਾਂ ਉਸ ਕੌਮ ਦੀਆਂ ਉਹਨਾਂ ਗ਼ਲਤੀਆਂ ਉਪੱਰ ਖੰਡਨ ਕਰੀਏ ਨ ਕਿ ਨਬੀਆਂ ਉਪੱਰ ।) ਫ਼ਰਮਾਇਆ, "ਅਤੇ ਵਿਸ਼ਵਾਸ ਰੱਖੋ ਕਿ ਉਹ ਨਬੀ ਜੋ ਖ਼ੁਦਾ ਤਆਲਾ ਵੱਲੋਂ ਕਰੋੜਾਂ ਹੀ ਮਨੁੱਖਾਂ ਵਿੱਚ ਮਾਨ ਪ੍ਰਾਪਤ ਕਰ ਗਿਆ ਅਤੇ ਸੈਂਕੜਿਆਂ ਵਰ੍ਹਿਆਂ ਤੋਂ ਉਸਦੀ ਪ੍ਰਸਿੱਧੀ ਤੁਰੀ ਆਉਂਦੀ ਹੈ, ਇਹੋ ਪੱਕਾ ਪ੍ਰਮਾਣ ਉਸਦੇ ਰੱਬ ਵੱਲੋਂ ਹੋਣ ਦਾ ਹੈ । ਜੇਕਰ ਉਹ ਰੱਬ ਦਾ ਪਰਵਾਨਿਆਂ ਨ ਹੁੰਦਾ ਤਾਂ ਉਹ ਇੰਨਾ ਮਾਣ ਨ ਪਾਉਂਦਾ । ਝੂਠੇ ਨੂੰ ਮਾਣ ਦੇਣਾ ਅਤੇ ਕਰੋੜਾਂ ਬੰਦਿਆਂ ਵਿੱਚ ਉਸਦੇ ਧਰਮ ਨੂੰ ਫੈਲਾਉਣਾ ਅਤੇ ਇਕ ਲੰਮੇ ਜ਼ਮਾਨੇ ਤੱਕ ਉਸਦੇ ਝੂਠੇ ਧਰਮ ਨੂੰ ਸੁਰੱਖਿਅਤ ਰੱਖਣਾ ਰੱਬ ਦਾ ਸੁਭਾਵ ਨਹੀਂ ਹੈ । ਇਸ ਲਈ ਜੋ ਧਰਮ ਦੁਨੀਆ ਵਿੱਚ ਫੈਲ ਜਾਵੇ ਅਤੇ ਸਿਥਰ ਹੋ ਜਾਵੇ, ਮਾਣ ਤੇ ਆਯੂ ਪਾਵੇ ਆਪਣੇ ਅਸਲ ਪੱਖੋਂ ਕਦੇ ਵੀ ਝੂਠਾ ਨਹੀਂ ਹੋ ਸਕਦਾ । ਇਸ ਲਈ ਜੇਕਰ ਉਹ ਸਿੱਖਿਆ ਖੰਡਨ ਯੋਗ ਹੈ ਤਾਂ ਉਸਦਾ ਸਬਬ ਜਾਂ ਤਾਂ ਇਹ ਹੋਵੇਗਾ ਕਿ (ਆਪ ਅਲੈਹਿ ਸਲਾਮ ਨੇ ਉਸ ਦੇ ਤਿੰਨ ਕਾਰਣ ਦੱਸੇ ਹਨ ਕਿ ਜੇਕਰ ਉਹ ਧਰਮ ਵਰਤਮਾਨ ਸਮੇਂ ਵਿੱਚ ਖੰਡਨ ਯੋਗ ਹੁੰਦਾ ਤਾਂ ਉਸਦੇ ਤਿੰਨ ਸਬਬ ਹਨ । ਫ਼ਰਮਾਇਆ ਉਸਦਾ ਸਬਬ ਇਹ ਹੋਵੇਗਾ ਕਿ ਨੰ. ਇਕ) ਉਸ ਨਬੀ ਦੀਆਂ ਹਦਾਇਤਾਂ ਵਿੱਚ ਅਖੱਰਾਂ ਦੀ ਰੱਦੋ ਬਦਲ ਕੀਤੀ ਗਈ ਹੈ । (ਅਰਥਾਤ ਨਬੀ ਨੇ ਜੋ ਹਿਦਾਇਤਾਂ ਦਿੱਤੀਆਂ ਸਨ, ਉਹਨਾਂ ਨੂੰ ਬਦਲਿਆ ਗਿਆ ਹੈ । ਨੰ. ਦੋ) ਅਤੇ ਜਾਂ ਇਹ ਸਬਬ ਹੋਵੇਗਾ ਕਿ ਉਹਨਾ ਦੀਆਂ ਹਿਦਾਇਤਾਂ ਦੀ ਵਿਆਖਿਆ ਕਰਨ ਵਿੱਚ ਗ਼ਲਤੀ ਹੋਈ ਹੈ। (ਉਹਨਾਂ ਦੀ ਵਿਆਖਿਆ ਗ਼ਲਤ ਢੰਗ ਨਾਲ ਕੀਤੀ ਗਈ ਹੈ । ਅਤੇ ਤੀਜੀ ਗੱਲ ਇਹ ) ਅਤੇ ਇਹ ਵੀ ਹੋ ਸਕਦਾ ਹੈ ਕਿ ਅਸੀਂ ਆਪ ਇਤਰਾਜ਼ ਕਰਨ ਵਿੱਚ ਸਹੀ ਨ ਹੋਈਏ । (ਇਕ ਗੱਲ ਸਮਝ ਵਿੱਚ ਨਹੀਂ ਆਈ ਅਤੇ ਇਤਰਾਜ਼ ਕਰ ਦਿੱਤਾ । ਜਿਵੇਂ ਅੱਜ ਕਲ ਉਠਦੇ ਹਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਵਿੱਤਰ ਜੀਵਨ ਉਪੱਰ ਇਤਰਾਜ਼ ਕਰ ਦਿੰਦੇ ਹਨ, ਜੱਦ ਕਿ ਨ ਇਤਿਹਾਸ ਪੜ੍ਹਿਆ ਨ ਘਟਨਾਵਾਂ ਪੜ੍ਹੀਆਂ, ਨ ਕੁਰਆਨ

ਦੀ ਸਮਝ ਆਈ । ਫ਼ਰਮਾਇਆ ਕਿ) ਦੇਖਿਆ ਜਾਂਦਾ ਹੈ ਕਿ ਕੁਝ ਪਾਦਰੀ ਸਾਹਿਬਾਨ ਆਪਣੀ ਘੱਟ ਅਕਲੀ ਕਰਕੇ ਕੁਰਆਨ ਕਰੀਮ ਦੀਆਂ ਉਹਨਾ ਗੱਲਾਂ ਉਪੱਰ ਇਤਰਾਜ਼ ਕਰ ਦਿੰਦੇ ਹਨ ਜਿੰਨਾ ਨੂੰ ਤੌਰਾਤ ਵਿੱਚ ਸਹੀ ਤੇ ਖ਼ੁਦਾ ਦੀ ਸਿੱਖਿਆ ਮਨ ਚੁਕੇ ਹਨ । ਇਸ ਲਈ ਅਜਿਹਾ ਖੰਡਨ ਖ਼ੁੱਦ ਆਪਣੀ ਘੱਟ ਅਕਲੀ, ਗ਼ਲਤੀ ਜਾਂ ਕਾਹਲੀ ਹੁੰਦੀ ਹੈ ।''

(ਫਿਰ ਫ਼ਰਮਾਇਆ) ''ਸਾਰ ਇਹ ਕਿ ਦੁਨੀਆ ਦੀ ਭਲਾਈ, ਅਮਨ, ਮਿਲਵਰਤਨ, ਸੰਜਮਤਾ ਅਤੇ ਰੱਬ ਤਰਸੀ ਇਸੇ ਉਸੂਲ ਵਿੱਚ ਹੈ ਕਿ ਅਸੀਂ ਨਬੀਆਂ ਨੂੰ ਕਦੇ ਵੀ ਝੂਠਾ ਕਰਾਰ ਨ ਦੇਈਏ ਜਿੰਨਾ ਦੀ ਸੱਚਾਈ ਬਾਰੇ ਕਰੋੜਾਂ ਹੀ ਮਨੁੱਖ ਸੈਂਕੜਿਆਂ ਵਰ੍ਹਿਆਂ ਤੋਂ ਵਿਸ਼ਵਾਸ ਸਥਾਪਤ ਹੋ ਚੁਕਿਆ ਹੈ ਅਤੇ ਰੱਬ ਦਾ ਸਮਰਥਨ ਅਰੰਭ ਤੋਂ ਉਹਨਾਂ ਨਾਲ ਹੋਵੇ । ਮੈਂ ਵਿਸ਼ਵਾਸ ਰੱਖਦਾ ਹਾਂ ਕਿ ਇਕ ਸੱਚਾਈ ਦਾ ਜਾਚਕ ਭਾਵੇਂ ਓਹ ਏਸ਼ੀਆਈ ਹੋਵੇ ਜਾਂ ਯੁਰੋਪੀਅਨ ਸਾਡੇ ਉਸੂਲ ਨੂੰ ਪਸੰਦ ਕਰੇਗਾ ਅਤੇ ਉਹ ਆਹ ! ਭਰਕੇ ਆਖੇਗਾ ਕਿ ਸਾਡਾ ਉਸੂਲ ਇਹੋ ਜਿਹਾ ਕਿਉਂ ਨ ਹੋਇਆ ।''

(ਮਲਕਾ ਨੂੰ ਲਿਖਦੇ ਹਨ ਕਿ) ''ਮੈਂ ਇਸ ਉਸੂਲ ਨੂੰ ਇਸ ਮੰਤਵ ਨਾਲ ਮਾਨਯੋਗ ਮਲਕਾ ਭਾਰਤ ਤੇ ਇੰਗਲੈਂਡ (ਉਸ ਸਮੇਂ ਭਾਰਤ ਵਿੱਚ ਵੀ ਮਲਕਾ ਦੀ ਹੁਕੂਮਤ ਸੀ) ਦੀ ਸੇਵਾ ਵਿੱਚ ਪੇਸ਼ ਕਰਦਾ ਹਾਂ ਕਿ ਦੁਨੀਆ ਵਿੱਚ ਅਮਨ ਸਥਾਪਤ ਕਰਨ ਲਈ ਕੇਵਲ ਇੱਕੋ ਇਹੋ ਉਸੂਲ ਹੈ ਜੋ ਸਾਡਾ ਉਸੂਲ ਹੈ । ਇਸਲਾਮ ਮਾਣ ਕਰ ਸਕਦਾ ਹੈ ਕਿ ਇਸ ਪਿਆਰੇ ਅਤੇ ਮਨਮੋਹਕ ਉਸੂਲ ਨੂੰ ਵਿਸ਼ੇਸ਼ ਗੁਣਾ ਨਾਲ ਅਪਣੇ ਨਾਲ ਰੱਖਦਾ ਹੈ । ਕੀ ਸਾਡੇ ਲਈ ਉਚਿਤ ਹੈ ਕਿ ਅਸੀਂ ਅਜਿਹੇ ਮਹਾਂਪੁਰਖਾਂ ਦਾ ਨਿਰਾਦਰ ਕਰੀਏ ਜਿੰਨਾ ਨੂੰ ਖ਼ੁਦਾ ਦੀ ਮਿਹਰ ਨੇ ਇਕ ਦੁਨੀਆ ਨੂੰ ਅਗਿਆਕਾਰੀ ਬਣਾ ਦਿੱਤਾ ਅਤੇ ਸੈਂਕੜਿਆਂ ਵਰ੍ਹਿਆਂ ਤੋਂ ਬਾਦਸ਼ਾਹਾਂ ਦੇ ਸਿਰ ਉਹਨਾ ਅੱਗੇ ਝੁਕਦੇ ਆਏ? ਕੀ ਸਾਡੇ ਲਈ ਉਚਿਤ ਹੈ ਕਿ ਅਸੀਂ ਰੱਬ ਬਾਰੇ ਇਹ ਬਦਗੁਮਾਨੀ ਕਰੀਏ ਕਿ ਉਹ ਝੂਠਿਆਂ ਨੂੰ ਸੱਚਿਆਂ ਦੀ ਸ਼ਾਨ ਦੇ ਤੁੱਲ ਅਤੇ ਸੱਚਿਆਂ ਦੇ ਬਰਾਬਰ ਕਰੋੜਾਂ ਲੋਕਾਂ ਦਾ ਪੇਸ਼ਵਾ ਬਣਾਕੇ ਉਹਨਾ ਦੇ ਧਰਮ ਨੂੰ ਇਕ ਲੰਮੀ ਆਯੂ

ਦੇਕੇ ਉਹਨਾ ਦੇ ਧਰਮ ਦੇ ਸਮਰਥਨ ਲਈ ਆਕਾਸ਼ੀ ਚਮਤਕਾਰ ਪ੍ਰਗਟ ਕਰਕੇ ਦੁਨੀਆ ਨੂੰ ਧੋਖਾ ਦੇਣਾ ਚਾਹੁੰਦਾ ਹੈ ? ਜੇਕਰ ਰੱਬ ਹੀ ਸਾਨੂੰ ਧੋਖਾ ਦੇਵੇ ਤਾਂ ਫਿਰ ਅਸੀਂ ਸੁਮਾਰਗ ਤੇ ਕੁਮਾਰਗ ਵਿੱਚ ਕਿਵੇਂ ਅੰਤਰ ਕਰ ਸਕਦੇ ਹਾਂ ?''

(ਫ਼ਰਮਾਇਆ) ''ਇਹ ਅਤਿ ਜ਼ਰੂਰੀ ਮਸਲਾ ਹੈ ਕਿ ਝੂਠੇ ਨਬੀ ਦਾ ਮਾਨ, ਸਮੱਾਨ ਤੇ ਪ੍ਰਸਿੱਧ ਅਜਿਹੀ ਨਹੀਂ ਫੈਲਣੀ ਚਾਹੀਦੀ ਜਿਵੇਂ ਕਿ ਸੱਚੇ ਦੀ । ਝੂਠਿਆਂ ਦੇ ਮਨਸੂਬਿਆਂ ਵਿੱਚ ਉਹ ਸ਼ਾਨ ਪੈਦਾ ਨਹੀਂ ਹੋਣੀ ਚਾਹੀਦੀ ਜਿਵੇਂ ਕਿ ਸੱਚੇ ਦੇ ਕਾਰੋਬਾਰ ਵਿੱਚ ਪੈਦਾ ਹੋਣੀ ਚਾਹੀਦੀ ਹੈ । ਇਸ ਲਈ ਸੱਚੇ ਦੀ ਪਹਿਲੀ ਨਿਸ਼ਾਨੀ ਇਹੋ ਹੈ ਕਿ ਖ਼ੁਦਾ ਦਾ ਸਦੈਵੀ ਸਮਰਥਨ ਉਸਦੇ ਨਾਲ ਹੋਵੇ ਅਤੇ ਖ਼ੁਦਾ ਉਸਦੇ ਧਰਮ ਦੇ ਪੌਦੇ ਨੂੰ ਕਰੋੜਾਂ ਮਨਾਂ ਵਿੱਚ ਲਗਾ ਦੇਵੇ ਅਤੇ ਲੰਮੇਰੀ ਆਯੂ ਬਖ਼ਸ਼ੇ । ਇਸ ਲਈ ਜਿਸ ਨਬੀ ਦੇ ਧਰਮ ਵਿੱਚ ਅਸੀਂ ਇਹ ਅਲਾਮਤਾਂ ਵੇਖੀਏ, ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਮੌਤ ਅਤੇ ਨਿਆ ਦੇ ਦਿਨ ਨੂੰ ਚੇਤੇ ਕਰਕੇ ਅਜਿਹੇ ਮਹਾਂਪੁਰਖ ਤੇ ਪੇਸ਼ਵਾ ਦਾ ਨਿਰਾਦਰ ਨ ਕਰੀਏ ਸਗੋਂ ਸੱਚਾ ਮਾਣ ਤੇ ਪ੍ਰੇਮ ਕਰੀਏ । ਭਾਵ ਇਹ ਉਹ ਪਹਿਲਾ ਉਸੂਲ ਹੈ ਜੋ ਸਾਨੂੰ ਖ਼ੁਦਾ ਨੇ ਸਿਖਾਇਆ ਹੈ, ਜਿਸ ਰਾਹੀਂ ਅਸੀਂ ਇਕ ਵੱਡੇ ਆਚਰਣਕ ਭਾਗ ਦੇ ਵਾਰਸ ਹੋ ਗਏ ਹਾਂ ।''

(ਤੋਹਫ਼ਾ ਕੈਸਰੀਯਾ, ਰੂਹਾਨੀ ਖ਼ਜ਼ਾਇਨ, ਭਾਗ 12, ਪੰਨਾ 258-262)

ਆਪ ਨੇ ਇਹ ਵੀ ਫ਼ਰਮਾਇਆ ਕਿ ਅਜਿਹੀਆਂ ਕਾਂਫ੍ਰੈਂਸਾਂ ਹੋਣੀਆਂ ਚਾਹੀਦੀਆਂ ਹਨ ਜਿੱਥੇ ਵੱਖ ਵੱਖ ਧਰਮਾ ਦੇ ਲੋਕ ਆਪਣੇ ਧਰਮ ਦੀਆਂ ਖ਼ੂਬੀਆਂ ਵਰਨਣ ਕਰਨ ।

(ਤੋਹਫ਼ਾ ਕੈਸਰੀਯਾ, ਰੂਹਾਨੀ ਖ਼ਜ਼ਾਇਨ, ਜਿਲਦ 12, ਪੰਨਾ 279)

ਜੇਕਰ ਇਸ ਸਮੇਂ ਦੇਖਿਆ ਜਾਵੇ ਤਾਂ ਅਮਲੀ ਰੂਪ ਵਿੱਚ ਇਸਲਾਮ ਦੁਨੀਆ ਦਾ ਪਹਿਲਾ ਧਰਮ ਹੈ ਅਤੇ ਗਿਣਤੀ ਦੇ ਪੱਖੋਂ ਇਹ ਦੁਨੀਆ ਦਾ ਦੂਜਾ ਵੱਡਾ ਧਰਮ ਹੈ । ਇਸ ਲਈ ਦੁਨੀਆ ਦੇ ਦੂਜੇ ਧਰਮਾ ਨੂੰ ਬਹਿਰਹਾਲ ਮੁਸਲਮਾਨਾ ਦੀ ਇਜ਼ੱਤ ਕਰਨੀ ਚਾਹੀਦੀ ਹੈ ਅਤੇ ਹਜ਼ਰਤ ਮੁਹਮੱਦ

ਸਲਲੱਾਹੁ ਅਲੈਹਿ ਵਸਲੱਮ ਦੇ ਸਮੱਾਨ ਦਾ ਜੋ ਹੱਕ ਹੈ ਉਹ ਦੇਣ ਦਾ ਜਤਨ ਕਰਨਾ ਚਾਹੀਦਾ ਹੈ, ਨਹੀਂ ਤਾਂ ਦੁਨੀਆ ਵਿੱਚ ਫ਼ਸਾਦ ਤੇ ਬਦਅਮਨੀ ਪੈਦਾ ਹੋਵੇਗੀ । ਇਸ ਲਈ ਜੱਦ ਅਸੀਂ ਦੁਨੀਆ ਦੇ ਧਰਮਾ ਦਾ ਮਾਨ ਸਮੱਾਨ ਕਰਦੇ ਹਾਂ, ਉਹਨਾਂ ਦੇ ਮਹਾਂਪੁਰੁਖਾਂ ਤੇ ਨਬੀਆਂ ਨੂੰ ਰੱਬ ਦਾ ਭੇਜਿਆ ਹੋਇਆ ਸਮਝਦੇ ਹਾਂ ਤਾਂ ਕੇਵਲ ਇਸ ਸੁੰਦਰ ਸਿੱਖਿਆ ਦੇ ਸਬਬ ਨਾਲ ਜੋ ਕੁਰਆਨ ਕਰੀਮ ਨੇ ਸਾਨੂੰ ਦਿੱਤੀ ਹੈ ਅਤੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਸਾਨੂੰ ਸਿਖਾਈ ਹੈ । ਇਹਨਾਂ ਗੱਲਾਂ ਦੇ ਹੁੰਦਿਆਂ ਹੋਇਆਂ ਵੀ ਇਸਲਾਮ ਦੇ ਦੁਸ਼ਮਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਬਾਰੇ ਅਣਉਚਿਤ ਸ਼ਬਦਾਂ ਦੀ ਵਰਤੋਂ ਕਰਦੇ ਹਨ । ਵਿਅਰਥ ਦੇ ਚਿਤੱਰ ਵੀ ਬਣਾਉਂਦੇ ਹਨ, ਪਰ ਅਸੀਂ ਕਿਸੇ ਵੀ ਧਰਮ ਦੇ ਨਬੀ ਤੇ ਮਹਾਂਪੁਰੁਖ ਬਾਰੇ ਉਤੱਰ ਵਿੱਚ ਮਾੜੇ ਸ਼ਬਦ ਨਹੀਂ ਮੜ੍ਹਦੇ ਜਾਂ ਉਹਨਾਂ ਦਾ ਮਜ਼ੌਲ ਨਹੀਂ ਕਰਦੇ । ਇਹ ਸਭ ਕੁਝ ਹੁੰਦਿਆਂ ਹੋਇਆ ਵੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਕਿ ਇਹ ਅਮਨ ਭੰਗ ਕਰਨ ਵਾਲੇ ਹਨ । ਪਹਿਲਾਂ ਇਹ ਲੋਕ ਆਪ ਅਮਨ ਭੰਗ ਕਰਨ ਵਾਲੀਆਂ ਗੱਲਾਂ ਕਰਦੇ ਹਨ, ਜਜ਼ਬਿਆਂ ਨੂੰ ਭੜਕਾਉਣ ਦਾ ਜਤਨ ਕਰਦੇ ਹਨ ਅਤੇ ਜੱਦ ਜਜ਼ਬੇ ਭੜਕ ਜਾਂਦੇ ਹਨ ਤਾ ਕਹਿੰਦੇ ਹਨ ਕਿ ਦੇਖੋ ਮੁਸਲਮਾਨ ਤਸ਼ੱਦਦ ਪਸੰਦ ਹੀ ਹਨ, ਇਸ ਲਈ ਉਹਨਾ ਦੇ ਵਿਰੁਧ ਹਰ ਪ੍ਰਕਾਰ ਦੀ ਕਾਰਵਾਈ ਕਰੋ ।......

ਹਜ਼ਰਤ ਮਸੀਹ ਮਉਦ ਅਲੈਹਿ ਸਲਾਮ ਦੇ ਇਸ ਸੰਦੇਸ਼ ਨੂੰ ਜੋ ਮੈਂ ਪੜ੍ਹਿਆ ਹੈ, ਇਸ ਦਾ ਬਹੁਤ ਪ੍ਰਸਾਰਣ ਕਰੋ ਤਾਂ ਜੋ ਦੁਨੀਆ ਨੂੰ ਵਾਸਤਵਿਕ ਇਸਲਾਮ ਦੀ ਸਿੱਖਿਆ ਦਾ ਪਤਾ ਚਲ ਸਕੇ । ਦੁਨੀਆਦਾਰਾਂ ਨੂੰ ਪਤਾ ਹੀ ਨਹੀ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਸਾਡੇ ਮਨ ਵਿੱਚ ਕੀ ਸਥਾਨ ਹੈ ? ਆਪ ਸਲਲੱਾਹੁ ਅਲੈਹਿ ਵਸਲੱਮ ਦੀ ਸਿੱਖਿਆ ਅਤੇ ਆਪਦਾ ਜੀਵਨ ਚਰਿਤੱਰ ਕਿੰਨਾ ਸੋਹਣਾ ਤੇ ਪਾਕ ਹੈ ਅਤੇ ਇਸ ਵਿੱਚ ਕੀ ਹੁਸਨ ਹੈ ? ਇਕ ਹਕੀਕੀ ਮੁਸਲਮਾਨ ਨੂੰ ਆਪ ਸਲਲੱਾਹੁ ਅਲੈਹਿ ਵਸਲੱਮ ਨਾਲ ਕਿੰਨਾ ਪ੍ਰੇਮ ਤੇ ਸਨੇਹ ਹੈ, ਇਸ ਦਾ ਇਹ ਲੋਕ ਅਨੁਮਾਨ ਹੀ

ਨਹੀਂ ਕਰ ਸਕਦੇ । ਆਪ ਸਲਲੱਾਹੁ ਅਲੈਹਿ ਵਸਲੱਮ ਨਾਲ ਸਨੇਹ ਤੇ ਪ੍ਰੇਮ ਦਾ ਪ੍ਰਗਟਾਵਾ ਅੱਜ ਤੋਂ ਚੌਦਾਂ ਸੌ ਸਾਲ ਪਹਿਲਾਂ ਕੇਵਲ ਹਸਾਨ ਬਿਨ ਸਾਬਤ ਨੇ ਹੀ ਆਪਣੇ ਸ਼ੇਅਰ ਵਿੱਚ ਨਹੀਂ ਕੀਤਾ ਸੀ ਕਿ :

ਕੁੰਤਸ ਸਵਾਦਾ ਲਿਨਾਜ਼ਿਰੀ ਫ਼ ਆਮਿਯਾ ਅਲੈਕਨ ਨਾਜ਼ਿਰੂ ।
ਮਨ ਸ਼ਾਆ ਬਾਦਾਕਾ ਫ਼ਲਯਮੁਤ ਫ਼ ਅਲੈਕਾ ਕੁੰਤੁ ਉਹਾਜ਼ਿਰੂ ।।

ਅਰਥਾਤ ਹੇ, ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ! ਤੂੰ ਮੇਰੀ ਅੱਖ ਦੀ ਪੁਤਲੀ ਸੀ, ਅੱਜ ਤੇਰੇ ਮਰਨ ਨਾਲ ਮੇਰੀ ਅੱਖ ਅੰਨ੍ਹੀ ਹੋ ਗਈ । ਹੁਣ ਤੇਰੇ ਮਰਨ ਦੇ ਬਾਦ ਕੋਈ ਮਰੇ ਮੈਂਨੂੰ ਕੋਈ ਪਰਵਾਹ ਨਹੀਂ । ਮੈਂ ਤਾਂ ਤੇਰੀ ਮੌਤ ਤੋਂ ਹੀ ਡਰਦਾ ਸੀ । ਇਹ ਸ਼ੇਅਰ ਆਪ ਦੀ ਮੌਤ ਉਪੱਰ ਹਸਾਨ ਰਜ਼ੀ ਅਲੱਾਹ ਅਨਹੁ ਬਿਨ ਸਾਬਤ ਨੇ ਕਿਹਾ ਸੀ, ਪਰ ਸਾਡੇ ਵਿੱਚ ਇਸ ਯੁੱਗ ਵਿੱਚ ਵੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਸਨੇਹ ਤੇ ਪ੍ਰੇਮ ਦਾ ਇਕ ਡੂੰਘਾ ਇਸ਼ਕ ਤੇ ਸਨੇਹ ਪੈਦਾ ਕੀਤਾ ਹੈ । ਸਾਡੇ ਮਨਾਂ ਵਿੱਚ ਇਸ ਸਨੇਹ ਤੇ ਪ੍ਰੇਮ ਦੀ ਜੋਤ ਜਗਾਈ ਹੈ । ਆਪ ਇਕ ਥਾਂ ਇਸ ਸਨੇਹ ਤੇ ਪ੍ਰੇਮ ਦਾ ਚਿਤੱਰ ਖਿਚੱਦੇ ਹੋਏ ਫ਼ਰਮਾਉਂਦੇ ਹਨ :

ਆਪਦਾ ਇਕ ਬਹੁਤ ਲੰਮਾ ਕਸੀਦਹ (ਛੰਦਰਚਨਾ) ਅਰਬੀ ਭਾਸ਼ਾ ਵਿੱਚ ਹੈ, ਉਸਦੇ ਕੁਝ ਸ਼ੇਅਰ ਇਸ ਪ੍ਰਕਾਰ ਹਨ :-

ਕੌਮੁਨ ਰਾਓਕਾ ਵ ਉਮੱਾਤੁਨ ਕਦ ਉਖ਼ਬਿਰਤ ।
ਮਿਨ ਜ਼ਲਿਕਲ ਬਦਰਿਲ ਲਜ਼ੀ ਅਸਬਾਨੀ ।।

ਕਿ ਇਕ ਕੌਮ ਨੇ ਤੈਨੂੰ ਦੇਖਿਆ ਅਤੇ ਇਕ ਉਮੱਤ ਨੇ ਖ਼ਬਰ ਸੁਣੀ ਹੈ, ਉਸ ਬਦਰ ਦੀ ਜਿਸਨੇ ਮੈਂਨੂੰ ਆਪਣਾ ਆਸ਼ਿਕ ਬਣਾਇਆ ।

ਯਬਕੂਨਾ ਮਿਨ ਜ਼ਿਕਰਿਲ ਜਮਾਲਿ ਸਬਾਬਾਤਨ ।
ਵ ਤਾਅਲੁੱਮੰਮ ਮਿਨ ਲੌਆਤਿਲ ਹਿਜਰਾਨੀ ।।

ਉਹ ਤੇਰੇ ਹੁਸਨ ਦੀ ਯਾਦ ਵਿੱਚ ਇਸ਼ਕ ਦੇ ਸਬਬ ਰੋਂਦੇ ਹਾਂ ਅਤੇ ਜੁਦਾਈ ਦੀ ਅੱਗ ਦੇ ਦੁਖ ਕਰਕੇ ਵੀ ਰੋਂਦੇ ਹਾਂ ।

ਵ ਅਰਲ ਕੁਲੂਬਾ ਲਦਲ ਹਨਾਜਿਰਾ ਕੁਰਬਾਤਨ ।
ਵ ਅਰਲ ਗ਼ੁਰੂਬਾ ਤੁਸੀਲੁ ਹਲ ਐਨਾਨੀ ।।

ਅਤੇ ਮੈਂ ਦੇਖਦਾ ਹਾਂ ਕਿ ਦਿਲ ਬੇਕਰਾਰੀ ਕਰਕੇ ਗੱਲ ਤੱਕ ਆ ਗਏ ਹਨ ਅਤੇ ਮੈਂ ਦੇਖਦਾ ਹਾਂ ਕਿ ਅੱਖਾਂ ਹੰਝੂ ਵਹਾ ਰਹੀਆਂ ਹਨ ।

ਇਹ ਕਸੀਦਹ ਅਨੇਕਾਂ ਨੂੰ ਸਗੋਂ ਹੁਣ ਤਾਂ ਸਾਡੇ ਬਚਿਆ ਨੂੰ ਵੀ ਕੰਠ ਹੈ। ਇਸ ਲੰਮੇ ਕਸੀਦੇ ਦਾ ਅੰਤਮ ਸ਼ੇਅਰ ਇਸ ਪ੍ਰਕਾਰ ਹੈ :-

ਜਿਸਮੀ ਯਤੀਰੋ ਇਲੈਕਾ ਮਿਨ ਸ਼ੌਕਿਨ ਅਲਾ ।
ਯਾ ਲੈਤਾ ਕਾਨਤ ਕੁਵੱਾਤੁਤ ਤੈਰਾਨੀ ।।

ਕਿ ਮੇਰਾ ਸ਼ਰੀਰ ਤਾਂ ਸ਼ੌਕੇ ਗ਼ਾਲਬ ਨਾਲ ਤੇਰੇ ਵੱਲ ਉਡੱਣਾ ਚਾਹੁੰਦਾ ਹੈ, ਕਾਸ਼ ! ਮੇਰੇ ਅੰਦਰ ਉਡੱਣ ਦੀ ਸ਼ਕਤੀ ਹੁੰਦੀ ।

(ਆਈਨਾਏ ਕਮਾਲਾਤੇ ਇਸਲਾਮ, ਰੂਹਾਨੀ ਖ਼ਜ਼ਾਇਨ,ਜਿਲਦ 5,ਪੰਨਾ 590-594)

ਇਸ ਲਈ ਸਾਨੂੰ ਤਾਂ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਸਨੇਹ ਤੇ ਪ੍ਰੇਮ ਦੇ ਇਹ ਪਾਠ ਪੜ੍ਹਾਏ ਗਏ ਹਨ ਅਤੇ ਇਹ ਦੁਨੀਅਦਾਰ ਕਹਿੰਦੇ ਹਨ ਕਿ ਕੀ ਫ਼ਰਕ ਪੈਂਦਾ ਹੈ ? ਛੋਟਾ ਮੋਟਾ ਮਖ਼ੌਲ ਹੈ । ਜੱਦ ਅਖ਼ਲਾਕ ਇਸ ਹੱਦ ਤੱਕ ਢਹਿ ਜਾਂਦੇ ਹਨ ਕਿ ਅਖਲਾਕ ਦੇ ਆਦਰਸ਼ ਉਪੱਰ ਉਠੱਣ ਦੀ ਥਾਂ ਪਤਨ ਨੂੰ ਛੂਹਣ ਲੱਗਣ ਤਾਂ ਹੀ ਦੁਨੀਆ ਦੇ ਅਮਨ ਨਸ਼ਟ ਹੋਣ ਲਗਦੇ ਹਨ ।...

ਪਰ ਜਿਵੇਂ ਕਿ ਮੈਂ ਕਿਹਾ ਹੈ ਕਿ ਸਾਡਾ ਕੰਮ ਵੱਧ ਵੱਧ ਤੋਂ ਜਤਨ ਕਰਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਤੇ ਚਰਿਤੱਰ ਦੇ ਵੱਖ ਵੱਖ ਪੱਖਾਂ ਨੂੰ ਉਜਾਗਰ ਕਰਕੇ ਦੁਨੀਆ ਦੇ ਸਾਹਮਣੇ ਪ੍ਰਸਤੁਤ ਕਰਨੇ ਹਨ । ਇਸ ਲਈ ਅਤਿਅੰਤ ਸੰਖੇਪ ਤੇ ਸੰਪੂਰਨ ਕਿਤਾਬ "Life of Mohammad", "ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਪਵਿਤੱਰ ਜੀਵਨ" ਜਾਂ "ਦੀਬਾਚਾ ਤਫ਼ਸੀਰੁਲ ਕੁਰਆਨ" ਦਾ ਆਚਰਣ ਵਾਲਾ ਭਾਗ ਹੈ ਇਸ ਨੂੰ ਹਰ ਅਹਮਦੀ ਨੂੰ ਪੜ੍ਹਨਾ ਚਾਹੀਦਾ ਹੈ । ਇਸ ਵਿੱਚ ਜੀਵਨ ਚਰਿਤੱਰ ਦੇ ਲਗਭਗ ਸਾਰੇ ਪੱਖ ਸੰਖੇਪ ਵਿੱਚ ਵਰਨਣ ਕੀਤੇ ਗਏ

ਹਨ ਜਾਂ ਇਉਂ ਆਖ ਸਕਦੇ ਹਾਂ ਕਿ ਲੋੜੀਂਦੇ ਪੱਖ ਵਰਨਣ ਹੋ ਗਏ ਹਨ । ਅਤੇ ਫਿਰ ਆਪਣੇ ਸ਼ੌਕ ਤੇ ਵਿਦਿਅਕ ਯੋਗਤਾ ਅਨੁਸਾਰ ਹੋਰ ਦੂਸਰੀਆਂ ਚਰਿਤੱਰ ਦੀਆਂ ਕਿਤਾਬਾਂ ਵੀ ਪੜ੍ਹਨ ਅਤੇ ਦੁਨੀਆ ਨੂੰ ਵੱਖ ਵੱਖ ਢੰਗਾ ਰਾਹੀਂ, ਸੰਪਰਕ ਰਾਹੀਂ, ਲੇਖਾਂ ਰਾਹੀਂ ਅਤੇ ਪੰਫ਼ਲੈਟ ਛਾਪਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਉਪਕਾਰਾਂ ਤੋਂ ਜਾਣੂ ਕਰਾਉਣ । ਅਲੱਾਹ ਤਆਲਾ ਇਸ ਮਹਤੱਵਪੂਰਨ ਫ਼ਰਜ਼ ਨੂੰ ਨਿਭਾਉਣ ਦਾ ਹਰ ਅਹਮਦੀ ਨੂੰ ਬਲ ਬਖ਼ਸ਼ੇ ਅਤੇ ਦੁਨੀਆ ਨੂੰ ਬੁੱਧੀ ਪ੍ਰਦਾਨ ਕਰੇ ਕਿ ਇਸ ਦਾ ਇਕ ਸੂਝਵਾਨ ਵਰਗ ਆਪ ਇਸ ਪ੍ਰਕਾਰ ਦੇ ਵਿਅਰਥ ਤੇ ਅਤਿਆਚਾਰੀ ਮਜ਼ੌਲ ਕਰਨ ਵਾਲਿਆਂ ਜਾਂ ਵੈਰ ਦਾ ਪ੍ਰਗਟਾਵਾ ਕਰਨ ਵਾਲਿਆਂ ਦਾ ਖੰਡਨ ਕਰੇ ਤਾਂ ਜੋ ਦੁਨੀਆ ਅਸ਼ਾਂਤੀ ਤੋਂ ਵੀ ਬੱਚ ਸਕੇ ਅਤੇ ਰੱਬ ਦੇ ਪ੍ਰਕੋਪ ਤੋਂ ਵੀ ਬੱਚ ਸਕੇ। ਅਲੱਾਹ ਕਰੇ ਅਜਿਹਾ ਹੀ ਹੋਵੇ । (ਖ਼ੁਤਬਾ ਜੁੱਮਾ 28 ਸਤੰਬਰ 2012)

## ਅਹਮਦੀ ਦੀ ਪ੍ਰਤੀਕ੍ਰਿਆ ਦਾ ਢੰਗ

ਜੱਦ 2006 ਈ. ਵਿੱਚ ਡੈਨਮਾਰਕ ਵਿੱਚ ਸਾਰਿਆਂ ਜਹਾਨਾ ਲਈ ਰਹਿਮਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਬਾਰੇ ਅਤਿਅੰਤ ਗੰਦੇ, ਤੌਹੀਨ ਭਰਪੂਰ ਅਤੇ ਮੁਸਲਮਾਨਾ ਦੇ ਜਜ਼ਬਿਆਂ ਨੂੰ ਭੜਕਾਉਣ ਵਾਲੇ ਕਾਰਟੂਨ ਪ੍ਰਕਾਸ਼ਤ ਕੀਤੇ ਗਏ ਤਾਂ ਵਿਸ਼ਵ ਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਇਸ ਦੇ ਪੁਰ ਜ਼ੋਰ ਖੰਡਨ ਵਿੱਚ ਜੁੱਮੇ ਦੇ ਖ਼ੁਤਬੇ (ਭਾਸ਼ਣ) ਦਿੱਤੇ । ਉਸ ਸਮੇਂ ਮੁਸਲਮਾਨ ਦੇਸ਼ਾਂ ਵਿੱਚ ਜੱਦ ਕਿ ਇਸ ਦੇ ਵਿਰੁਧ ਏਹਤਿਜਾਜ (ਪ੍ਰਤੀਕ੍ਰਿਆ) ਵੱਜੋਂ ਤੋੜ ਫੋੜ ਕੀਤੀ ਜਾ ਰਹੀ ਸੀ ਅਤੇ ਆਪਣੇ ਹੀ ਦੇਸ਼ ਵਿੱਚ ਅੱਗਾ ਲਗਾਕੇ ਆਪਣਾ ਹੀ ਹਾਣ ਕੀਤਾ ਜਾ ਰਿਹਾ ਸੀ । ਉਸ ਸਮੇ ਇਮਾਮ ਜਮਾਤ ਅਹਮਦੀਆ ਨੇ ਆਪਣੀ ਜਮਾਤ ਲਈ ਵਿਸ਼ੇਸ਼ ਕਰਕੇ ਅਤੇ ਮੁਸਲਮਾਨਾਂ ਲਈ ਸਾਧਾਰਣ ਕਰਕੇ ਉਪਦੇਸ਼ ਦਿੰਦਿਆਂ ਹੋਇਆਂ ਪ੍ਰਤੀਕ੍ਰਿਆ

ਦਾ ਉਚਿਤ ਮਾਰਗਦਰਸ਼ਨ ਕਰਦਿਆਂ ਹੋਇਆਂ ਫ਼ਰਮਾਇਆ :

''ਜਿਵੇਂ ਕਿ ਮੈਂ ਕਿਹਾ ਸੀ ਕਿ ਸ਼ਾਇਦ ਸਗੋਂ ਯਕੀਨੀ ਤੌਰ 'ਤੇ ਸਭ ਤੋਂ ਵੱਧ ਸਾਡੇ ਮਨ, ਇਸ ਹਰਕਤ ਕਰਕੇ ਛਲੱਣੀ ਹੋਏ ਹਨ, ਪਰ ਸਾਡੀ ਪ੍ਰਤੀਕ੍ਰਿਆ ਦੇ ਹੋਰ ਢੰਗ ਹਨ । ਇੱਥੇ ਮੈਂ ਇਹ ਵੀ ਦੱਸ ਦਿਆਂ ਕਿ ਕੋਈ ਦੂਰ ਨਹੀਂ ਕਿ ਹਮੇਸ਼ਾ ਵਾਂਗ ਸਮੇਂ ਸਮੇਂ 'ਤੇ ਅਜਿਹੇ ਸ਼ੋਸ਼ੇ ਭਵਿੱਖ ਵਿੱਚ ਵੀ ਛੱਡਦੇ ਰਹਿਣ । ਕੋਈ ਨ ਕੋਈ ਅਜਿਹੀ ਹਰਕਤ ਕਰ ਜਾਣ ਜਿਸ ਤੋਂ ਮੁਸਲਮਾਨਾਂ ਦੇ ਦਿਲ ਦੁਖਣ ਅਤੇ ਇਸ ਦੇ ਪਿੱਛੇ ਇਕ ਇਹ ਵੀ ਉਦੇਸ਼ ਹੋ ਸਕਦਾ ਹੈ ਕਿ ਕਨੂਨੀ ਤੌਰ 'ਤੇ ਮੁਸਲਮਾਨਾਂ ਉਪੱਰ ਵਿਸ਼ੇਸ਼ ਤੌਰ 'ਤੇ ਪੂਰਬ ਵੱਲੋਂ ਆਉਣ ਵਾਲੇ ਅਤੇ ਭਾਰਤ ਤੇ ਪਾਕਿਸਤਾਨ ਤੋਂ ਆਉਰ ਵਾਲਿਆਂ ਉਪੱਰ ਇਸ ਬਹਾਨੇ ਪਾਬੰਦੀ ਲਾਉਣ ਦੇ ਜਤਨ ਕੀਤੇ ਜਾਣ। ਇਸ ਗੱਲ ਨੂੰ ਅੱਖੋਂ ਓਹਲੇ ਕਰਦਿਆਂ ਹੋਇਆਂ ਕਿ ਇਹ ਪਾਬੰਦੀਆਂ ਲਾਉਂਦੇ ਹਨ ਜਾਂ ਨਹੀਂ ਸਾਨੂੰ ਆਪਣੇ ਰਵਈਏ, ਇਸਲਾਮੀ ਕਦਰਾਂ ਤੇ ਸਿੱਖਿਆ ਅਨੁਸਾਰ ਢਾਲ੍ਹਣੇ ਚਾਹੀਦੇ ਹਨ ।

ਜਿਵੇਂ ਕਿ ਮੈਂ ਕਿਹਾ ਸੀ ਕਿ ਇਸਲਾਮ ਦੇ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਿਰੁਧ ਅਰੰਭ ਤੋਂ ਹੀ ਇਹ ਸਾਜ਼ਸ਼ਾਂ ਚਲ ਰਹੀਆਂ ਹਨ । ਪਰ ਖ਼ੁਦਾ ਤਆਲਾ ਨੇ ਕਿਉਂਕਿ ਇਸ ਦੀ ਸੁਰੱਖਿਆ ਕਰਨੀ ਹੈ, ਵਾਦਾ ਹੈ ਇਸ ਲਈ ਉਹ ਸੁਰੱਖਿਆ ਕਰਦਾ ਚਲਾ ਆ ਰਿਹਾ ਹੈ । ਸਾਰੇ ਦੇ ਸਾਰੇ ਵਿਰੋਧੀ ਜਤਨ ਅਸਫ਼ਲ ਹੋ ਜਾਂਦੇ ਹਨ ।

## ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਿਰੁਧ ਸਾਜ਼ਸ਼ਾਂ ਦੀ ਪ੍ਰਤੀਰੱਖਿਆ ਮਸੀਹ ਮਊਦ ਨੇ ਹੀ ਕਰਨੀ ਸੀ

ਇਸ ਜ਼ਮਾਨੇ ਵਿੱਚ ਉਸਨੇ ਮਸੀਹ ਮਊਦ ਅਲੈਹਿ ਸਲਾਮ ਨੂੰ ਇਸ

ਉਦੇਸ਼ ਨਾਲ ਭੇਜਿਆ ਹੈ, ਅਤੇ ਇਸ ਜ਼ਮਾਨੇ ਵਿੱਚ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਿਅਕਤੀਤਵ ਉਪੱਰ ਜੋ ਹਮਲੇ ਹੋਏ ਅਤੇ ਜਿਵੇਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਅਤੇ ਮਗਰੋਂ ਆਪ ਜੀ ਦੀ ਸਿੱਖਿਆ ਉਪੱਰ ਅਮਲ ਕਰਦਿਆਂ ਹੋਇਆ ਆਪ ਜੀ ਦੇ ਰੂਹਾਨੀ ਖ਼ਲੀਫ਼ਿਆਂ ਨੇ ਜਮਾਤ ਦਾ ਮਾਰਗ ਦਰਸ਼ਨ ਕੀਤਾ ਅਤੇ ਪ੍ਰਤੀਕ੍ਰਿਆ ਦਿਖਾਈ ਅਤੇ ਫਿਰ ਜੋ ਸਿੱਟੇ ਸਾਹਮਣੇ ਆਏ ਉਸ ਦੀਆਂ ਇਕ ਦੋ ਉਦਾਹਰਣਾ ਪ੍ਰਸਤੁਤ ਕਰਦਾ ਹਾਂ ਤਾਂ ਜੋ ਉਹ ਲੋਕ ਜੋ ਅਹਮਦੀਆਂ ਉਪੱਰ ਦੋਸ਼ ਲਾਉਂਦੇ ਹਨ ਕਿ ਹੜਤਾਲਾਂ ਨ ਕਰਕੇ ਅਤੇ ਉਹਨਾ ਵਿੱਚ ਭਾਗ ਨ ਲੈਕੇ ਅਸੀਂ ਇਹ ਪ੍ਰਮਾਣਤ ਕਰ ਰਹੇ ਹਾਂ ਕਿ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਿਅਕਤੀਤਵ ਉਪੱਰ ਚਿਕੱੜ ਪਾਉਣ ਦਾ ਕੋਈ ਦੁਖ ਨਹੀਂ, ਉਹਨਾਂ 'ਤੇ ਜਮਾਤ ਦੇ ਕੰਮ ਸਪਸ਼ਟ ਹੋ ਜਾਣ ।

ਸਾਡਾ ਪ੍ਰਤੀਕ੍ਰਮ ਸਦੈਵ ਅਜਿਹਾ ਹੁੰਦਾ ਹੈ ਕਿ ਅਤੇ ਹੋਣਾ ਚਾਹੀਦਾ ਹੈ, ਜਿਸ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਸਿੱਖਿਆ ਅਤੇ ਜੀਵਨ ਆਚਰਣ ਨਿਖੱੜ ਕੇ ਸਾਹਮਣੇ ਆਵੇ, ਕੁਰਆਨ ਕਰੀਮ ਦੀ ਸਿੱਖਿਆ ਨਿਖੱੜਕੇ ਸਾਹਮਣੇ ਆਵੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਿਅਕਤੀਤਵ ਉਪੱਰ ਨਾਪਾਕ ਹਮਲੇ ਦੇਖ ਕੇ ਭੰਨ ਤੋੜ ਦੀਆਂ ਆਤੰਕੀ ਕਾਰਵਾਈਆ ਕਰਨ ਦੀ ਥਾਂ ਰੱਬ ਦੀ ਹਜ਼ੂਰੀ ਵਿੱਚ ਝੁਕਦਿਆਂ ਹੋਇਆਂ ਉਸ ਤੋਂ ਮਦਦ ਮੰਗਣ ਵਾਲੇ ਅਸੀਂ ਬਣਦੇ ਹਾਂ । ਹੁਣ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਪ੍ਰੇਮੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨਾਲ ਸੱਚੇ ਪ੍ਰੇਮ ਦੇ ਆਤਮ ਸਮੱਾਨ ਦੀਆਂ ਦੋ ਉਦਾਹਰਣਾ ਦਿੰਦਾ ਹਾਂ :

ਪਹਿਲੀ ਉਦਾਹਰਣ ਅਬਦੁੱਲਾਹ ਆਥਮ ਦੀ ਹੈ, ਜੋ ਈਸਾਈ ਸੀ । ਉਸਨੇ ਆਪਣੀ ਕਿਤਾਬ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਬਾਰੇ ਅਤਿਅੰਤ ਗੰਦੀ ਬੁੱਧੀ ਦਾ ਪ੍ਰਗਟਾਵਾਂ ਕਰਦਿਆਂ ਹੋਇਆਂ 'ਦਜੱਾਲ' (ਝੂਠਾ) ਸ਼ਬਦ ਵਰਤਿਆ । ਉਸ ਸਮੇਂ ਹਜ਼ਰਤ ਮਸੀਹ ਮਊਦ

ਅਲੈਹਿ ਸਲਾਮ ਨਾਲ ਇਸਲਾਮ ਅਤੇ ਈਸਾਈਯੱਤ ਬਾਰੇ ਇਕ ਮੁਬਾਹਸਾ (ਚਰਚਾ ਕਰਨ ਦੀ ਕ੍ਰਿਯਾ) ਵੀ ਚੱਲ ਰਿਹਾ ਸੀ, ਇਕ ਬਹਿਸ ਹੋ ਰਹੀ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਪੰਦਰਾਂ ਦਿਨਾ ਤੱਕ ਬਹਿਸ ਵਿੱਚ ਲੀਨ ਰਿਹਾ, ਬਹਿਸ ਚਲਦੀ ਰਹੀ ਅਤੇ ਗੁਪਤ ਰੂਪ ਵਿੱਚ ਆਥਮ ਦੇ ਦੰਡ ਲਈ ਦੁਆਵਾਂ ਮੰਗਦਾ ਰਿਹਾ ਅਰਥਾਤ ਜੋ ਸ਼ਬਦ ਉਸਨੇ ਵਰਤੇ ਸਨ ਉਸਦੀ ਪਕੜ ਲਈ । ਆਪ ਫ਼ਰਮਾਉਂਦੇ ਹਨ ਕਿ ਜੱਦ ਬਹਿਸ ਖ਼ਤਮ ਹੋਈ ਤਾਂ ਮੈਂ ਉਸਨੂੰ ਕਿਹਾ ਇਕ ਬਹਿਸ ਤਾਂ ਖ਼ਤਮ ਹੋ ਗਈ ਪਰ ਇਕ ਢੰਗ ਦਾ ਮੁਕਾਬਲਾ ਬਾਕੀ ਰਿਹਾ ਜੋ ਰੱਬ ਵੱਲੋਂ ਹੈ ਉਹ ਇਹ ਹੈ ਕਿ ਆਪ ਨੇ ਆਪਣੀ ਕਿਤਾਬ "ਅੰਤਰੀਵ ਬਾਈਬਲ" ਵਿੱਚ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਦਜੱਾਲ ਦੇ ਨਾਂ ਨਾਲ ਸੰਬੋਧਨ ਕੀਤਾ ਹੈ ਅਤੇ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਸਾਦਕ ਤੇ ਸਚੱਾ ਮਨ੍ਹਦਾ ਹਾਂ ਅਤੇ ਇਸਲਾਮ ਨੂੰ ਅਲੱਾਹ ਵੱਲੋਂ ਯਕੀਨ ਕਰਦਾ ਹਾਂ । ਇਸ ਲਈ ਇਹ ਉਹ ਮੁਕਾਬਲਾ ਹੈ ਕਿ ਆਕਾਸ਼ੀ ਨਿਰਣਾ ਇਸਦਾ ਸਿੱਟਾ ਕੱਢੇਗਾ । ਅਤੇ ਉਹ ਆਕਾਸ਼ੀ ਨਿਰਣਾ ਇਹ ਹੈ ਕਿ ਸਾਡੇ ਦੋਹਾਂ ਵਿੱਚੋਂ ਜੋ ਆਪਣੇ ਕਥਨਾਂ ਵਿੱਚ ਝੂਠਾ ਹੈ ਅਤੇ ਨਾਹੱਕ ਹੀ ਰਸੂਲ ਨੂੰ ਝੂਠਾ ਤੇ ਦਜੱਾਲ ਕਹਿੰਦਾ ਹੈ ਅਤੇ ਸਚੱਾਈ ਦਾ ਦੁਸ਼ਮਨ ਹੈ ਉਹ ਅੱਜ ਦੇ ਦਿਨ ਤੋਂ ਪੰਦਰਾਂ ਮਹੀਨੇ ਤੱਕ ਉਸ ਮਨੁੱਖ ਦੇ ਜੀਵਨ ਵਿੱਚ ਹੀ ਜੋ ਸਚੱਾਈ ਉਪੱਰ ਹੈ ਮਹਾਂ ਨਰਕ ਵਿੱਚ ਪਏਗਾ, ਬਸ਼ਰਤੇ ਕਿ ਸਚੱਾਈ ਵੱਲ ਮੂੰਹ ਨ ਮੋੜੇ ਅਰਥਾਤ ਸੱਚੇ ਤੇ ਸਾਦਕ ਨਬੀ ਨੂੰ ਦਜੱਾਲ ਆਖਣ ਤੋਂ ਨ ਮੁੜੇ ਅਤੇ ਨਿਧੜਕਤਾ ਤੇ ਬਦਜ਼ੁਬਾਨੀ ਨ ਛੱਡੇ । ਇਹ ਇਸ ਲਈ ਕਿਹਾ ਗਿਆ ਹੈ ਕਿ ਕੇਵਲ ਕਿਸੇ ਧਰਮ ਦਾ ਇੰਕਾਰ ਕਰ ਦੇਣਾ ਦੁਨੀਆ ਵਿੱਚ ਦੰਡ ਯੋਗ ਨਹੀਂ ਹੈ ਸਗੋਂ ਨਿਧੜਕ, ਘੁਮੰਡ ਅਤੇ ਬਦਜ਼ੁਬਾਨੀ ਦੰਡ ਯੋਗ ਬਣਦੀ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੱਦ ਮੈਂ ਉਸਨੂੰ ਇਹ ਕਿਹਾ ਤਾਂ ਉਸਦਾ ਰੰਗ ਫੱਕ ਹੋ ਗਿਆ, ਮੁੱਖ

ਪੀਲਾ ਪੈ ਗਿਆ, ਹੱਥ ਕੰਬਣ ਲੱਗੇ ਅਤੇ ਝੱਟ ਆਪਣੀ ਜੀਭ ਮੂੰਹ'ਚੋਂ ਬਾਹਰ ਕੱਢ ਕੇ ਦੋਵੇਂ ਹੱਥ ਕੰਨਾ ਉਪੱਰ ਰੱਖ ਲਏ ਅਤੇ ਹੱਥਾਂ ਨੂੰ ਆਪਣੇ ਸਿਰ ਸਣੇ ਹਿਲਾਉਣਾ ਅਰੰਭ ਕਰ ਦਿੱਤਾ । ਜਿਵੇਂ ਕਿ ਇਕ ਡਰਿਆ ਮੁਲਜ਼ਮ ਇਕ ਕਰੜੇ ਜੁਰਮ ਦਾ ਇਨਕਾਰ ਕਰਕੇ ਤੌਬਾ ਤੇ ਪਛਤਾਵੇ ਦੇ ਰੂਪ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਅਤੇ ਵਾਰ ਵਾਰ ਕਹਿੰਦਾ ਹੈ ਕਿ ਤੌਬਾ ਤੌਬਾ ਮੈਂ ਬੇਅਦਬੀ ਤੇ ਗ਼ੁਸਤਾਖ਼ੀ ਨਹੀਂ ਕੀਤੀ ਅਤੇ ਫਿਰ ਬਾਦ ਵਿੱਚ ਵੀ ਕਦੇ ਇਸਲਾਮ ਦੇ ਖਿਲਾਫ਼ ਨਹੀਂ ਬੋਲਿਆ ।

ਇਹ ਸੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਆਤਮ ਸਮੱਾਨ ਰੱਖਣ ਵਾਲੇ ਰੱਬ ਦੇ ਸ਼ੇਰ ਦਾ ਪ੍ਰਤੀਕ੍ਰਮ । ਉਹ ਲਲਕਾਰਦੇ ਸਨ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਨੂੰ ।

ਫਿਰ ਇਕ ਮਨੁੱਖ ਲੇਖ ਰਾਮ ਸੀ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਗਾਲ੍ਹਾਂ ਕਢੱਦਾ ਸੀ । ਉਸਦੀ ਇਸ ਨਿਧੜਕਤਾ ਉਪੱਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਉਸਨੂੰ ਮੋੜਨ ਦੇ ਜਤਨ ਕੀਤੇ, ਉਹ ਨ ਮੁੜਿਆ । ਅੰਤ ਅਪਨੇ ਦੁਆ ਕੀਤੀ ਤਾਂ ਅਲੱਾਹ ਤਆਲਾ ਨੇ ਉਸਦੀ ਪੀੜਾ ਦਾਇਕ ਮੌਤ ਦੀ ਸੂਚਨਾ ਦਿੱਤੀ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਸ ਬਾਰੇ ਫ਼ਰਮਾਉਂਦੇ ਹਨ ਕਿ ਰੱਬ ਨੇ ਇਕ ਅਲੱਾਹ ਅਤੇ ਉਸਦੇ ਰਸੂਲ ਦੇ ਦੁਸ਼ਮਨ ਬਾਰੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਗਾਲ੍ਹਾਂ ਕਢੱਦਾ ਹੈ ਅਤੇ ਨਾਪਾਕ ਬੋਲ ਬੋਲਦਾ ਹੈ ਜਿਸਦਾ ਨਾਂ ਲੇਖ ਰਾਮ ਹੈ ਮੈਂਨੂੰ ਵਾਦਾ ਦਿੱਤਾ ਅਤੇ ਮੇਰੀ ਦੁਆ ਸੁਣੀ ਅਤੇ ਜੱਦ ਮੈਂ ਉਸ 'ਤੇ ਬਦ ਦੁਆ ਕੀਤੀ ਤਾਂ ਰੱਬ ਨੇ ਮੈਂਨੂੰ ਖ਼ੁਸ਼ਖ਼ਬਰੀ ਦਿੱਤੀ ਕਿ ਉਹ ਛੇ ਵਰ੍ਹਿਆਂ ਦੇ ਅੰਦਰ ਅੰਦਰ ਹਲਾਕ ਹੋ ਜਾਵੇਗਾ। ਇਹ ਉਹਨਾਂ ਲਈ ਨਿਸ਼ਾਨ (ਚਮਤਕਾਰ) ਹੈ ਜੋ ਸੱਚੇ ਧਰਮ ਨੂੰ ਢੂੰਡਦੇ ਹਨ । ਸੋ ਅਜਿਹਾ ਹੀ ਹੋਇਆ ਅਤੇ ਉਹ ਬਹੁਤ ਹੀ ਪੀੜਾਦਾਇਕ ਮੌਤ ਮਰਿਆ ।

## ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਦੇ ਅਖ਼ਲਾਕ (ਉਚ ਆਚਰਣ) ਦੁਨੀਆ ਦੇ ਸਾਹਮਣੇ ਪੇਸ਼ ਕਰੋ

ਇਹੋ ਢੰਗ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਸਾਨੂੰ ਸਿਖਾਏ ਹਨ ਕਿ ਇਸ ਪ੍ਰਕਾਰ ਦੀਆਂ ਹਰਕਤਾ ਕਰਨ ਵਾਲਿਆਂ ਨੂੰ ਸਮਝਾਓ। ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਗੁਣਾ ਨੂੰ ਵਰਨਣ ਕਰੋ, ਦੁਨੀਆ ਨੂੰ ਉਹਨਾਂ ਸੁੰਦਰ ਤੇ ਆਕਰਸ਼ਕ ਪੱਖਾਂ ਤੋਂ ਜਾਣੂ ਕਰਾਓ ਜੋ ਦੁਨੀਆਂ ਦੀਆਂ ਅੱਖਾਂ ਤੋਂ ਲੁਕੇ ਹੋਏ ਹਨ । ਅਲੱਾਹ ਤੋਂ ਦੁਆ ਮੰਗੋ ਕਿ ਰੱਬ ਉਹਨਾਂ ਨੂੰ ਇਹਨਾਂ ਹਰਕਤਾਂ ਤੋਂ ਮੋੜੀ ਰੱਖੇ ਜਾਂ ਫਿਰ ਆਪ ਉਹਨਾਂ ਨੂੰ ਫੜੇ । ਰੱਬ ਦੀ ਪਕੜ ਦੇ ਆਪਣੇ ਢੰਗ ਹਨ ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਸਨੇ ਕਿਵੇਂ ਕਿਸ ਨੂੰ ਪਕੜਨਾ ਹੈ ।

ਫਿਰ ਦੂਜੀ ਖ਼ਿਲਾਫ਼ਤ ਸਮੇਂ ਵੀ ਇਕ ਅਤਿਅੰਤ ਬੇਹੂਦਾ ਕਿਤਾਬ 'ਰੰਗੀਲਾ ਰਸੂਲ' ਦੇ ਨਾਂ ਨਾਲ ਲਿਖੀ ਗਈ । ਫਿਰ ਇਕ ਰਸਾਲੇ 'ਵਰਤਮਾਨ' ਨੇ ਬੇਹੂਦਾ ਲੇਖ ਪ੍ਰਕਾਸ਼ਤ ਕੀਤੇ । ਜਿਸ ਦੇ ਸਬਬ ਭਾਰਤ ਦੇ ਮੁਸਲਮਾਨਾਂ ਵਿੱਚ ਇਕ ਜੋਸ਼ ਪੈਦਾ ਹੋ ਗਿਆ । ਹਰ ਪਾਸੇ ਮੁਸਲਮਾਨਾਂ ਵਿੱਚ ਇਕ ਜੋਸ਼ ਸੀ ਜੋ ਅਤਿਅੰਤ ਕਠੋਰ ਪ੍ਰਤੀਕ੍ਰਮ ਸੀ ।

ਇਸ 'ਤੇ ਹਜ਼ਰਤ ਮੁਸਲੇਹ ਮਊਦ ਰਜ਼ੀ ਅਲੱਾਹ ਅਨਹੁ ਦੂਸਰੇ ਰੂਹਾਨੀ ਖ਼ਲੀਫ਼ਾ ਨੇ ਮੁਸਾਲਮਾਨਾਂ ਨੂੰ ਸੰਬੋਧਤ ਕਰਦਿਆ ਹੋਇਆਂ ਫ਼ਰਮਾਇਆ ਕਿ "ਹੇ, ਭਰਾਓ ! ਮੈਂ ਦੁਖ ਭਰੇ ਮਨ ਨਾਲ ਫ਼ਿਰ ਕਹਿੰਦਾ ਹਾਂ ਕਿ ਬਹਾਦੁਰ ਉਹ ਨਹੀਂ ਜੋ ਲੜਨ ਲਗਦਾ ਹੈ, ਉਹ ਬੁਜ਼ਦਿਲਾ ਹੈ ਕਿਉਂਕਿ ਉਹ ਆਪਣੇ ਆਪੇ ਤੋਂ ਪਛੱੜ ਗਿਆ ਹੈ ।" (ਹੁਣ ਇਹ ਹਦੀਸ ਅਨੁਸਾਰ ਹੈ ਕਿ ਗੁੱਸੇ ਨੂੰ ਦੱਬ ਲੈਣ ਵਾਲਾ ਅਸਲ ਵਿੱਚ ਬਹਾਦੁਰ ਹੁੰਦਾ ਹੈ । ਫ਼ਰਮਾਇਆ ਕਿ) "ਬਹਾਦੁਰ ਉਹ ਹੈ ਜੋ ਪੱਕਾ ਨਿਸ਼ਚਾ ਕਰ ਲੈਂਦਾ ਹੈ ਅਤੇ ਜੱਦ ਤੱਕ ਉਸ ਨੂੰ ਪੂਰਾ ਨ ਕਰੇ ਉਸ ਤੋਂ ਪਿੱਛੇ ਨਹੀਂ ਹਟਦਾ । ਆਪ ਨੇ ਫ਼ਰਮਾਇਆ,

ਇਸਲਾਮ ਦੀ ਤਰੱਕੀ ਲਈ ਤਿੰਨ ਗੱਲਾਂ ਦਾ ਪ੍ਰਣ ਕਰੋ । ਪਹਿਲੀ ਇਹ ਕਿ ਆਪ ਰੱਬ ਦੇ ਖ਼ੌਫ਼ ਨਾਲ ਕੰਮ ਲਓਗੇ ਅਤੇ ਧਰਮ ਨੂੰ ਬੇਪਰਵਾਹੀ ਦੀ ਦ੍ਰਿਸ਼ਟੀ ਨਾਲ ਨਹੀਂ ਦੇਖੋਗੇ । ਪਹਿਲਾਂ ਆਪ ਆਪਣੇ ਕਰਮ ਸੁਧਾਰੋ । ਦੂਜਾ ਇਹ ਕਿ ਇਸਲਾਮ ਦੇ ਪ੍ਰਚਾਰ ਲਈ ਪੂਰੀ ਦਿਲਚਸਪੀ ਲਓਗੇ ਤਾਂ ਜੋ ਇਸਲਾਮ ਦੀ ਸਿੱਖਿਆ ਹਰ ਮਨੁੱਖ ਨੂੰ ਪਤਾ ਲੱਗੇ । ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਦੇ ਗੁਣਾ, ਉਪਕਾਰਾਂ, ਸੁੰਦਰ ਅਖ਼ਲਾਕੀ ਜੀਵਨ ਬਾਰੇ ਪਤਾ ਲੱਗੇ, ਆਪਦੇ ਆਚਰਣ ਦਾ ਪਤਾ ਲੱਗੇ । ਤੀਜਾ ਇਹ ਕਿ ਆਪ ਮੁਸਲਮਾਨਾਂ ਨੂੰ ਸਮਾਜਕ ਤੇ ਆਰਥਕ ਗ਼ੁਲਾਮੀ ਤੋਂ ਬਚਾਉਣ ਲਈ ਹਰ ਸੰਭਵ ਜਤਨ ਕਰੋਗੇ।

(ਅਨਵਾਰੁਲ ਉਲੂਮ ਜਿਲਦ 9, ਪੰਨਾ 555-556)

ਹੁਣ ਹਰ ਇਕ ਮੁਸਲਮਾਨ ਦਾ, ਇਕ ਆਮ ਮਨੁੱਖ ਦਾ ਵੀ ਤੇ ਲੀਡਰਾਂ ਦਾ ਵੀ ਫ਼ਰਜ਼ ਹੈ । ਹੁਣ ਦੇਖੋ ਅਜ਼ਾਦੀ ਹੁੰਦਿਆ ਹੋਇਆ ਵੀ ਇਹ ਮੁਸਲਮਾਨ ਦੇਸ਼ ਜੋ ਸੁਤੰਤਰ ਅਖਵਾਉਂਦੇ ਹਨ, ਸੁਤੰਤਰ ਹੁਦਿਆਂ ਹੋਇਆ ਵੀ ਹੁਣ ਤੱਕ ਸਮਾਜਕ ਤੇ ਆਰਥਕ ਗ਼ੁਲਾਮੀ ਦਾ ਸ਼ਿਕਾਰ ਹਨ । ਉਹਨਾ ਪਛੱਮੀ ਕੌਮਾ ਦੇ ਪਰਉਪਕਾਰਾਂ ਹੇਠ ਹਨ ਅਤੇ ਉਹਨਾਂ ਦੀ ਨਕਲ ਕਰਨ ਵਿੱਚ ਲੱਗੇ ਹੋਏ ਹਨ । ਆਪ ਕੰਮ ਨਹੀਂ ਕਰਦੇ, ਬਹੁਤਾ ਉਹਨਾਂ 'ਤੇ ਸਾਡਾ ਨਿਰਭਰ ਹੈ ਅਤੇ ਇਸੇ ਲਈ ਇਹ ਵੇਲੇ ਕੁਵੇਲੇ ਮੁਸਲਮਾਨਾਂ ਦੇ ਜਜ਼ਬਿਆਂ ਨਾਲ ਖੇਡਦੇ ਰਹਿੰਦੇ ਹਨ । ਫਿਰ ਆਪਨੇ 'ਸੀਰਾਤੁੰਨਬੀ ਸਲਲਾਹੁ ਅਲੈਹਿ ਵਸਲੱਮ' (ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਦਾ ਜੀਵਨ ਆਚਰਣ) ਦੇ ਜਲਸੇ ਅਰੰਭ ਕਰਵਾਏ । ਇਹ ਤਰੀਕੇ ਹਨ ਪ੍ਰਤੀਕ੍ਰਮ ਦੇ ਨ ਕਿ ਤੋੜ ਫ਼ੋੜ ਕਰਨਾ, ਫਸਾਦ ਮਚਾਉਣਾ ਅਤੇ ਉਹਨਾ ਗੱਲਾਂ 'ਚ ਜੋ ਆਪ ਨੇ ਮੁਸਲਮਾਨਾਂ ਨੂੰ ਸੰਬੋਧਤ ਕੀਤੀਆਂ ਸਨ ਸਭ ਤੋਂ ਵੱਧ ਅਹਮਦੀ ਮੁਸਲਮਾਨ ਸੰਬੋਧਤ ਹਨ ।

ਇਹਨਾ ਦੇਸ਼ਾਂ ਦੀਆਂ ਕੁਝ ਗ਼ਲਤ ਰੀਤੀਆਂ ਗ਼ੈਰ ਅਨੁਭਵੀ ਢੰਗਾ ਰਾਹੀਂ ਸਾਡੇ ਪਰਿਵਾਰਾਂ ਵਿੱਚ ਦਾਖ਼ਲ ਹੋ ਰਹੀਆਂ ਹਨ । ਮੈਂ ਅਹਮਦੀਆਂ ਨੂੰ ਕਹਿੰਦਾ ਹਾਂ ਕਿ ਆਪ ਲੋਕ ਵੀ ਸੰਬੋਧਤ ਸਨ । ਇਹ ਜੋ ਚੰਗੀਆਂ ਗੱਲਾਂ ਹਨ ਉਹਨਾਂ ਦੇ

ਸਮਾਜ ਦੀਆਂ ਉਹ ਤਾਂ ਅਪਣਾਓ ਪਰ ਜੋ ਗ਼ਲਤ ਹਨ ਉਹਨਾਂ ਤੋਂ ਸਾਨੂੰ ਬਚਣਾ ਚਾਹੀਦਾ ਹੈ । ਸਾਡਾ ਰੀਐਕਸ਼ਨ (Reaction) ਇਹੋ ਹੋਣਾ ਚਾਹੀਦਾ ਹੈ ਕਿ ਤੋੜ ਫੋੜ ਦੀ ਥਾਂ ਸਾਨੂੰ ਆਪਣੀ ਪੜਤਾਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਅਸੀਂ ਦੇਖੀਏ ਕਿ ਸਾਡੇ ਕਰਮ ਕੀ ਹਨ, ਸਾਡੇ ਅੰਦਰ ਰੱਬ ਦਾ ਕਿੰਨ੍ਹਾ ਖ਼ੌਫ਼ ਹੈ, ਉਸਦੀ ਬੰਦਗੀ ਵੱਲ ਕਿੰਨ੍ਹਾ ਧਿਆਨ ਹੈ, ਧਾਰਮਕ ਆਦੇਸ਼ਾਂ ਉਪੱਰ ਅਮਲ ਕਰਨ ਵੱਲ ਕਿੰਨ੍ਹੀ ਕੁ ਖਿੱਚ ਹੈ ਅਤੇ ਰੱਬ ਦਾ ਸੰਦੇਸ਼ ਪਹੁੰਚਾਉਣ ਵੱਲ ਕਿੰਨ੍ਹੀ ਕੁ ਤਤਪਰਤਾ ਹੈ ।

ਫਿਰ ਦੇਖੋ ਚੌਥੀ ਰੂਹਾਨੀ ਖ਼ਿਲਾਫ਼ਤ ਦਾ ਸਮਾਂ ਸੀ ਜੱਦ ਰੁਸ਼ਦੀ ਨੇ ਅਤਿਅੰਤ ਤੌਹੀਨ ਭਰੀ ਕਿਤਾਬ ਲਿਖੀ ਸੀ । ਉਸ ਸਮੇਂ ਚੌਥੇ ਰੂਹਾਨੀ ਖ਼ਲੀਫ਼ਾ ਨੇ ਖ਼ੁਤਬੇ (ਜੁੱਮੇ ਦੇ ਭਾਸ਼ਣ) ਵੀ ਦਿੱਤੇ ਸਨ ਅਤੇ ਇਕ ਕਿਤਾਬ ਵੀ ਲਿਖਵਾਈ ਸੀ। ਫਿਰ ਜਿਵੇਂ ਕਿ ਮੈਂ ਕਿਹਾ ਇਹ ਹਰਕਤਾਂ ਹੁੰਦੀਆਂ ਰਿਹੰਦੀਆਂ ਹਨ । ਬੀਤੇ ਸਾਲ ਦੇ ਅਰੰਭ ਵਿੱਚ ਹੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਬਾਰੇ ਇਸ ਪ੍ਰਕਾਰ ਦਾ ਇਕ ਲੇਖ ਆਇਆ ਸੀ । ਉਸ ਸਮੇਂ ਵੀ ਮੈਂ ਜਮਾਤ ਅਹਮਦੀਆ ਨੂੰ ਵੀ ਅਤੇ ਕਾਰਜਕਾਰੀ ਤੰਜ਼ੀਮਾ ਨੂੰ ਵੀ ਧਿਆਨ ਦੁਆਇਆ ਸੀ ਕਿ ਲੇਖ ਲਿਖੱਣ, ਚਿੱਠੀਆਂ ਲਿਖੱਣ ਅਤੇ ਆਪਣੇ ਰਾਬਤਿਆਂ ਦਾ ਵਿਸਥਾਰ ਕਰਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਦੇ ਗੁਣ, ਉਪਕਾਰ ਅਤੇ ਆਚਰਣ ਵਰਨਣ ਕਰਨ । ਇਹ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਦੇ ਸੁੰਦਰ ਪੱਖਾਂ ਨੂੰ ਦੁਨੀਆ ਨੂੰ ਦਰਸ਼ਾਉਣ ਦਾ ਪ੍ਰਸ਼ਨ ਹੈ। ਇਹ ਤੋੜ ਫੋੜ ਨਾਲ ਤਾਂ ਪ੍ਰਾਪਤ ਨਹੀਂ ਹੋ ਸਕਦਾ । ਇਸ ਲਈ ਜੇਕਰ ਹਰ ਇਕ ਪਧੱਰ ਦੇ ਅਹਮਦੀ ਹਰ ਇਕ ਦੇਸ਼ ਵਿੱਚ ਹੋਰਨਾਂ ਪੜ੍ਹੇ ਲਿਖੇ ਤੇ ਸਮਝਦਾਰ ਮੁਸਲਮਾਨਾਂ ਨੂੰ ਵੀ ਸ਼ਾਮਲ ਕਰਨ ਕਿ ਤੁਸੀਂ ਵੀ ਇਸ ਪ੍ਰਕਾਰ ਸ਼ਾਂਤੀ ਪੂਰਨ ਢੰਗ ਨਾਲ ਆਪਣੇ ਪ੍ਰਤੀਕ੍ਰਮ ਦਿਖਾਓ, ਆਪਣੇ ਰਾਬਤੇ ਵਧਾਓ ਅਤੇ ਲਿਖੋ ਤਾਂ ਹਰ ਦੇਸ਼ ਵਿੱਚ ਹਰ ਪਧੱਰ ਵਿੱਚ ਤਰਕ ਸੰਪੂਰਨ ਹੋ ਜਾਵੇਗਾ। ਫਿਰ ਜੋ ਕਰੇਗਾ ਉਸਦਾ ਮਾਮਲਾ ਰੱਬ ਨਾਲ ਹੈ ।

ਅਲੱਾਹ ਤਆਲਾ ਨੇ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਸਾਰਿਆਂ ਜਹਾਂਨਾਂ ਲਈ ਰਹਿਮਤ ਬਣਾਕੇ ਭੇਜਿਆ ਹੈ, ਜਿਵੇਂ ਕਿ ਉਹ ਆਪ ਫ਼ਰਮਾਉਂਦਾ :

وَمَآ اَرْسَلْنٰكَ اِلَّا رَحْمَةً لِّلْعٰلَمِيْنَ۔ (سورۃ الانبیاء : آیت ۱۰۸)

''ਵਮਾ ਅਰਸਲਨਾਕਾ ਇਲੱਾ ਰਹਮਾਤਨ ਲਿਲ ਅਲਾਮੀਨ''

(ਸੂਰਾਤੁਲ ਅੰਬਿਯਾ, ਆਇਤ 108)

ਅਰਥਾਤ ਕੀ ਅਸੀਂ ਤੈਨੂੰ ਨਹੀਂ ਭੇਜਿਆ ਪਰ ਸਾਰਿਆਂ ਜਹਾਨਾਂ ਲਈ ਰਹਿਮਤ ਦੇ ਰੂਪ ਵਿੱਚ । ਆਪ ਤੋਂ ਵੱਡੀ ਹਸਤੀ, ਰਹਿਮਤ ਵੰਡਣ ਵਾਲੀ ਹਸਤੀ, ਨ ਪਹਿਲਾਂ ਕਦੇ ਪੈਦਾ ਹੋਈ ਅਤੇ ਨ ਹੀ ਬਾਦ ਵਿੱਚ ਹੋ ਸਕਦੀ ਹੈ । ਹਾਂ, ਆਪ ਦਾ ਜੀਵਨ ਚਰਿਤ੍ਰ ਹੈ ਜੋ ਸਦੈਵ ਸਥਾਪਤ ਰਹੇਗਾ ਅਤੇ ਉਸ ਉਪੱਰ ਚਲੱਣ ਦਾ ਹਰ ਇਕ ਮੁਸਲਮਾਨ ਨੂੰ ਜਤਨ ਕਰਨਾ ਚਾਹੀਦਾ ਹੈ । ਇਸ ਲਈ ਵੀ ਸਭ ਤੋਂ ਵੱਧ ਜ਼ੁੰਮੇਵਾਰੀ ਅਹਮਦੀ ਦੀ ਹੈ, ਸਾਡੇ ਉਪੱਰ ਲਾਗੂ ਹੁੰਦੀ ਹੈ । ਹਾਂ , ਆਪ ਸਲਲੱਾਹੁ ਅਲੈਹਿ ਵਸਲੱਮ ਰਹਿਮਾਤੁਲ ਲਿਲ ਆਲਾਮੀਨ ਹਨ ਅਤੇ ਇਹ ਲੋਕ ਆਪ ਦਾ ਇਹ ਪੱਖ ਪ੍ਰਸਤੁਤ ਕਰਦੇ ਹਨ ਜਿਸ ਤੋਂ ਅਤਿਅੰਤ ਭਿਆਨਕ ਪੱਖ ਉਭਰਦਾ ਹੈ । ਇਸ ਲਈ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਿਆਰ, ਸਨੇਹ ਅਤੇ ਰਹਿਮਤ ਦੇ ਜੀਵਨ ਚਰਿਤ੍ਰ ਨੂੰ ਦੁਨੀਆਂ ਸਾਹਮਣੇ ਪੇਸ਼ ਕਰਨਾ ਹੈ ਅਤੇ ਪ੍ਰਗਟ ਕਰਨਾ ਹੈ। ਇਸ ਨੂੰ ਦਸੱਣ ਲਈ ਮੁਸਲਮਾਨਾਂ ਨੂੰ ਆਪਣੇ ਰਵਈਏ ਵੀ ਬਦਲਨੇ ਹੋਣਗੇ। ਦਹਿਸ਼ਤ ਗਰਦੀ ਦਾ ਤਾਂ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਤਾਂ ਸਦੈਵ ਹੀ ਜੰਗ ਤੋਂ ਬਚਣ ਦਾ ਜਤਨ ਕੀਤਾ ਹੈ । ਜੱਦ ਤੱਕ ਆਪ ਉਪੱਰ ਮਦੀਨੇ ਵਿੱਚ ਆਕੇ ਜੰਗ ਥੋਪੀ ਨਹੀਂ ਗਈ । ਫਿਰ ਰੱਬ ਦੀ ਆਗਿਆ ਨਾਲ ਆਤਮ ਰੱਖਿਅਕ ਜੰਗਾਂ ਕਰਨੀਆਂ ਪਈਆਂ ਪਰ ਉੱਥੇ ਵੀ ਕੀ ਹੁਕਮ ਸੀ ਕਿ :-

وَقَاتِلُوْا فِيْ سَبِيْلِ اللّٰهِ الَّذِيْنَ يُقَاتِلُوْنَكُمْ وَلَا تَعْتَدُوْا ۔ اِنَّ اللّٰهَ لَا يُحِبُّ الْمُعْتَدِيْنَ۔
(سورۃ البقرۃ : آیت ۱۹۱)

ਵਕਾਤਿਲੂ ਫ਼ੀ ਸਬੀ ਲਿੱਲਾ ਹਿਲੱਜ਼ੀਨਾ ਯੁਕਾਤਿਲੂਨਾਕੁਮ ਵਲਾ ਤਾਤਾਦੂ, ਇਨੱਲੱਾਹਾ ਲਾ ਯੁਹਿਬੁੱਲ ਮੁ ਤਾਦੀਨ । (ਸੂਰਤ ਬਕਰਾਹ ਆਇਤ 191)

ਅਰਥ (ਕਿ ਹੇ, ਮੁਸਲਮਾੱਨੇ ! ਲੜੋ, ਰੱਬ ਦੇ ਮਾਰਗ ਵਿੱਚ ਜੋ ਤੁਹਾਥੋਂ ਲੜਦੇ ਹਨ ਪਰ ਵਧੀਕੀ ਨ ਕਰਿਓ, ਯਕੀਨਨ, ਅਲੱਾਹ ਵਧੀਕੀ ਕਰਨ ਵਲਿਆਂ ਨੂੰ ਪਸੰਦ ਨਹੀਂ ਕਰਦਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਸਭ ਤੋਂ ਵੱਧ ਆਪਣੇ ਉਪੱਰ ਨਾਜ਼ਲ ਹੋਣ ਵਾਲੀ ਸ਼ਰੀਅਤ ਦੇ ਪਾਬੰਦ ਸਨ । ਉਹਨਾ ਬਾਰੇ ਅਜਿਹੇ ਅਣਉਚਿਤ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਅਤਿਅੰਤ ਜ਼ੁਲਮ ਹੈ । ......

## ਜਮਾਤ ਅਹਮਦੀਆ ਦੀ ਕਾਰਟੂਨਾ ਦੀ ਪ੍ਰਕਾਸ਼ਾਨਾ ਦੇ ਵਿਰੁਧ ਫ਼ੌਰੀ ਕਾਰਵਾਈ

ਦੁਸਰੇ ਮੁਸਲਮਾਨਾਂ ਨੂੰ ਤਾਂ ਇਹ ਜੋਸ਼ ਹੈ ਕਿ ਹੜਤਾਲਾਂ ਕਰ ਰਹੇ ਹਨ, ਤੋੜ ਫੋੜ ਕਰ ਰਹੇ ਹਨ ਕਿਉਂਕਿ ਉਹਨਾਂ ਦਾ ਪ੍ਰਤੀਕ੍ਰਮ ਇਹੋ ਹੈ ਤੋੜ ਫੋੜ ਹੋਵੇ ਅਤੇ ਹੜਤਾਲਾਂ ਹੋਣ । ਜਮਾਤ ਅਹਮਦੀਆ ਦਾ ਇਸ ਘਟਨਾ ਦੇ ਬਾਦ ਜੋ ਫ਼ੌਰੀ ਪ੍ਰਤੀਕ੍ਰਮ ਹੋਣਾ ਚਾਹੀਦਾ ਸੀ ਉਹ ਹੋਇਆ । ਅਹਮਦੀਆਂ ਦਾ ਪ੍ਰਤੀਕ੍ਰਮ ਇਹ ਸੀ ਕਿ ਉਹਨਾਂ ਨੇ ਝੱਟ ਅਖ਼ਬਾਰਾਂ ਨਾਲ ਰਾਬਤੇ ਕੀਤੇ । ਇਹ ਕੋਈ ਅੱਜ ਦੀ ਗੱਲ ਨਹੀਂ ਹੈ ਕਿ 2006 ਈ. ਦੀ ਫ਼ਰਵਰੀ ਵਿੱਚ ਹੜਤਾਲਾਂ ਹੋ ਰਹੀਆਂ ਹਨ । ਇਹ ਘਟਨਾ ਤਾਂ ਬੀਤੇ ਸਾਲ ਦੀ ਹੈ, ਸਤੰਬਰ ਵਿੱਚ ਇਹ ਹਰਕਤ ਹੋਈ ਸੀ ਤਾਂ ਅਸੀਂ ਉਸ ਸਮੇਂ ਕੀ ਕੀਤਾ ਸੀ । ਇਹ ਜਿਵੇਂ ਕਿ ਮੈਂ ਕਿਹਾ ਕਿ ਸਤੰਬਰ ਦੀ ਹਰਕਤ ਹੈ ਜਾਂ ਅਕਤੂਬਰ ਦੇ ਅਰੰਭ ਵਿੱਚ ਕਹਿ ਲਓ । ਸਾਡੇ ਮੁਬੱਲਿਗ਼ (ਪ੍ਰਚਾਰਕ) ਨੇ ਉਸੇ ਸਮੇਂ ਇਕ ਵਿਸਥਾਰ ਪੂਰਬਕ ਲੇਖ ਤਿਆਰ ਕੀਤਾ ਅਤੇ ਜਿਸ ਅਖ਼ਬਾਰ ਵਿੱਚ ਕਾਰਟੂਨ ਪ੍ਰਕਾਸ਼ਤ ਹੋਇਆ ਸੀ, ਉਹਨਾ ਨੂੰ ਭੇਜਿਆ ਅਤੇ ਚਿਤੱਰਾਂ ਦੀ ਪ੍ਰਕਾਸ਼ਨਾ

ਉਪੱਰ ਏਹਤਿਜਾਜ ਕੀਤਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਿੱਖਿਆ ਬਾਰੇ ਜਾਨਕਾਰੀ ਦਿੱਤੀ ਕਿ ਸਾਡਾ ਏਹਤਿਜਾਜ ਇਸ ਪ੍ਰਕਾਰ ਹੈ । ਅਸੀਂ ਜਲੂਸ ਤਾਂ ਨਹੀਂ ਕਢੱਾਂਗੇ ਪਰ ਕਲਮ ਦਾ ਜਿਹਾਦ ਹੈ ਜੋ ਅਸੀਂ ਤੁਹਾਡੇ ਨਾਲ ਕਰਾਂਗੇ ਅਤੇ ਚਿਤੱਰਾਂ ਦੀ ਪ੍ਰਕਾਸ਼ਨਾ ਉਪੱਰ ਅਸੀਂ ਬਹੁਤ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ । ਉਸਨੂੰ ਦੱਸਿਆ ਕਿ ਵਿਚਾਰਾਂ ਦੀ ਸੁਤੰਤਰਤਾ ਤਾਂ ਹੋਵੇਗੀ ਪਰ ਇਸ ਦਾ ਇਹ ਅਰਥ ਨਹੀਂ ਕਿ ਕਿ ਦੂਜਿਆਂ ਦਾ ਦਿਲ ਦੁਖਾਇਆ ਜਾਵੇ । ਇਸ ਦਾ ਧਨਾਤਮਕ ਪ੍ਰਤੀਕ੍ਰਮ ਹੋਇਆ । ਇਹ ਲੇਖ ਵੀ ਅਖ਼ਬਾਰਾਂ ਨੂੰ ਭੇਜਿਆ ਗਿਆ ਸੀ ਜੋ ਅਖ਼ਬਾਰ ਨੇ ਪ੍ਰਕਾਸ਼ਤ ਕਰ ਦਿੱਤਾ । ਡੈਨਿਸ਼ ਲੋਕਾਂ ਵੱਲੋਂ ਬਹੁਤ ਚੰਗਾ ਪ੍ਰਤੀਕ੍ਰਮ ਮਿਲਿਆ ਕਿਉਂਕਿ ਮਿਸ਼ਨ ਵਿੱਚ ਫ਼ੋਨ ਰਾਹੀਂ ਅਤੇ ਚਿੱਠੀਆਂ ਰਾਹੀਂ ਉਹਨਾਂ ਨੇ ਸਾਡੇ ਲੇਖ ਨੂੰ ਬਹੁਤ ਚੰਗਾ ਦੱਸਿਆ । ਸੰਦੇਸ਼ ਆਏ ਫਿਰ ਇਕ ਮੀਟਿੰਗ ਵਿੱਚ ਜਨਰਲਿਸਟ ਯੂਨੀਅਨ ਦੇ ਪ੍ਰਧਾਨ ਵੱਲੋਂ ਭਾਗ ਲੈਣ ਦਾ ਨਿਮੰਤਰਣ ਪ੍ਰਾਪਤ ਹੋਇਆ । ਉੱਥੇ ਗਏ ਵਿਸਥਾਰ ਨਾਲ ਦੱਸਿਆ ਕਿ ਠੀਕ ਹੈ ਤੁਹਾਡਾ ਕਾਨੂਨ ਤੁਹਾਨੂੰ ਵਿਚਾਰਾਂ ਦੀ ਆਜ਼ਾਦੀ ਦੀ ਖੁੱਲ ਦਿੰਦਾ ਹੈ ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਦੂਜਿਆਂ ਦੇ ਧਾਰਮਕ ਆਗੂਆਂ ਤੇ ਮਾਨ ਯੋਗ ਹਸਤੀਆਂ ਨੂੰ ਅਪਮਾਨ ਦੀ ਦ੍ਰਿਸ਼ਟੀ ਨਾਲ ਦੇਖੋ ਅਤੇ ਉਹਨਾਂ ਦਾ ਅਪਮਾਨ ਕੀਤਾ ਜਾਵੇ । ਇੱਥੇ ਜੋ ਇਸ ਸਮਾਜ ਵਿੱਚ ਮੁਸਲਮਾਨ ਤੇ ਈਸਾਈ ਮਿਲਵਰਤਨ ਨਾਲ ਰਹਿ ਰਹੇ ਹਨ ਉਹਨਾ ਦੇ ਜਜ਼ਬਿਆਂ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ, ਕਿਉਂਕਿ ਇਸ ਤੋਂ ਬਿਨਾ ਅਮਨ ਕਾਇਮ ਨਹੀਂ ਹੋ ਸਕਦਾ ।

ਫਿਰ ਉਹਨਾਂ ਨੂੰ ਦੱਸਿਆ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਸਿੱਖਿਆ ਕਿੰਨੀ ਹੁਸਨ ਭਰੀ ਤੇ ਸੁੰਦਰ ਹੈ, ਕਿੰਨਾ ਸੋਹਣਾ ਜੀਵਨ ਆਚਰਣ ਹੈ, ਕਿੰਨੇ ਉੱਚੇ ਅਖ਼ਲਾਕ ਦੇ ਆਪ ਮਾਲਕ ਸਨ ਅਤੇ ਲੋਕਾਂ ਦੇ ਕਿੰਨੇ ਹਮਦਰਦ ਸਨ, ਰੱਬ ਦੀ ਮਖ਼ਲੂਕ ਨਾਲ ਕਿਵੇਂ ਹਮਦਰਦ ਸਨ ਅਤੇ ਮਿਹਰ ਤੇ ਕਿਰਪਾ ਦੇ ਪ੍ਰਤੀਬਿੰਬ ਸਨ । ਕੁਝ ਘਟਨਾਵਾਂ ਜੱਦ ਉਹਨਾਂ ਨੂੰ ਦੱਸੀਆਂ ਕਿ ਦੱਸੋ ਕਿ ਅਜਿਹੀ ਸੁੰਦਰ ਸਿੱਖਿਆ ਵਾਲਾ ਮਨੁੱਖ

ਅਤੇ ਅਜਿਹੇ ਕਰਮਾ ਵਾਲਾ ਮਨੁੱਖ ਹੈ, ਉਸ ਦੇ ਬਾਰੇ ਵਿੱਚ ਅਜਿਹਾ ਚਿਤੱਰ ਬਨਾਉਣਾ ਉਚਿਤ ਹੈ ? ਜੱਦ ਇਹ ਗੱਲਾਂ ਸਾਡੇ ਮਿਸ਼ਨਰੀ ਨਾਲ ਹੋਈਆਂ ਤਾਂ ਉਹਨਾਂ ਨੇ ਬਹੁਤ ਪਸੰਦ ਕੀਤਾ ਅਤੇ ਵੱਡੀ ਸਰਾਹਨਾ ਕੀਤੀ । ਇਕ ਕਾਰਟੂਨਿਸਟ ਨੇ ਖੁੱਲੇ ਸ਼ਬਦਾਂ ਵਿੱਚ ਪ੍ਰਗਟਾਵਾ ਕੀਤਾ ਕਿ ਜੇਕਰ ਇਸ ਪ੍ਰਕਾਰ ਦੀ ਮੀਟਿੰਗ ਪਹਿਲਾਂ ਹੋ ਜਾਂਦੀ ਤਾਂ ਉਹ ਕਦੇ ਵੀ ਕਾਰਟੂਨ ਨ ਬਣਾਉਂਦੇ, ਹੁਣ ਉਹਨਾ ਨੂੰ ਪਤਾ ਲੱਗਿਆ ਹੈ ਕਿ ਇਸਲਾਮ ਦੀ ਸਿੱਖਿਆ ਕੀ ਹੈ ਅਤੇ ਸਾਰਿਆਂ ਨੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਠੀਕ ਹੈ ਡਾਇਲਾਗ (Dialogue) ਦੀ ਲੜੀ ਚਲਦੀ ਰਹਿਣੀ ਚਾਹੀਦੀ ਹੈ ।

ਫਿਰ ਯੂਨੀਅਨ ਦੇ ਪ੍ਰਧਾਨ ਵੱਲੋਂ ਵੀ ਪ੍ਰੈਸ ਰਿਲੀਜ਼ ਜਾਰੀ ਕੀਤੀ ਗਈ ਜਿਸਦਾ ਲੇਖ ਵੀ ਸਾਰਿਆਂ ਦੇ ਸਾਹਮਣੇ ਪੜ੍ਹਕੇ ਸੁਣਾਇਆ ਗਿਆ । ਟੀ ਵੀ ਉਪੱਰ ਇੰਟਰਵੀਊ ਹੋਇਆ ਜੋ ਬਹੁਤ ਚੰਗਾ ਰਿਹਾ, ਫਿਰ ਮਨਿਸਟਰ ਨਾਲ ਮੀਟਿੰਗ ਕੀਤੀ । ਅਰਥ ਇਹ ਕਿ ਜਮਾਤ ਸਦੈਵ ਜਤਨ ਕਰਦੀ ਹੈ । ਦੂਜਿਆਂ ਦੇਸ਼ਾਂ ਵਿੱਚ ਵੀ ਇਸੇ ਤਰ੍ਹਾਂ ਹੋਇਆ, ਜਿੱਥੇ ਜਿੱਥੇ ਮੁੱਢ ਸੀ ਉੱਥੇ ਜਮਾਤ ਨੇ ਬਹੁਤ ਕੰਮ ਕੀਤਾ ਹੈ । ਕਾਰਟੂਨ ਛਾਪਣ ਦਾ ਕਾਰਨ ਜੋ ਬਣਿਆ ਉਹ ਇਹ ਹੈ ਕਿ ਡੈਨਮਾਰਕ ਵਿੱਚ ਇਕ ਡੈਨਿਸ਼ ਰਾਇਟਰ ਨੇ ਇਕ ਕਿਤਾਬ ਲਿਖੀ ਹੈ, ਇਸ ਦਾ ਅਨੁਵਾਦ ਇਹ ਹੈ ਕਿ "ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਜੀਵਨ ਤੇ ਕੁਰਆਨ" ਜੋ ਮਾਰਕਿਟ ਵਿੱਚ ਆ ਚੁਕੀ ਹੈ। ਇਸ ਕਿਤਾਬ ਵਾਲੇ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਕੁਝ ਚਿਤੱਰ ਬਣਾ ਕੇ ਭੇਜਣ ਲਈ ਕਿਹਾ ਸੀ ਤਾਂ ਕੁਝ ਨੇ ਬਣਾਈਆਂ । ਉਹ ਚਿੱਤਰ ਸਨ ਅਤੇ ਆਪਣਾ ਨਾਂ ਪ੍ਰਗਟ ਨਹੀਂ ਕੀਤਾ ਕਿ ਮੁਸਲਮਾਨਾਂ ਦੀ ਪ੍ਰਤੀਕ੍ਰਿਆ ਹੋਵੇਗੀ । ਬਹਿਰਹਾਲ ਇਹ ਕਿਤਾਬ ਹੈ ਜੋ ਸਬਬ ਬਣ ਰਹੀ ਹੈ। ਇਸ ਅਖ਼ਬਾਰ ਵਿੱਚ ਵੀ ਕਾਰਟੂਨ ਹੀ ਕਾਰਣ ਬਣੇ ਸਨ । ਇਸ ਲਈ ਇਸ ਬਾਰੇ ਵਿੱਚ ਉਹਨਾਂ ਨੂੰ ਸਦੈਵ ਜਤਨ ਕਰਦੇ ਰਹਿਣਾ ਚਾਹੀਦਾ ਹੈ ਕਿ ਅਤੇ ਦੁਨੀਆ ਵਿੱਚ ਹਰ ਥਾਈਂ ਜੇਕਰ ਇਸ ਨੂੰ ਪੜ੍ਹ ਕੇ ਜਿੱਥੇ ਜਿੱਥੇ ਵੀ ਖੰਡਨ ਯੋਗ ਗੱਲਾਂ ਹੋਣ ਉਹ ਪਰਸਤੁਤ ਕਰਨੀਆਂ ਚਾਹੀਦੀਆਂ ਹਨ ਅਤੇ

ਉਤੱਰ ਦੇਣੇ ਚਾਹੀਦੇ ਹਨ । ਪਰ ਉੱਥੇ ਡੈਨਮਾਰਕ ਵਿੱਚ ਇਹ ਵੀ ਖ਼ਿਆਲ ਹੈ ਕਿ ਕਹਿੰਦੇ ਹਨ ਕੁਝ ਮੁਸਲਮਾਨਾਂ ਰਾਹੀਂ ਗ਼ਲਤ ਕਾਰਟੂਨ ਦਿਖਾ ਕੇ ਜੋ ਅਸੀਂ ਪ੍ਰਕਾਸ਼ਤ ਹੀ ਨਹੀਂ ਕੀਤੇ ਮੁਸਲਮਾਨਾਂ ਨੂੰ ਭੜਕਾਉਣ ਦਾ ਜਤਨ ਕੀਤਾ ਜਾ ਰਿਹਾ ਹੈ । ਪਤਾ ਨਹੀਂ ਇਹ ਸੱਚ ਹੈ ਜਾਂ ਝੂਠ ਹੈ ਪਰ ਸਾਡੇ ਇਸ ਸਮੇਂ ਸਿਰ ਧਿਆਨ ਦੇਣ ਨਾਲ ਉਹਨਾਂ ਵਿੱਚ ਅਹਿਸਾਸ ਪੈਦਾ ਹੋਇਆ ਹੈ । ਇਹ ਉਸੇ ਸਮੇਂ ਅਰੰਭ ਹੋ ਗਿਆ ਸੀ । ਉਹਨਾ ਲੋਕਾਂ ਨੂੰ ਤਾਂ ਅੱਜ ਪਤਾ ਲੱਗ ਰਿਹਾ ਹੈ ਜੱਦ ਕਿ ਇਹ ਤਿੰਨ ਮਹੀਨੇ ਪਹਿਲਾਂ ਦੀ ਗੱਲ ਹੈ ।

ਸੋ ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ ਕਿ ਹਰ ਇਕ ਦੇਸ਼ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਦੇ ਆਚਰਣ ਦੇ ਵੱਖ ਵੱਖ ਪੱਖਾਂ ਨੂੰ ਉਜਾਗਰ ਕਰਨ ਦੀ ਲੋੜ ਹੈ । ਵਿਸ਼ੇਸ਼ ਰੂਪ ਵਿੱਚ ਜੋ ਇਸਲਾਮ ਬਾਰੇ ਜੰਗ ਦੇ ਜਨੂਨੀ ਹੋਣ ਦੀ ਕਲਪਨਾ ਹੈ ਉਸ ਨੂੰ ਦਲੀਲਾਂ ਨਾਲ ਰੱਦ ਕਰਨਾ ਸਾਡਾ ਫ਼ਰਜ਼ ਹੈ । ਪਹਿਲਾਂ ਵੀ ਮੈਂ ਕਿਹਾ ਸੀ ਕਿ ਅਖ਼ਬਾਰਾਂ ਵਿੱਚ ਵੀ ਅਧਿਕਤਰ ਲਿਖਣਾ ਚਾਹੀਦਾ ਹੈ । ਅਖ਼ਬਾਰਾਂ ਨੂੰ, ਲਿਖੱਣ ਵਾਲਿਆਂ ਨੂੰ ਜੀਵਨ ਚਰਿਤੱਰ ਉਪੱਰ ਕਿਤਾਬਾਂ ਵੀ ਭੇਜੀਆਂ ਜਾ ਸਕਦੀਆਂ ਹਨ ।

## ਅਹਮਦੀ ਨੌਜਵਾਨਾ ਨੂੰ ਜਰਨਲਿਜ਼ਮ ਵਿੱਚ ਜਾਣਾ ਚਾਹੀਦਾ ਹੈ

ਫਿਰ ਇਹ ਵੀ ਭਵਿੱਖ ਲਈ ਅਯੋਜਨ ਹੈ, ਇਹ ਵੀ ਜਮਾਤ ਨੂੰ ਪਲਾਨ (Plan) ਕਰਨਾ ਚਾਹੀਦਾ ਹੈ ਕਿ ਨੌਜਵਾਨ ਜਰਨਲਿਜ਼ਮ (Journalism) ਵਿੱਚ ਵੱਧ ਤੋਂ ਵੱਧ ਜਾਣ ਦਾ ਜਤਨ ਕਰਨ ਜਿੰਨਾਂ ਨੂੰ ਇਸ ਵੱਲ ਅਧਿਕ ਰੁਚਿ ਹੋਵੇ ਤਾਂ ਜੋ ਅਖਬਾਰਾਂ ਦੇ ਅੰਦਰ ਵੀ ਓਹਨਾਂ ਥਾਵਾਂ ਵਿੱਚ ਵੀ, ਉਹਨਾ ਲੋਕਾਂ ਨਾਲ ਵੀ ਸਾਡਾ ਸੰਬੰਧ ਬਣਿਆ ਰਹੇ ਕਿਉਂਕਿ ਇਹ

ਹਰਕਤਾਂ ਵੇਲੇ ਕੁਵੇਲੇ ਉਠਦੀਆਂ ਰਹਿੰਦੀਆਂ ਹਨ । ਜੇਕਰ ਮੀਡੀਆ ਨਾਲ ਵੱਧ ਤੋਂ ਵੱਧ ਢੂੰਘਾ ਸੰਬੰਧ ਹੋਵੇਗਾ ਤਾਂ ਇਹਨਾਂ ਚੀਜ਼ਾਂ ਨੂੰ ਰੋਕਿਆ ਜਾ ਸਕਦਾ ਹੈ । ਇਹਨਾ ਵਿਅਰਥ ਹਰਕਤਾਂ ਨੂੰ ਰੋਕਿਆ ਜਾ ਸਕਦਾ ਹੈ । ਜੇਕਰ ਇਸ ਦੇ ਬਾਦ ਵੀ ਕੋਈ ਢੀਠਪੁਣਾ ਦਿਖਾਉਂਦਾ ਹੈ ਤਾਂ ਅਜਿਹੇ ਲੋਕ ਇਸ ਭਾਗ ਵਿੱਚ ਆਉਦੇ ਹਨ ਜਿੰਨਾ ਬਾਰੇ ਅਲੱਾਹ ਤਆਲਾ ਨੇ ਇਸ ਦੁਨੀਆ ਵਿੱਚ ਵੀ ਲਾਨ੍ਹਤ ਪਾਈ ਹੈ ਅਤੇ ਪਰਲੈ ਵਿੱਚ ਵੀ । ਜਿਵੇਂ ਕਿ ਫ਼ਰਮਾਉਂਦਾ ਹੈ :-

اِنَّ الَّذِيْنَ يُؤْذُوْنَ اللّٰهَ وَرَسُوْلَهٗ لَعَنَهُمُ اللّٰهُ فِى الدُّنْيَا وَالْاٰخِرَةِ وَاَعَدَّ لَهُمْ عَذَابًا مُّهِيْنًا ○

(سورۃ الاحزاب : آیت ۵۸)

(ਇਨੱਲ ਲਜ਼ੀਨਾ ਯੂਜ਼ੂਨਲੱਾਹਾ ਵ ਰਸੂਲਾਹੂ ਲ਼ਾਨਾਹੁਮੁਲੱਾਹੁ ਫ਼ਿੱਦੁਨੀਆ ਵਲ ਆਖ਼ਿਰਾਤਿ ਵ ਆਅਦੱਾਲਾਹੁਮ ਅਜ਼ਾਬੰਮ ਮੁਹੀਨਾ)

(ਸੂਰਾਤੁਲ ਅਹਜ਼ਾਬ:ਆਇਤ 58)

ਅਰਥਾਤ ਓਹ ਲੋਕ ਜੋ ਅਲੱਾਹ ਅਤੇ ਉਸਦੇ ਰਸੂਲ ਨੂੰ ਦੁੱਖ ਪਹੁੰਚਾਉਦੇ ਹਨ, ਅਲੱਾਹ ਨੇ ਉਹਨਾਂ ਉਪੱਰ ਇਸ ਦੁਨੀਆਂ ਵਿੱਚ ਵੀ ਲਾਨ੍ਹਤ ਪਾਈ ਹੈ ਅਤੇ ਆਖ਼ਰਤ ਵਿੱਚ ਵੀ ਅਤੇ ਉਸਨੇ ਉਹਨਾ ਲਈ ਨਿਰਾਦਰ ਭਰਿਆ ਅਜ਼ਾਬ ਤਿਆਰ ਕਰ ਰੱਖਿਆ ਹੈ । ਇਹ ਹੁਕੁਮ ਖ਼ਤਮ ਨਹੀਂ ਹੋ ਗਿਆ । ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਜੀਉਂਦੇ ਨਬੀ ਹਨ ਆਪ ਦੀ ਸਿੱਖਿਆ ਸਦੈਵ ਜੀਵਨ ਬਖ਼ਸ਼ਣ ਵਾਲੀ ਸਿੱਖਿਆ ਹੈ । ਆਪ ਦੀ ਸ਼ਰੀਅਤ ਹਰ ਯੁੱਗ ਦੀਆਂ ਸਮੱਸਿਆਵਾਂ ਦਾ ਹਲ ਕਢੱਣ ਵਾਲੀ ਸ਼ਰੀਅਤ ਹੈ । ਆਪ ਦੀ ਪੈਰ੍ਹਵੀ ਕਰਨ ਨਾਲ ਰੱਬ ਦੀ ਨੇੜ੍ਹਤਾ ਪ੍ਰਾਪਤ ਹੁੰਦੀ ਹੈ । ਇਸ ਲਈ ਇਹ ਜੋ ਕਸ਼ਟ ਹੈ ਇਹ ਆਪ ਦੇ ਮਨ੍ਹਣ ਵਾਲਿਆਂ ਨੂੰ ਪਹੁੰਚਾਇਆ ਜਾ ਰਿਹਾ ਹੈ ਕਿਸੇ ਵੀ ਪੱਖੋਂ ਇਸ ਉਪੱਰ ਵੀ ਸਾਦਰ ਹੁੰਦੀ ਹੈ।ਰੱਬ ਦਾ ਵਿਅਕਤੀਤਵ ਜੀਉਂਦਾ ਹੈ, ਉਹ ਦੇਖ ਰਿਹਾ ਹੈ ਕਿ ਕਿਹੋ ਜੀਹੀਆਂ ਹਰਕਤਾ ਕਰ ਰਹੇ ਹਨ।

ਇਸ ਲਈ ਦੁਨੀਆ ਨੂੰ ਸੂਚਿਤ ਕਰਨਾ ਸਾਡਾ ਫ਼ਰਜ਼ ਹੈ । ਸਾਨੂੰ ਦੁਨੀਆਂ ਨੂੰ ਦੱਸਣਾ ਹੋਵੇਗਾ ਕਿ ਜੋ ਦੁੱਖ ਜਾਂ ਕਸ਼ਟ ਤੁਸੀਂ ਪਹੁਚਾਉਦੇ ਹੋ ਅਲਾਹ ਤਆਲਾ ਉਸਦਾ ਦੰਡ ਦੇਣ ਦੀ ਸ਼ਕਤੀ ਅੱਜ ਵੀ ਰੱਖਦਾ ਹੈ । ਇਸ

ਲਈ ਅਲਾਹ ਅਤੇ ਉਸਦੇ ਰਸੂਲ ਦਾ ਦਿਲ ਦੁਖਾਉਣ ਤੋਂ ਮੁੜ ਜਾਓ । ਪਰ ਜਿੱਥੇ ਕਾਰਜ ਲਈ ਇਸਲਾਮ ਦੀ ਸਿੱਖਿਆ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਆਚਰਣ ਬਾਰੇ ਦੁਨੀਆ ਨੂੰ ਦਸੱਣਾ ਹੈ ਉੱਥੇ ਆਪਣੇ ਕਰਮ ਵੀ ਸੁਧਾਰਨੇ ਹੋਣਗੇ । ਕਿਉਕਿ ਸਾਡੇ ਆਪਣੇ ਕਰਮ ਹੀ ਹਨ ਜੋ ਦੁਨੀਆ ਦਾ ਮੂੰਹ ਬੰਦ ਕਰਨਗੇ ਅਤੇ ਇਹੋ ਹਨ ਜੋ ਦੁਨੀਆ ਦਾ ਮੂੰਹ ਬੰਦ ਕਰਨ ਵਿੱਚ ਸਭ ਤੋਂ ਮਹਤੱਵਪੂਰਨ ਕਿਰਦਾਰ ਨਿਭਾਉਂਦੇ ਹਨ । ਜਿਵੇਂ ਕਿ ਮੈਂ ਰਿਪੋਰਟ ਵਿੱਚ ਦੱਸਿਆ ਸੀ ਕਿ ਉੱਥੇ ਇਕ ਮੁਸਲਮਾਨ ਦੁਨੀਆ ਉਪੱਰ ਇਹੋ ਮੁਨਾਫ਼ਕਤ (ਦੰਭੀ ਹੋਣ) ਦਾ ਸੰਦੇਹ ਲਾਇਆ ਜਾ ਰਿਹਾ ਹੈ ਕਿ ਸਾਨੂੰ ਕੁਝ ਕਹਿੰਦਾ ਹੈ ਅਤੇ ਓਧਰ ਜਾਕੇ ਕੁਝ ਕਰਦਾ ਹੈ, ਭੜਕਾਉਂਦਾ ਹੈ । ਸ਼ਾਇਦ ਮੈਂ ਉਹ ਰਿਪੋਰਟ ਪੜ੍ਹੀ ਨਹੀਂ । ਇਸ ਲਈ ਸਾਨੂੰ ਆਪਣੇ ਬਾਹਰ ਤੇ ਭੀਤਰ ਨੂੰ, ਆਪਣੇ ਕਥਨਾ ਤੇ ਕਰਨੀ ਨੂੰ ਇਕ ਕਰਕੇ ਕਰਮ ਰੂਪੀ ਨਮੂਨੇ ਦਿਖਾਉਂਣੇ ਹੋਣਗੇ ।

## ਝੰਡੇ ਸਾੜਨ ਜਾਂ ਭੰਨ ਤੋੜ ਕਰਨ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਮਾਨ ਕਾਇਮ ਨਹੀਂ ਹੋ ਸਕਦਾ

ਮੁਸਲਮਾਨ ਅਖਵਾਉਣ ਵਾਲਿਆਂ ਨੂੰ ਵੀ ਮੈਂ ਕਹਿੰਦਾ ਹਾਂ ਕਿ ਇਸ ਗੱਲ ਨੂੰ ਛੱਡਦਿਆਂ ਹੋਇਆ ਕਿ ਉਹ ਅਹਮਦੀ ਹਨ ਜਾ ਨਹੀਂ, ਸ਼ੀਯਾ ਹਨ ਜਾਂ ਸੁੰਨੀ ਹਨ ਜਾਂ ਕਿਸੇ ਵੀ ਦੂਸਰੇ ਮੁਸਲਮਾਨ ਫਿਰਕੇ ਨਾਲ ਸੰਬੰਧ ਰਖੱਣ ਵਾਲੇ ਹਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਿਅਕਤੀਤਵ ਉਪੱਰ ਜੱਦ ਕਦੇ ਹਮਲਾ ਹੋਵੇ ਤਾਂ ਕੇਵਲ ਉਸੇ ਸਮੇਂ ਦੇ ਜੋਸ਼ ਦੀ ਥਾਂ, ਝੰਡੇ ਸਾੜਨ ਦੀ ਥਾਂ, ਤੋੜ ਫ਼ੋੜ ਦੀ ਥਾਂ ਅਤੇ ਅੰਬੈਸੀਆਂ ਉਪੱਰ ਹਮਲੇ ਕਰਨ ਦੀ

ਥਾਂ ਆਪਣੇ ਅਮਲਾਂ ਦਾ ਸੁਧਾਰ ਕਰਨ । ਗ਼ੈਰਾਂ ਨੂੰ ਉਂਗਲ ਚੁਕੱਣ ਦਾ ਮੌਕਾ ਹੀ ਨ ਮਿਲੇ । ਕੀ ਇਹ ਅੱਗਾਂ ਲਾਉਣ ਤੋਂ ਇਹ ਸਮਝਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਮਾਣ ਤੇ ਅਸਥਾਨ ਦਾ ਨਉਜ਼ਬਿਲੱਾਹ (ਰੱਬ ਦੀ ਪਨਾਹ ਮੰਗਦੇ ਹੋਏ,ਰੱਬ ਨ ਕਰੇ) ਕੇਵਲ ਇਨ੍ਹਾ ਹੀ ਸਮੱਾਨ ਹੈ ਕਿ ਝੰਡੇ ਸਾੜਨ ਜਾਂ ਕਿਸੇ ਅੰਬੈਸੀ ਦਾ ਸਮਾਨ ਸਾੜਨ ਨਾਲ ਬਦਲਾ ਲੈ ਲਿਆ । ਨਹੀਂ, ਅਸੀਂ ਤਾਂ ਉਸ ਨਬੀ ਦੇ ਮੰਨ੍ਹਣ ਵਾਲੇ ਹਾਂ ਜੋ ਅੱਗ ਬੁਝਾਉਣ ਆਇਆ ਸੀ, ਮੁਹਬੱਤ ਤੇ ਪ੍ਰੇਮ ਦਾ ਸਫ਼ੀਰ (ਦੂਤ) ਬਣ ਕੇ ਆਇਆ ਸੀ, ਉਹ ਅਮਨ ਦਾ ਸ਼ਹਿਜ਼ਾਦਾ ਸੀ । ਇਸ ਲਈ ਕਿਸੇ ਵੀ ਕਰੜੀ ਪਹਿਲ ਦੀ ਥਾਂ ਦੁਨੀਆ ਨੂੰ ਸਮਝਾਉਣ ਅਤੇ ਆਪ ਦੀ ਸੁੰਦਰ ਸਿੱਖਿਆ ਬਾਰੇ ਦਸੱਣ ।

## ਇਕ ਅਹਮਦੀ ਦਾ ਹਕੀਕੀ ਪ੍ਰਤੀਕ੍ਰਮ ਕੀ ਹੋਣਾ ਚਾਹੀਦਾ ਹੈ ?

ਅਲੱਾਹ ਤਆਲਾ ਮੁਸਲਮਾਨਾ ਨੂੰ ਬੁੱਧੀ ਅਤੇ ਸਮਝ ਪ੍ਰਦਾਨ ਕਰੇ, ਪਰ ਮੈਂ ਅਹਮਦੀਆਂ ਨੂੰ ਕਹਿੰਦਾ ਹਾਂ ਕਿ ਉਹਨਾਂ ਦਾ ਤਾਂ ਪਤਾ ਨਹੀਂ ਕਿ ਇਹ ਬੁੱਧੀ ਤੇ ਸਮਝ ਵਿੱਚ ਆਵੇ ਕਿ ਨ ਆਵੇ, ਪਰ ਆਪ ਵਿੱਚੋਂ ਹਰ ਇਕ ਬੱਚਾ, ਬੁਢੱਾ, ਨੌਜਵਾਨ, ਹਰ ਇਕ ਪੁਰੁਸ਼ ਅਤੇ ਹਰ ਇਕ ਇਸਤਰੀ ਇਹਨਾਂ ਵਿਅਰਥ ਕਾਰਟੂਨਾ ਦੇ ਪ੍ਰਕਾਸ਼ਤ ਹੋਣ ਦੇ ਪ੍ਰਤੀਕ੍ਰਿਯਾ ਦੇ ਰੂਪ ਵਿੱਚ ਆਪਣੇ ਆਪ ਨੂੰ ਅਜਿਹੀ ਅੱਗ ਲਾਉਣ ਵਾਲਿਆਂ ਵਿੱਚ ਸ਼ਮਾਲ ਕਰਨ ਜੋ ਕਦੇ ਨ ਬੁਝੱਣ ਵਾਲੀ ਅੱਗ ਹੋਵੇ, ਜੋ ਕਿਸੇ ਦੇਸ਼ ਦੇ ਝੰਡੇ ਜਾਂ ਜਾਇਦਾਦਾਂ ਨੂੰ ਲਾਉਣ ਵਾਲੀ ਅੱਗ ਨ ਹੋਵੇ ਜੋ ਕੁਝ ਮਿੰਟਾਂ ਜਾਂ ਕੁਝ ਘੰਟਿਆਂ ਵਿੱਚ ਬੁੱਝ ਜਾਵੇ । ਹੁਣ ਵੱਡੇ ਜੋਸ਼ ਨਾਲ ਲੋਕ ਖੜੇ ਹਨ (ਪਾਕਿਸਤਾਨ ਦਾ ਇਕ ਚਿਤੱਰ ਸੀ) ਅੱਗ ਲਾ ਰਹੇ ਹਨ ਜਿਵੇਂ ਕੋਈ ਵੱਡਾ ਮਾਰਕਾ ਮਾਰ ਰਹੇ ਹੋਣ । ਇਹ ਅੱਗ

ਪੰਜਾਂ ਮਿੰਟਾ ਵਿੱਚ ਬੁਝ ਜਾਵੇ ਗੀ । ਸਾਡੀ ਤਾਂ ਅਜਿਹੀ ਅੱਗ ਹੋਣ ਚਾਹੀਦੀ ਹੈ ਜੋ ਸਦੈਵ ਲੱਗੀ ਰਹਿਣ ਵਾਲੀ ਹੋਵੇ । ਉਹ ਅੱਗ ਹੈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਸੱਚੇ ਪ੍ਰੇਮ ਦੀ ਅੱਗ ਜੋ ਆਪ ਦੇ ਹਰ ਇਕ ਆਚਰਣ ਤੇ ਅਖ਼ਲਾਕ ਅਪਨਾਉਣ ਅਤੇ ਦੁਨੀਆ ਨੂੰ ਦਿਖਾਉਣ ਵਾਲੀ ਅੱਗ ਹੋਵੇ, ਜੋ ਆਪਦੇ ਮਨਾਂ ਤੇ ਹਿੱਕਾਂ ਵਿੱਚ ਲੱਗੇ ਤੇ ਫਿਰ ਲੱਗੀ ਰਹੇ । ਇਹ ਅਗੱ ਅਜਿਹੀ ਹੋਵੇ ਜੋ ਦੁਆਵਾਂ ਵਿੱਚ ਦਿੱਸੇ ਅਤੇ ਉਸਦੇ ਅੰਗਾਰੇ ਹਰ ਸਮੇਂ ਅਕਾਸ਼ਾਂ ਤੱਕ ਪਹੁੰਚਦੇ ਰਹਿਣ ।

## ਆਪਣੇ ਦੁੱਖਾਂ ਨੂੰ ਦੁਆਵਾਂ ਵਿੱਚ ਢਾਲੋ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਅਤਿਅੰਤ ਦੁਰੂਦ ਭੇਜੋ

ਸੋ, ਇਹ ਅੱਗ ਹੈ ਜੋ ਹਰ ਇਕ ਅਹਮਦੀ ਨੇ ਆਪਣੇ ਦਿਲ ਵਿੱਚ ਲਾਉਣੀ ਹੈ ਅਤੇ ਆਪਣੇ ਦੁੱਖਾਂ ਨੂੰ ਦੁਆਵਾਂ ਵਿੱਚ ਢਾਲ੍ਹਣਾ ਹੈ । ਪਰ ਇਸ ਕੰਮ ਲਈ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਹੀ ਵਸੀਲਾ ਬਨਣਾ ਹੈ । ਆਪਣੀਆਂ ਦੁਆਵਾਂ ਦੀ ਪਰਵਾਨਗੀ ਲਈ ਅਤੇ ਅਲੱਾਹ ਦੇ ਪਿਆਰ ਨੂੰ ਪਾਉਣ ਲਈ, ਦੁਨੀਆ ਦੇ ਵਿਅਰਥ ਕਾਰਜਾਂ ਤੋਂ ਬਚਣ ਲਈ, ਇਸ ਪ੍ਰਕਾਰ ਦੇ ਜੋ ਫ਼ਸਾਦ ਉਠਦੇ ਹਨ ਉਹਨਾ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ, ਆਪਣੇ ਸੰਸਾਰ ਤੇ ਪਰਲੈ ਨੂੰ ਸੁਧਾਰਨ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਅਤਿਅੰਤ ਦੁਰੂਦ ਭੇਜਣਾ ਚਾਹੀਦਾ ਹੈ । ਬਹੁਤ ਦੁਰੂਦ ਭੇਜਣਾ ਚਾਹੀਦਾ ਹੈ । ਇਸ ਫ਼ਿਤਨਿਆਂ ਭਰੇ ਯੁੱਗ ਵਿੱਚ ਆਪਣੇ ਆਪ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਵਿੱਚ ਲੀਨ ਰੱਖਣ ਲਈ ਆਪਣੀ ਨਸਲਾਂ ਨੂੰ ਅਹਮਦੀਯਤ ਅਤੇ ਇਸਲਾਮ ਉਪੱਰ ਕਾਇਮ ਰੱਖਣ ਲਈ ਹਰ ਇਕ ਅਹਮਦੀ ਨੂੰ ਅਲੱਾਹ ਤਆਲਾ ਦੇ ਇਸ ਹੁਕਮ ਦੀ ਸਖ਼ਤੀ ਨਾਲ ਪਾਬੰਦੀ ਕਰਨੀ ਚਾਹੀਦੀ ਹੈ ਕਿ:

اِنَّ اللّٰہَ وَمَلٰٓئِکَتَہٗ یُصَلُّوۡنَ عَلَی النَّبِیِّ ؕ یٰۤاَیُّہَا الَّذِیۡنَ اٰمَنُوۡا صَلُّوۡا عَلَیۡہِ وَسَلِّمُوۡا تَسۡلِیۡمًا ○

( سورۃ الاحزاب : آیت ۵۷ )

ਇੰਨੱਲਾੱਹਾ ਵ ਮਲਾਇਕਾਤਾਹੂ ਯੁਸਲੂੱਨਾ ਅਲਨ ਨਬੀੱਯੇ । ਯਾ ਅੱਯੋ ਹਲੱਜ਼ੀਨਾ ਆਮਾਨੂ ਸਲੂੱ ਅਲੈਹਿ ਵ ਸੱਲੇਮੂ ਤਸਲੀਮਾ । (ਸੁਰਾਤੁਲ ਅਹਜ਼ਾਬ, ਆਇਤ 57) ਅਰਥ : ਕਿ ਹੇ, ਲੋਕੋ ਜੋ ਈਮਾਨ ਲਿਆਏ ਹੋ ਤੁਸੀਂ ਉਸ ’ਤੇ ਦੁਰੂਦ ਤੇ ਸਲਾਮ ਭੇਜਿਆ ਕਰੋ ਕਿਉਂਕਿ ਅਲੱਾਹ ਅਤੇ ਉਸਦੇ ਫ਼ਰਿਸ਼ਤੇ ਨਬੀ ਉਪੱਰ ਰਹਿਮਤ ਭੇਜਦੇ ਹਨ ।

(ਖੁਤਬਾ ਜੁੱਮਾ, 10 ਫ਼ਰਵਰੀ, 2006 ਈ. ਮਸਜਿਦ ਬੈਤੁਲ ਫ਼ੁਤੂਹ, ਲੰਡਨ, ਬ ਹਵਾਲਾ ਉਸਵਾਏ ਰਸੂਲ ਸਲਲੱਾਹੁ ਅਲੈਹਿ ਵਸਲੱਮ ਔਰ ਖਾਕੋਂ ਕੀ ਹਕੀਕਤ, ਐਡੀਸ਼ਨ ਦੂਜਾ ਪੰਨਾ 9 ਤੋਂ 20)

## ਦੂਜਿਆਂ ਦੇ ਜਜ਼ਬਿਆਂ ਨਾਲ ਖੇਡਣਾ ਨ ਤਾਂ ਲੋਕਤੰਤਰ ਹੈ ਅਤੇ ਨ ਹੀ ਜ਼ਮੀਰ ਦੀ ਆਜ਼ਾਦੀ

ਹਜ਼ੂਰ ਨੇ ਪਛੱਮ ਵਾਲਿਆਂ ਨੂੰ ਵੀ ਦੂਜਿਆਂ ਦੇ ਜਜ਼ਬਿਆਂ ਨਾਲ ਖੇਡਣ ’ਤੇ ਖਿੱਚ ਪਾਈ ਅਤੇ ਵਾਰਨਿੰਗ ਦਿੱਤੀ ਕਿ ਇਹ ਰੱਬ ਦੇ ਪ੍ਰਕੋਪ ਨੂੰ ਭੜਕਾਉਣ ਦਾ ਸਬਬ ਹੋਇਆ ਕਰਦਾ ਹੈ । ਆਪ ਨੇ ਫ਼ਰਮਾਇਆ ਕਿ :

ਜਿੱਥੇ ਅਸੀਂ ਦੁਨੀਆ ਨੂੰ ਸਮਾਝਾਉਂਦੇ ਹਾਂ ਕਿ ਕਿਸੇ ਧਰਮ ਦੀਆਂ ਪਵਿੱਤਰ ਹਸਤੀਆਂ ਬਾਰੇ ਕਿਸੇ ਵੀ ਪ੍ਰਕਾਰ ਦਾ ਕੁਬੋਲ ਜਾਂ ਕੁਪ੍ਰਚਾਰ ਜਾਂ ਕੁਵਿਚਾਰ ਕਿਸੇ ਵੀ ਜ਼ਮੀਰ ਦੀ ਆਜ਼ਾਦੀ ਦੇ ਘੇਰੇ ਵਿੱਚ ਨਹੀਂ ਆਉਂਦਾ । ਤੁਸੀਂ ਜੋ ਲੋਕਤੰਤਰ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਚੈਮਪੀਅਨ ਬਣਕੇ ਦੂਸਰਿਆਂ ਦੇ ਜਜ਼ਬਿਆਂ ਨਾਲ ਖੇਡਦੇ ਹੋ, ਇਹ ਨ ਹੀ ਲੋਕਤੰਤਰ ਹੈ ਅਤੇ ਨ ਹੀ ਵਿਚਾਰਾਂ ਦੀ ਆਜ਼ਾਦੀ ਹੈ । ਹਰ ਚੀਜ਼ ਦੀ ਇਕ ਹੱਦ ਹੁੰਦੀ ਹੈ । ਕੁਝ ਅਖ਼ਲਾਕ ਦੇ ਘੇਰੇ ਹੁੰਦੇ ਹਨ । ਜਿਵੇਂ ਹਰ ਇਕ ਕਿੱਤੇ ਵਿੱਚ ਸੀਮਤ ਸਾਧਨ

ਹਨ ਉਸੇ ਪ੍ਰਕਾਰ ਪਤੱਰਕਾਰੀ (ਜਰਨਾਲਿਜ਼ਮ) ਲਈ ਵੀ ਸੀਮਤ ਅਖ਼ਲਾਕੀ ਘੇਰੇ ਹਨ ਅਤੇ ਇਸੇ ਪ੍ਰਕਾਰ ਕਿਸੇ ਵੀ ਪ੍ਰਕਾਰ ਦੀ ਹੁਕੂਮਤ ਹੋਵੇ ਉਸਦੇ ਵੀ ਕਾਨੂਨ ਤੇ ਨੀਯਮ ਹਨ ।

ਵਿਚਾਰਾਂ ਦੀ ਸੁਤੰਤਰਤਾ ਦਾ ਕਦੇ ਵੀ ਇਹ ਅਰਥ ਨਹੀਂ ਹੈ ਕਿ ਦੂਜਿਆਂ ਦੇ ਜਜ਼ਬਿਆਂ ਨਾਲ ਖੇਡਿਆ ਜਾਵੇ, ਉਸਨੂੰ ਦੁੱਖ ਪਹੁੰਚਾਇਆ ਜਾਵੇ। ਜੇਕਰ ਇਹੋ ਵਿਚਾਰਾਂ ਦੀ ਆਜ਼ਾਦੀ ਹੈ ਜਿਸ 'ਤੇ ਪਛੱਮ ਨੂੰ ਮਾਣ ਹੈ ਤਾਂ ਇਹ ਆਜ਼ਾਦੀ ਤਰੱਕੀ ਵੱਲ ਲੈ ਜਾਣ ਵਾਲੀ ਨਹੀਂ ਹੈ ਸਗੋਂ ਪਤਨ ਵੱਲ ਲੈ ਜਾਣ ਵਾਲੀ ਹੈ ।

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਤੌਹੀਨ ਉਪੱਰ ਆਧਾਰਤ ਹਰਕਤਾਂ ਇਲਾਹੀ ਪ੍ਰਕੋਪ ਨੂੰ ਭੜਕਾਉਣ ਦਾ ਸਬਬ ਹਨ

ਪਛੱਮ ਵੱਡੀ ਤੀਬਰਤਾ ਨਾਲ ਧਰਮ ਨੂੰ ਛੱਡਕੇ ਸੁਤੰਤਰਤਾ ਦੇ ਨਾਂ 'ਤੇ ਹਰ ਇਕ ਖੇਤਰ ਵਿੱਚ ਅਖ਼ਲਾਕੀ ਕਦਰਾਂ ਨੂੰ ਪੈਰ੍ਹਾਂ ਹੇਠ ਰੋਲ੍ਹ ਰਿਹਾ ਹੈ, ਉਸਨੂੰ ਪਤਾ ਨਹੀਂ ਹੈ ਕਿ ਕਿਵੇਂ ਲੋਕ ਆਪਣੀ ਤਬਾਹੀ ਨੂੰ ਸੱਦਾ ਦੇ ਰਹੇ ਹਨ। ਹੁਣੇ ਇਟਲੀ ਵਿੱਚ ਇਕ ਮੰਤਰੀ ਜੀ ਨੇ ਇਕ ਨਵਾਂ ਸ਼ੋਸ਼ਾ ਛੱਡਿਆ ਹੈ ਕਿ ਇਹ ਬੇਹੂਦਾ ਤੇ ਗੰਦੇ ਕਾਰਟੂਨ ਟੀ-ਸ਼ਰਟਸ ਉਪੱਰ ਛਾਪਕੇ ਪਾਉਣੇ ਅਰੰਭ ਕਰ ਦਿੱਤੇ ਹਨ, ਸਗੋਂ ਦੂਸਰਿਆਂ ਨੂੰ ਵੀ ਕਿਹਾ ਹੈ ਕਿ ਮੇਰੇ ਕੋਲੋਂ ਲਓ। ਸੁਣਿਆ ਹੈ ਕਿ ਉੱਥੇ ਵੇਚੇ ਵੀ ਜਾ ਰਹੇ ਹਨ । ਕਹਿੰਦੇ ਹਨ ਕਿ ਮੁਸਲਮਾਨਾਂ ਦਾ ਇਹੋ ਇਲਾਜ ਹੈ । ਇਸ ਲਈ ਉਹਨਾਂ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਤਾਂ ਸਾਨੂੰ ਨਹੀਂ ਪਤਾ ਕਿ ਮੁਸਲਮਾਨਾਂ ਦਾ ਇਹ ਇਲਾਜ ਹੈ ਜਾਂ ਨਹੀਂ, ਪਰ ਇਹਨਾਂ ਹਰਕਤਾਂ ਰਾਹੀਂ ਉਹ ਰੱਬ ਦੇ ਪ੍ਰਕੋਪ ਨੂੰ ਭੜਕਾਉਣ ਦਾ

ਸਾਧਨ ਅਵਸ਼ ਬਣ ਰਹੇ ਹਨ । ਜੋ ਕੁਝ ਮੂਰਖਤਾ ਵਿੱਚ ਹੋ ਗਿਆ, ਉਹ ਤਾਂ ਹੋ ਗਿਆ ਪਰ ਉਸਨੂੰ ਕਰਮਵਾਰ ਢਿਠਾਈ ਨਾਲ ਕਰਦੇ ਜਾਣਾ ਅਤੇ ਉਸ ’ਤੇ ਬਜ਼ਿੱਦ ਹੋਣਾ ਕਿ ਅਸੀਂ ਜੋ ਕਰ ਰਹੇ ਹਾਂ ਠੀਕ ਹੈ । ਇਹ ਗੱਲ ਰੱਬ ਦੇ ਪ੍ਰਕੋਪ ਨੂੰ ਅਵਸ਼ ਭੜਕਾਉਂਦੀ ਹੈ ।

## ਇਸ ਅਵਸਥਾ ਵਿੱਚ ਅਹਮਦੀ ਦੀ ਪ੍ਰਤੀਕ੍ਰਿਆ ਕੀ ਹੋਣੀ ਚਾਹੀਦੀ ਹੈ ?

ਸੋ, ਜਿਵੇਂ ਕਿ ਮੈਂ ਕਿਹਾ ਸੀ ਬਾਕੀ ਦੇ ਮੁਸਮਲਾਨਾਂ ਦਾ ਪ੍ਰਤੀਕ੍ਰਮ ਉਹ ਜਾਨਣ, ਪਰ ਇਕ ਅਹਮਦੀ ਮੁਸਲਮਾਨ ਦੀ ਪ੍ਰਤੀਕ੍ਰਿਆ ਇਹ ਹੋਣੀ ਚਾਹੀਦੀ ਹੈ ਕਿ ਉਹਨਾਂ ਨੂੰ ਸਮਝਾਉਣ, ਰੱਬ ਦੇ ਪ੍ਰਕੋਪ ਤੋਂ ਡਰਾਉਣ । ਜਿਵੇਂ ਕਿ ਮੈਂ ਪਹਿਲਾਂ ਵੀ ਕਹਿ ਚੁਕਿਆ ਹਾਂ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਸੁੰਦਰ ਸਵਰੂਪ ਦੁਨੀਆ ਦੇ ਸਾਹਮਣੇ ਪੇਸ਼ ਕਰੋ ਅਤੇ ਆਪਣੇ ਕਾਦਰ ਤੇ ਸਰਬ ਵਿਆਪਕ ਰੱਬ ਅੱਗੇ ਝੁਕਣ ਅਤੇ ਉਸ ਦੀ ਸਹਾਇਤਾ ਦੇ ਜਾਚਕ ਬਣਨ । ਜੇਕਰ ਇਹ ਲੋਕ ਰੱਬੀ ਪ੍ਰਕੋਪ ਵੱਲ ਵੱਧ ਰਹੇ ਹਨ ਤਾਂ ਉਹ ਰੱਬ ਜੋ ਆਪਣੀ ਤੇ ਆਪਣੇ ਪਿਆਰਿਆਂ ਦੀ ਦੀ ਗ਼ੈਰਤ ਰੱਖਣ ਵਾਲਾ ਹੈ, ਆਪਣੇ ਕਹਿਰੀ ਚਮਤਕਾਰਾਂ ਰਾਹੀਂ ਆਉਣ ਦਾ ਬੱਲ ਵੀ ਰੱਖਦਾ ਹੈ । ਉਹ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ । ਉਹ ਮਨੁੱਖ ਦੇ ਬਣਾਏ ਹੋਏ ਨੀਯਮਾ ਦਾ ਪਾਬੰਦ ਨਹੀਂ ਹੈ, ਉਹ ਹਰ ਇਕ ਚੀਜ਼ ਉਪੱਰ ਕਾਦਰ ਹੈ, ਉਸਦੀ ਚੱਕੀ ਜੱਦ ਚਲਦੀ ਹੈ ਤਾਂ ਫ਼ਿਰ ਮਨੁੱਖ ਦੀ ਸੋਚ ਉਸਦਾ ਅੰਦਾਜ਼ਾ ਨਹੀਂ ਲਾ ਸਕਦੀ, ਫ਼ਿਰ ਉਸ ਤੋਂ ਕੋਈ ਬੱਚ ਨਹੀ ਸਕਦਾ ।

ਇਸ ਲਈ ਅਹਮਦੀਆਂ ਨੂੰ ਪਛੱਮ ਦੇ ਕੁਝ ਲੋਕਾਂ ਦੇ ਜਾਂ ਕੁਝ ਦੇਸ਼ਾਂ ਦੇ ਇਹ ਰਵਈਏ ਦੇਖ ਕੇ ਰੱਬ ਦੀ ਹਜ਼ੂਰੀ ਵਿੱਚ ਵੱਧ ਤੋਂ ਵੱਧ ਝੁਕਣਾ ਚਾਹੀਦਾ ਹੈ । ਰੱਬ ਦੇ ਮਸੀਹ ਨੇ ਯੂਰੋਪ ਨੂੰ ਵੀ ਵਾਰਨਿੰਗ ਦਿੱਤੀ ਹੋਈ ਹੈ

ਅਤੇ ਅਮਰੀਕਾ ਨੂੰ ਵੀ ਵਰਨਿੰਗ ਦਿੱਤੀ ਹੋਈ ਹੈ । ਇਹ ਭੁਚਾਲ, ਇਹ ਤੁਫ਼ਾਨ (ਝਖੱੜ) ਅਤੇ ਇਹ ਆਫ਼ਤਾਂ ਜੋਂ ਦੁਨੀਆ ਵਿੱਚ ਆ ਰਹੀਆਂ ਹਨ ਇਹ ਕੇਵਲ ਏਸ਼ੀਆ ਲਈ ਵਿਸ਼ੇਸ਼ ਨਹੀਂ ਹਨ । ਅਮਰੀਕਾ ਨੇ ਤਾਂ ਇਸ ਦੀ ਇਕ ਝਲਕ ਦੇਖ ਲਈ ਹੈ । ਸੋ, ਹੇ ਯੂਰੋਪ ! ਤੂੰ ਵੀ ਸੁਰੱਖਿਅਤ ਨਹੀਂ ਹੈ, ਇਸ ਲਈ ਕੁਝ ਰੱਬ ਦਾ ਖ਼ੌਫ਼ ਕਰੋ ਅਤੇ ਰੱਬ ਦੀ ਗ਼ੈਰਤ ਨੂੰ ਨ ਲਲਕਾਰੋ । ਪਰ ਨਾਲ ਹੀ ਮੈਂ ਕਹਿੰਦਾ ਹਾਂ ਕਿ ਹੇ, ਮੁਸਲਮਾਨ ਦੇਸ਼ੋ ਜਾਂ ਮੁਸਲਮਾਨ ਅਖਵਾਉਣ ਵਾਲੇ ਵੀ ਆਪਣੇ ਰਵਈਏ ਠੀਕ ਕਰ ਲਓ । ਅਜਿਹੇ ਰਵਈਏ ਅਤੇ ਅਜਿਹੇ ਪ੍ਰਤੀਕ੍ਰਮ ਪ੍ਰਗਟ ਕਰੋ ਜਿੰਨਾ ਰਾਹੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਅਸਥਾਨ ਨੂੰ, ਆਪ ਸਲਲੱਾਹੁ ਅਲੈਹਿ ਵਸਲੱਮ ਦੇ ਹੁਸਨ ਤੇ ਉਪਕਾਰਾਂ ਨੂੰ ਦੁਨੀਆ ਦੇ ਸਾਹਮਣੇ ਰਖੱਣ, ਉਹਨਾ ਨੂੰ ਦਿਖਾਉਣ। ਤਾਂ ਫਿਰ ਇਹ ਠੀਕ ਪ੍ਰਤੀਕ੍ਰਿਆ ਹੈ ਜੋ ਇਕ ਮੋਮਨ ਦੀ ਹੋਣੀ ਚਾਹੀਦੀ ਹੈ।

(ਖੁਤਬਾ ਜੁੱਮਾ 24 ਫ਼ਰਵਰੀ 2006, ਮਸਜਿਦ ਬੈਤੁਲ ਫ਼ੁਤੂਹ ਲੰਡਨ, ਬ ਹਵਾਲਾ ਉਸਵਾਏ ਰਸੂਲ ਔਰ ਖ਼ਾਕੋਂ ਕੀ ਹਕੀਕਤ, ਪੰਨਾ 25 ਤੋ 27)

## ਗ਼ੈਰ ਮੁਸਲਮਾਨਾਂ ਨਾਲ ਚੰਗੇ ਵਰਤਾਓ ਬਾਰੇ ਇਸਲਾਮ ਦੀ ਸੁੰਦਰ ਸਿੱਖਿਆ

ਵਿਚਾਰਾਂ ਦੀ ਸੁਤੰਤਰਤਾ ਤੇ ਧਰਮ ਦੀ ਸੁਤੰਤਰਤਾ ਬਾਰੇ ਇਸਲਾਮ ਦੀ ਸੁੰਦਰ ਸਿੱਖਿਆ ਕੀ ਹੈ ? ਇਸ ਬਾਰੇ ਵਰਤਮਾਨ ਪੰਜਵੇਂ ਰੂਹਾਨੀ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਫ਼ਰਮਾਉਂਦੇ ਹਨ ਕਿ :

''ਕੁਰਆਨ ਕਰੀਮ ਵਿੱਚ ਕਈ ਥਾਈਂ ਇਸਲਾਮ ਦੀ ਇਸ ਸੁੰਦਰ ਸਿੱਖਿਆ ਦਾ ਵਰਨਣ ਮਿਲਦਾ ਹੈ ਜਿਸ ਵਿੱਚ ਗ਼ੈਰ ਮੁਸਲਮਾਨਾ ਨਾਲ ਚੰਗੇ ਵਰਤਾਓ, ਉਹਨਾਂ ਦੇ ਹੱਕਾਂ ਦਾ ਖ਼ਿਆਲ ਰੱਖਣਾ, ਉਹਨਾਂ ਨਾਲ ਨਿਆ ਕਰਨਾ, ਉਹਨਾਂ ਦੇ ਧਰਮ ਉਪੱਰ ਕਿਸੇ ਵੀ ਪ੍ਰਕਾਰ ਦਾ ਜਬਰ ਨ ਕਰਨਾ, ਧਰਮ ਬਾਰੇ ਕੋਈ

ਸਖ਼ਤੀ ਨ ਕਰਨਾ ਆਦਿ ਅਨੇਕਾਂ ਹੀ ਆਦੇਸ਼ਾਂ ਆਪਣਿਆਂ ਤੇ ਹੋਰਨਾ ਲਈ ਹਨ । ਹਾਂ, ਕੁਝ ਹਾਲਾਤਾਂ ਵਿੱਚ ਜੰਗ ਦੀ ਵੀ ਆਗਿਆ ਹੈ ਪਰ ਉਹ ਇਸ ਅਵਸਥਾ ਵਿੱਚ ਕਿ ਜੱਦ ਦੁਸ਼ਮਨ ਪਹਿਲ ਕਰੇ, ਪ੍ਰਣ ਤੋੜੇ, ਨਿਆ ਦਾ ਘਾਣ ਕਰੇ, ਅਤਿਆਚਾਰ ਦਾ ਅੰਤ ਕਰੇ ਜਾਂ ਜ਼ੁਲਮ ਬਹੁਤ ਕਰੇ, ਪਰ ਇਸ ਵਿੱਚ ਵੀ ਕਿਸੇ ਦੇਸ਼ ਦੇ ਕਿਸੇ ਧੜੇ ਜਾਂ ਸੰਸਥਾ ਦਾ ਹੱਕ ਨਹੀਂ ਹੈ, ਸਗੋਂ ਇਹ ਹੁਕੂਮਤ ਦਾ ਕੰਮ ਹੈ ਕਿ ਫ਼ੈਸਲਾ ਕਰੇ ਕਿ ਕੀ ਕਰਨਾ ਹੈ ਕਿਵੇਂ ਇਸ ਜ਼ੁਲਮ ਨੂੰ ਖਤਮ ਕਰਨਾ ਹੈ, ਨ ਕਿ ਹਰ ਕੋਈ ਜਿਹਾਦੀ ਤੰਜ਼ੀਮ ਉੱਠੇ ਅਤੇ ਇਹ ਕੰਮ ਕਰਨਾ ਅਰੰਭ ਕਰ ਦੇਵੇ ।

## ਮੱਕੇ ਦੇ ਕੁਫ਼ੱਾਰ ਅਤੇ ਇਸਲਾਮ ਦੇ ਦੁਸ਼ਮਨਾ ਦੀਆਂ ਵਿਧੀਕੀਆਂ ਦੇ ਟਾਕਰੇ ’ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਮਹਾਨ ਉਪਕਾਰ

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਯੁੱਗ ਵਿੱਚ ਵੀ ਜੰਗਾ ਦੀਆਂ ਵਿਸ਼ੇਸ਼ ਅਵਸਥਾਵਾਂ ਪੈਦਾ ਕੀਤੀਆਂ ਗਈਆਂ ਸਨ ਜਿੰਨ੍ਹਾ ਤੋਂ ਮਜਬੂਰ ਹੋਕੇ ਜੁੱਧ ਕਰਨੇ ਪਏ । ਪਰ ਜਿਵੇਂ ਕਿ ਮੈਂ ਕਿਹਾ ਹੈ ਕਿ ਅੱਜ ਕਲ ਜਿਹਾਦੀ ਤੰਜ਼ੀਮਾ ਨੇ ਬਿਨਾਂ ਉਚਿਤ ਕਾਰਨਾ ਦੇ ਜਾਇਜ਼ ਅਖਤਿਆਰਾਂ ਦੇ ਆਪਣੇ ਜੰਗੀ ਨਾਰੇ ਅਤੇ ਕਰਮਾ ਰਾਹੀਂ ਹੋਰਨਾ ਧਰਮਾ ਵਾਲਿਆਂ ਨੂੰ ਇਹ ਮੌਕਾ ਦਿੱਤਾ ਹੈ ਅਤੇ ਉਹਨਾਂ ਵਿੱਚ ਐਨ੍ਹੀ ਜੁਰੱਤ ਪੈਦਾ ਹੋ ਗਈ ਹੈ ਕਿ ਉਹਨਾ ਨੇ ਅਤਿਅੰਤ ਢੀਠਪੁਣੇ ਤੇ ਨਿਰਲਜਤਾ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਾਕ ਜੀਵਨ ਉਪੱਰ ਬੇਹੁਦਾਹ ਹਮਲੇ ਕੀਤੇ ਹਨ ਅਤੇ ਕਰਦੇ ਰਹੇ ਹਨ ਜੱਦ ਕਿ ਉਸ ਸੰਪੂਰਨ ਰਹਿਮ ਕਰਤਾ, ਪਰਉਪਕਾਰੀ ਤੇ ਮਾਨਵੀ ਹੱਕਾਂ ਦੇ ਮਹਾਨ ਸੁਰੱਖਿਅਕ ਦਾ ਇਹ ਹਾਲ ਸੀ ਕਿ ਆਪ

ਸਲਲੱਾਹੁ ਅਲੈਹਿ ਵੀਸਲੱਮ ਜੰਗ ਦੀ ਅਵਸਥਾ ਵਿੱਚ ਵੀ ਕੋਈ ਅਜਿਹਾ ਮੌਕਾ ਹੱਥੋਂ ਨਹੀਂ ਜਾਣ ਦਿੰਦੇ ਸਨ ਜੋ ਵੈਰੀ ਨੂੰ ਸੌਖ ਪ੍ਰਦਾਨ ਨ ਕਰਦਾ ਹੋਵੇ । ਆਪ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਦਾ ਹਰ ਇਕ ਅਮਲ, ਕਰਮ, ਕਾਰਜ ਅਤੇ ਜੀਵਨ ਦਾ ਪਲ ਪਲ ਤੇ ਲੂੰ ਲੂੰ ਇਸ ਗੱਲ ਦਾ ਸਾਖੀ ਹੈ ਕਿ ਆਪ ਸੰਪੂਰਨ ਰਹਿਮ ਸਨ ਆਪ ਦੇ ਸੀਨੇ ਵਿੱਚ ਉਹ ਦਿਲ ਧਰੜਕਦਾ ਰਿਹਾ ਸੀ ਕਿ ਜਿਸ ਤੋਂ ਵੱਧ ਕੇ ਕੋਈ ਦਿਲ ਰਹਿਮ ਦੇ ਉਚਤਮ ਮਾਪਦੰਡ ਅਤੇ ਮੰਗ ਨੂੰ ਪੂਰਾ ਨਹੀਂ ਕਰ ਸਕਦਾ ਜੋ ਆਪ ਨੇ ਕੀਤੇ । ਅਮਨ ਵਿੱਚ ਵੀ ਅਤੇ ਜੰਗ ਵਿੱਚ ਵੀ, ਘਰ ਵਿੱਚ ਵੀ ਅਤੇ ਬਾਹਰ ਵੀ, ਪ੍ਰਤੀਦਿਨ ਦੇ ਮਾਮਲਿਆਂ ਵਿੱਚ ਵੀ ਅਤੇ ਦੂਸਰਿਆਂ ਧਰਮਾਂ ਨਾਲ ਕੀਤੇ ਇਕਰਾਰਾਂ ਨਾਲ ਵੀ । ਆਪ ਨੇ ਵਿਚਾਰਾਂ ਦੀ ਅਜ਼ਾਦੀ, ਧਰਮ ਅਤੇ ਮਿਲਵਰਤਨ ਦੇ ਮਾਪਦੰਡ ਸਥਾਪਤ ਕਰਨ ਦੀਆਂ ਉਦਾਹਰਣਾ ਕਾਇਮ ਕਰ ਦਿੱਤੀਆਂ । ਫਿਰ ਜੱਦ ਮਹਾਨ ਵਿਜੇਤਾ ਦੇ ਰੂਪ ਵਿੱਚ ਮੱਕੇ ਵਿੱਚ ਦਾਖ਼ਲ ਹੋਏ ਤਾਂ ਜਿੱਥੇ ਹਾਰੀ ਹੋਈ ਕੌਮ ਨਾਲ ਖਿਮਾ ਤੇ ਰਹਿਮ ਦਾ ਵਰਰਤਾਓ ਕੀਤਾ, ਓਥੇ ਧਰਮ ਦੀ ਆਜ਼ਾਦੀ ਦਾ ਵੀ ਪੂਰਾ ਹੱਕ ਦਿੱਤਾ ਅਤੇ ਕੁਰਆਨ ਕਰੀਮ ਦੇ ਇਸ ਹੁਕਮ ਦੀ ਉਚਤਮ ਉਦਾਹਰਣ ਕਾਇਮ ਕਰਦਿੱਤੀ ਕਿ

لَاۤ اِكْرَاهَ فِي الدِّيْنِ۔ ( سورۃ البقرہ : آیت ۲۵۷)

ਲਾ ਇਕਰਾਹਾ ਫ਼ਿੱਦੀਨ (ਸੂਰਤ ਬਕਰਾਹ–257)

ਕਿ ਧਰਮ ਤੁਹਾਡੇ ਦਿਲ ਦਾ ਮਾਮਲਾ ਹੈ, ਮੇਰੀ ਇਛੱਾ ਤਾਂ ਹੈ ਕਿ ਤੁਸੀਂ ਸੱਚੇ ਧਰਮ ਨੂੰ ਮਨ ਲਓ ਅਤੇ ਆਪਣੀ ਦੁਨੀਆ ਤੇ ਪਰਲੈ ਨੂੰ ਸੁਧਾਰ ਲਓ, ਆਪਣੀ ਬਖ਼ਸ਼ਿਸ਼ ਦਾ ਸਮਾਧਾਨ ਕਰ ਲਓ, ਪਰ ਕੋਈ ਜਬਰ ਨਹੀਂ । ਆਪ ਦਾ ਜੀਵਨ ਮਿਲਵਰਤਨ ਅਤੇ ਧਰਮ ਤੇ ਵਿਚਾਰਾਂ ਦੀ ਆਜ਼ਾਦੀ ਦੀਆਂ ਪ੍ਰਕਾਸ਼ਮਈ ਉਦਾਹਰਣਾ ਨਾਲ ਭਰਿਆ ਪਿਆ ਹੈ । ਉਹਨਾ ਵਿੱਚੋਂ ਕੁਝ ਇਕ ਦਾ ਮੈਂ ਵਰਨਣ ਕਰਦਾ ਹਾਂ :

ਕੌਣ ਨਹੀਂ ਜਾਣਦਾ ਕਿ ਮੱਕੇ ਵਿੱਚ ਆਪਦੇ ਨਬੁਵੱਤ ਦੇ ਦਾਵੇ ਦੇ ਬਾਦ ਦਾ 13 ਸਾਲ ਦਾ ਜੀਵਨ, ਕਿਨ੍ਹੀ ਕਰੜ੍ਹੀ ਘਾਲ੍ਹਣਾ ਵਾਲਾ ਤੇ ਦੁੱਖ

ਭਰਿਆ ਸੀ । ਆਪ ਨੇ ਅਤੇ ਆਪਦੇ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ (ਰੱਬ ਉਹਨਾ'ਤੇ ਮਿਹਰ ਕਰੇ) ਨੇ ਕਿਨ੍ਹੇ ਦੁੱਖ, ਕਸ਼ਟ, ਮੁਸੀਬਤਾਂ ਤੇ ਔਕੁੜਾਂ ਝੱਲੀਆਂ ਦੁਪਹਿਰ ਦੀ ਕੜਕਦੀ ਧੁੱਪ ਵਿੱਚ ਤਪੱਦੀ ਰੇਤ ਉਪੱਰ ਲਿਟਾਏ ਗਏ, ਤਪੱਦੇ ਪਥੱਰ ਛਾਤੀ ਉਪੱਰ ਰੱਖੇ ਗਏ, ਕੋੜਿਆਂ ਨਾਲ ਮਾਰਿਆ ਗਿਆ, ਇਸਤਰੀਆਂ ਦੀਆਂ ਜਾਂਘਾਂ ਚਰੀਕੇ ਮਾਰਿਆ ਗਿਆ, ਕਤਲ ਕੀਤਾ ਗਿਆ, ਸ਼ਹੀਦ ਕੀਤਾ ਗਿਆ । ਆਪ ਉਪੱਰ ਅਨੇਕਾਂ ਪ੍ਰਕਾਰ ਦੇ ਜ਼ੁਲਮ ਢਾਏ ਗਏ । ਸਜੱਦੇ ਦੀ ਅਵਸਥਾ ਵਿੱਚ ਕਈ ਵਾਰ ਊਠ ਦੀ ਓਝੜੀ ਲਿਆ ਕੇ ਆਪਦੀ ਪਿੱਠ ਉਪੱਰ ਰੱਖ ਦਿੱਤੀ ਗਈ ਜਿਸਦੇ ਭਾਰ ਨਾਲ ਆਪ ਉੱਠ ਨਹੀਂ ਸਕਦੇ ਸੀ । ਤਾਇਫ਼ ਦੀ ਯਾਤਰਾ ਸਮੇਂ ਬੱਚੇ ਆਪ ਉੱਪਰ ਪਥਰਾਓ ਕਰਦੇ ਰਹੇ । ਬੇਹੂਦਾ ਤੇ ਅਸ਼ਲੀਲ ਭਾਸ਼ਾ ਵਰਤਦੇ ਰਹੇ । ਉਹਨਾ ਦੇ ਸਰਦਾਰ ਉਹਨਾ ਨੂੰ ਹੱਲਾ ਸ਼ੇਰੀ ਦਿੰਦੇ ਰਹੇ, ਉਹਨਾ ਨੂੰ ਭੜਕਾਉਂਦੇ ਰਹੇ । ਆਪ ਇੰਨ੍ਹੇ ਜ਼ਖ਼ਮੀ ਹੋਏ ਕਿ ਸਿਰ ਤੋਂ ਪੈਰ੍ਹਾਂ ਤੀਕ ਲਹੂ ਲੁਹਾਨ ਹੋ ਗਏ । ਉਪੱਰੋਂ ਵਗਦਾ ਹੋਇਆ ਲਹੂ ਪੈਰ੍ਹਾਂ ਦੀਆਂ ਜੁੱਤੀਆਂ ਵਿੱਚ ਵੀ ਆਗਿਆ । ਸ਼ੁਐਬ ਅਬੀ ਤਾਲਬ ਦੀ ਘਟਨਾ ਹੈ, ਆਪ ਨੂੰ, ਆਪਦੇ ਪਰਿਵਾਰ ਨੂੰ, ਆਪਦੇ ਮਨ੍ਹਣ ਵਾਲਿਆ ਨੂੰ ਕਈ ਸਾਲ ਤੱਕ ਘੇਰਾ ਬੰਦ ਕਰ ਦਿੱਤਾ ਗਿਆ । ਖਾਣ ਨੂੰ ਕੁਝ ਨਹੀਂ ਸੀ, ਪੀਣ ਲਈ ਕੁਝ ਨਹੀਂ ਸੀ, ਬੱਚੇ ਵੀ ਭੁੱਖ ਤੇ ਤ੍ਰੇਹ ਨਾਲ ਬਿਲਕ ਰਹੇ ਸਨ, ਕਿਸੇ ਸਹਾਬੀ ਨੂੰ ਇਹਨਾ ਹਾਲਤਾਂ ਵਿੱਚ ਅਨ੍ਹੇਰੇ ਵਿੱਚ ਧਰਤੀ ਉਪੱਰ ਪਈ ਕੋਈ ਨਰਮ ਚੀਜ਼ ਪੈਰ੍ਹਾਂ ਹੇਠ ਅਨੁਭਵ ਹੋਈ ਤਾਂ ਉਸੇ ਨੂੰ ਉਠਾ ਕੇ ਮੂੰਹ'ਚ ਰੱਖ ਲਿਆ ਕਿ ਸੰਭਤਾ ਕੋਈ ਖਾਣ ਦੀ ਚੀਜ਼ ਹੋਵੇ । ਇਹ ਭੁੱਖ ਦੀ ਚਿੰਤਾਜਨਕ ਅਵਸਥਾ ਸੀ । ਅੰਤ ਜੱਦ ਇਹਨਾ ਹਾਲਤਾਂ ਤੋਂ ਮਜਬੂਰ ਹੋਕੇ ਹਿਜਰਤ (ਪ੍ਰਵਾਸ ਕਰਨਾ) ਕਰਨੀ ਪਈ ਅਤੇ ਹਿਜਰਤ ਕਰਕੇ ਮਦੀਨੇ ਵਿੱਚ ਆਏ ਤਾਂ ਉੱਥੇ ਵੀ ਦੁਸ਼ਮਣਾ ਨੇ ਪਿਛੱਾ ਨਾ ਛੱਡਿਆ ਅਕੇ ਹਮਲਾਆਵਰ ਹੋਏ । ਮਦੀਨੇ ਦੇ ਰਹਿਣ ਵਾਲੇ ਯਹੂਦੀਆਂ ਨੂੰ ਆਪ ਦੇ ਵਿਰੁਧ ਭੜਕਾਉਣ ਦੇ ਜਤਨ ਕੀਤੇ । ਇਹਨਾਂ ਹਾਲਾਤਾਂ ਦਾ ਜਿੰਨ੍ਹਾ ਦਾ ਮੈਂ ਸੰਖੇਪ ਵਿੱਚ ਵਰਨਣ ਕੀਤਾ ਹੈ ਜੇਕਰ ਜੰਗ ਦੀ ਅਵਸਥਾ ਪੈਦਾ ਹੋਵੇ ਅਤੇ ਮਜ਼ਲੂਮ ਨੂੰ ਵੀ ਉਤੱਰ

ਦੇਣ ਦਾ ਮੌਕਾ ਮਿਲੇ, ਬਦਲਾ ਲੈਣ ਦਾ ਮੌਕਾ ਮਿਲੇ ਤਾਂ ਉਹ ਇਹੋ ਜਤਨ ਕਰਦਾ ਹੈ ਕਿ ਫਿਰ ਉਸ ਜ਼ੁਲਮ ਦਾ ਬਦਲਾ ਵੀ ਜ਼ੁਲਮ ਨਾਲ ਹੀ ਲਿਆ ਜਾਵੇ । ਕਹਿੰਦੇ ਹਨ ਜੰਗ ਵਿੱਚ ਸਭ ਕੁਝ ਜਾਇਜ਼ ਹੁੰਦਾ ਹੈ । ਪਰ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਹਾਲਤ ਵਿੱਚ ਵੀ ਨਰਮ ਦਿਲੀ ਅਤੇ ਰਹਿਮਤ ਦਾ ਉਚਤਮ ਨਮੂਨਾ ਕਾਇਮ ਕੀਤਾ । ਮੱਕੇ ਤੋਂ ਆਏ ਹੋਏ ਅਜੇ ਕੁਝ ਸਮਾਂ ਹੀ ਲੰਘਿਆ ਸੀ ਸਾਰਿਆਂ ਦੁੱਖਾਂ ਦੇ ਜ਼ਖ਼ਮ ਅਜੇ ਨਰੋਏ ਸਨ । ਆਪ ਨੂੰ ਆਪਣੇ ਮਨੂਣ ਵਾਲਿਆਂ ਦੇ ਦੁੱਖਾਂ ਦਾ ਅਨੁਭਵ ਆਪਣੇ ਦੁੱਖਾ ਤੋਂ ਵੀ ਵੱਧ ਹੋਇਆ ਕਰਦਾ ਸੀ । ਪਰ ਫਿਰ ਵੀ ਇਸਲਾਮੀ ਸਿੱਖਿਆ ਦੇ ਉਸੂਲਾਂ ਤੇ ਨੀਯਮਾਂ ਨੂੰ ਆਪਨੇ ਕਦੇ ਨਹੀਂ ਤੋੜਿਆ । ਜੋ ਅਖ਼ਲਾਕੀ ਮਾਪਦੰਡ ਆਪਦੇ ਸੁਭਾਵ ਦਾ ਹਿੱਸਾ ਸਨ ਅਤੇ ਜੋ ਸਿੱਖਿਆ ਦਾ ਹਿੱਸਾ ਸਨ, ਉਹਨਾ ਨੂੰ ਨਹੀਂ ਤੋੜਿਆ । ਅੱਜ ਦੇਖ ਲਓ, ਕੁਝ ਪਛੱਮੀ ਦੇਸ਼ ਜਿੰਨਾਂ ਤੋਂ ਯੁੱਧ ਕਰ ਰਹੇ ਹਨ, ਉਹਨਾਂ ਨਾਲ ਕੀ ਕੁਝ ਨਹੀਂ ਕਰਦੇ । ਇਸ ਦੇ ਟਾਕਰੇ ’ਤੇ ਆਪ ਸਲਲੱਾਹੁ ਅਲੈਹਿ ਵਸਲੱਮ ਦਾ ਆਚਰਣ ਦੇਖ ਲਓ ਜਿਸਦਾ ਇਤਿਹਾਸ ਵਿੱਚ ਇਉਂ ਵਰਨਣ ਮਿਲਦਾ ਹੈ :-

ਬਦਰ ਦੀ ਜੰਗ ਸਮੇਂ ਜਿਸ ਥਾਂ ਇਸਲਾਮੀ ਲਸ਼ਕਰ ਨੇ ਪੜਾਅ ਪਇਆ ਸੀ ਉਹ ਕੋਈ ਅਜਿਹੀ ਚੰਗੀ ਥਾਂ ਨਹੀਂ ਸੀ । ਇਸ ’ਤੇ ਹੁਬਾਬ ਰਜ਼ੀ ਅਲੱਾਹ ਅਨਹੁ ਬਿਨ ਮੁਨਜ਼ਿਰ ਨੇ ਆਪ ਸਲਲੱਾਹੁ ਅਲੈਹਿ ਵਸਲੱਮ ਤੋਂ ਪੁੱਛਿਆ ਕਿ ਕੀ ਜਿੱਥੇ ਆਪਨੇ ਪੜਾਅ ਪਾਉਣ ਲਈ ਥਾਂ ਨਿਰਧਾਰਤ ਕੀਤਾ ਹੈ, ਇਹ ਕਿਸੇ ਰੱਬੀ ਹੁਕਮ ਹੇਠ ਹੈ, ਆਪ ਨੂੰ ਰੱਬ ਨੇ ਦੱਸਿਆ ਹੈ ਜਾਂ ਆਪਨੇ ਇਹ ਥਾਂ ਖ਼ੁੱਦ ਪਸੰਦ ਕੀਤੀ ਹੈ ? ਆਪਦਾ ਵਿਚਾਰ ਹੈ ਕਿ ਫ਼ੌਜੀ ਕਾਰਵਾਈ ਲਈ ਇਹ ਥਾਂ ਚੰਗੀ ਹੈ ? ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਇਹ ਤਾਂ ਕੇਵਲ ਜੰਗੀ ਹਿਕਮਤ ਦੇ ਪੱਖੋਂ ਮੇਰਾ ਵਿਚਾਰ ਸੀ ਕਿ ਇਹ ਥਾਂ ਚੰਗੀ ਹੈ, ਉੱਚੀ ਥਾਂ ਹੈ, ਤਾਂ ਉਹਨਾ ਨੇ ਬਿਨਤੀ ਕੀਤੀ ਕਿ ਇਹ ਉਚਿਤ ਥਾਂ ਨਹੀਂ ਹੈ । ਆਪ ਲੋਕਾਂ ਨੂੰ ਲੈ ਚਲਣ ਅਤੇ ਪਾਣੀ ਦੇ ਚਸ਼ਮੇ ਉਪੱਰ ਕਬਜ਼ਾ ਕਰ ਲੈਣ । ਓਥੇ ਇਕ ਪਾਣੀ ਦਾ ਕੁੰਡ ਬਣਾ ਲੈਣਗੇ ਅਤੇ

ਫ਼ਿਰ ਜੰਗ ਕਰਾਂਗੇ । ਇਸ ਅਵਸਥਾ ਵਿੱਚ ਅਸੀਂ ਤਾਂ ਪਾਣੀ ਪੀ ਸਕਾਂਗੇ ਪਰ ਦੁਸ਼ਮਨ ਨੂੰ ਪਾਣੀ ਪੀਣ ਲਈ ਨਹੀਂ ਮਿਲੇਗਾ । ਤਾਂ ਆਪ ਨੇ ਫ਼ਰਮਾਇਆ ਠੀਕ ਹੈ ਚਲੋ ਤੁਹਾਡੀ ਗੱਲ ਮਨ੍ਹ ਲੈਂਦੇ ਹਾਂ । ਸਹਾਬਾ ਚਲ ਪਏ ਅਤੇ ਓਥੇ ਪੜਾਅ ਪਾ ਲਿਆ । ਕੁਝ ਚਿਰ ਪਿੱਛੋਂ ਕੁਰੈਸ਼ ਦੇ ਕੁਝ ਲੋਕ ਪਾਣੀ ਪੀਣ ਲਈ ਉਸ ਕੁੰਡ ਵੱਲ ਆਏ ਤਾਂ ਸਹਾਬਾ ਨੇ ਰੋਕਣ ਦਾ ਜਤਨ ਕੀਤਾ ਤਾਂ ਆਪ ਨੇ ਫ਼ਰਮਾਇਆ ਨਹੀਂ ਉਹਨਾਂ ਨੂੰ ਪਾਣੀ ਪੀ ਲੈਣ ਦਿਓ।

(ਅੱਸੀਰਾਤੁਨ ਨਬਵੀਯਾਤੁਲ ਇਬਨੇ ਹਸ਼ੱਾਮ, ਭਾਗ-2, ਪੰਨਾ-284, ਗ਼ਜ਼ਵਾਤੁ ਬਦਰੁਲ ਕੁਬਰਾ, ਮਸ਼ਵਰਹਤੁਲ ਹਿਬਾਬ ਅਲਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ)

## ਇਸਲਾਮ ਤਲਵਾਰ ਦੇ ਜ਼ੋਰ ਨਾਲ ਨਹੀਂ ਸਗੋਂ ਚੰਗੇ ਆਚਰਣ ਅਤੇ ਵਿਚਾਰਾਂ ਤੇ ਧਰਮ ਦੀ ਆਜ਼ਾਦੀ ਦੀ ਸਿੱਖਿਆ ਕਰਕੇ ਫ਼ੈਲਿਆ ਹੈ

ਇਹ ਹੈ ਉਚਤਮ ਮਾਪਦੰਡ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਅਖ਼ਲਾਕ ਦਾ ਕਿ ਇਹ ਗੱਲ ਸਹਿਨ ਕਰਦਿਆ ਹੋਇਆ ਕਿ ਕੁਝ ਸਮਾਂ ਪਹਿਲਾਂ ਮੁਸਲਮਾਨਾਂ ਦੇ ਬੱਚਿਆਂ ਤੱਕ ਦਾ ਦਾਣਾ ਪਾਣੀ ਬੰਦ ਕੀਤਾ ਹੋਇਆ ਸੀ, ਪਰ ਆਪਨੇ ਇਸ ਨੂੰ ਅੱਖੋਂ ਓਹਲੇ ਕਰਦਿਆ ਹੋਇਆ ਦੁਸ਼ਮਨ ਦੀ ਫ਼ੌਜ ਦੇ ਸਿਪਾਹੀਆਂ ਨੂੰ ਜੋ ਪਾਣੀ ਦੇ ਸੋਮੇ ਤੱਕ ਪਾਣੀ ਲੈਣ ਆਏ ਸਨ, ਜਿਸ ’ਤੇ ਆਪ ਨਿਰਭਰ ਸਨ, ਆਪਦੇ ਕਬਜ਼ੇ ਵਿੱਚ ਸੀ, ਉਹਨਾ ਨੂੰ ਪਾਣੀ ਲੈਣ ਤੋਂ ਨਹੀਂ ਰੋਕਿਆ । ਕਿਉਂਕਿ ਇਹ ਆਚਰਣਕ ਅਵਸਥਾ ਤੋਂ ਡਿੱਗੀ ਹੋਈ ਗੱਲ ਸੀ । ਇਸਲਾਮ ਉਪੱਰ ਸੱਭ ਤੋਂ ਵੱਡਾ ਇਹੋ ਇਤਰਾਜ਼ ਕੀਤਾ ਜਾਂਦਾ ਹੈ ਕਿ ਤਲਵਾਰ ਦੇ ਜ਼ੋਰ ਨਾਲ ਫੈਲਾਇਆ ਗਿਆ ਹੈ। ਇਹ ਲੋਕ ਜੋ ਪਾਣੀ ਲੈਣ ਆਏ ਸਨ, ਉਹਨਾਂ ਤੋਂ ਵੀ ਜਬਰੀ ਕੀਤੀ ਜਾ

ਸਕਦੀ ਸੀ ਕਿ ਪਾਣੀ ਲੈਣਾ ਹੈ ਤਾਂ ਸਾਡੀਆਂ ਸ਼ਰਤਾਂ ਮਨ੍ਹ ਲੈਣਾ । ਕੁਫ਼ੱਾਰ ਕਈ ਜੰਗਾ ਵਿੱਚ ਇਸੇ ਪ੍ਰਕਾਰ ਕਰਦੇ ਰਹੇ ਹਨ । ਪਰ ਨਹੀਂ, ਆਪ ਨੇ ਇਸ ਤਰ੍ਹਾਂ ਨਹੀਂ ਫ਼ਰਮਮਾਇਆ । ਇੱਥੇ ਕਿਹਾ ਜਾ ਸਕਦਾ ਹੈ ਕਿ ਅਜੇ ਮੁਸਲਮਾਨਾਂ ਵਿੱਚ ਪੂਰੀ ਤਾਕਤ ਨਹੀਂ ਸੀ, ਕਮਜ਼ੋਰ ਸਨ, ਇਸ ਲਈ ਜੰਗ ਤੋਂ ਬਚਣ ਲਈ ਸ਼ਾਇਦ ਇਹ ਉਪਕਾਰ ਕੀਤਾ ਹੈ, ਜੱਦ ਕਿ ਇਹ ਗ਼ਲਤ ਗੱਲ ਹੈ । ਮੁਸਲਮਾਨਾਂ ਦੇ ਬੱਚੇ ਬੱਚੇ ਨੂੰ ਇਹ ਪਤਾ ਸੀ ਕਿ ਮੱਕੇ ਦੇ ਕੁਫ਼ੱਾਰ ਮੁਸਲਮਾਨਾਂ ਦੇ ਖ਼ੂਨ ਦੇ ਪਿਆਸੇ ਹਨ ਅਤੇ ਮੁਸਲਮਾਨਾਂ ਦੀ ਸ਼ਕਲ ਦੇਖਦਿਆਂ ਹੀ ਉਹਨਾ ਦੀਆਂ ਅਖੱਾਂ ਵਿੱਚ ਖ਼ੂਨ ਉਤਰ ਆਉਂਦਾ ਹੈ । ਇਸ ਲਈ ਇਹ ਖ਼ੁਸ਼ ਫ਼ਹਿਮੀ ਕਿਸੇ ਨੂੰ ਵੀ ਨਹੀਂ ਸੀ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਤਾਂ ਇਸ ਪ੍ਰਕਾਰ ਦੀ ਖ਼ੁਸ਼ ਫ਼ਹਿਮੀ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ । ਆਪ ਨੇ ਤਾਂ ਇਹ ਸਭ ਕੁਝ, ਇਹ ਮਿਹਰ ਭਰਿਆ ਵਰਤਾਓ ਸੰਪੂਰਨ ਰਹਿਮਤ ਹੋਣ ਕਰਕੇ ਮਨੁੱਖੀ ਕਦਰਾਂ ਦਾ ਲਿਹਾਜ਼ ਹੋਣ ਕਰਕੇ ਕੀਤਾ ਸੀ । ਕਿਉਂਕਿ ਆਪ ਨੇ ਹੀ ਮਨੁੱਖੀ ਕਦਰਾਂ ਦੀ ਪਛਾਣ ਦੀ ਸਿੱਖਿਆ ਦੇਣੀ ਸੀ ।

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨਿਆ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਅਨਮੋਲ ਮਾਪਦੰਡ

ਫਿਰ ਉਸ ਇਸਲਾਮ ਦੇ ਦੁਸ਼ਮਨ ਦੀ ਘਟਨਾ ਦੇਖੋ ਜਿਸਦੇ ਕਤਲ ਦਾ ਹੁਕਮ ਜਾਰੀ ਹੋ ਚੁੱਕਾ ਸੀ, ਪਰ ਆਪਨੇ ਨ ਉਸਨੂੰ ਕੇਵਲ ਮਾਫ਼ ਕੀਤਾ ਸਗੋਂ ਮੁਸਲਮਾਨਾਂ ਵਿੱਚ ਰਹਿੰਦਿਆਂ ਹੋਇਆਂ ਆਪਣੇ ਧਰਮ ਉੱਪਰ ਕਾਇਮ ਰਹਿਣ ਦੀ ਆਗਿਆ ਵੀ ਦਿੱਤੀ । ਇਹ ਘਟਨਾ ਇਸ ਪ੍ਰਕਾਰ ਹੈ ।

ਅਬੁਜਹਿਲ ਦਾ ਪੁਤੱਰ ਅਕਰਮਾ ਆਪਣੇ ਪਿਤਾ ਵਾਂਗ ਸਾਰੀ ਉਮਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨਾਲ ਜੁੱਧ ਕਰਦਾ ਰਿਹਾ । ਮੱਕੇ ਦੀ

ਫ਼ਤਹਿ ਸਮੇਂ ਵੀ ਜੱਦਕਿ ਰਸੂਲੇ ਕਰੀਮ ਸਲਲੱਹੁ ਅਲੈਹਿ ਵਸਲੱਮ ਨੇ ਮੁਆਫ਼ੀ ਤੇ ਅਮਨ ਦੀ ਘੋਸ਼ਣਾ ਕਰ ਦਿੱਤੀ ਸੀ ਇਕ ਜੱਥੇ ਨੇ ਆਕਰਮਣ ਕੀਤਾ ਅਤੇ ਹਰਮ (ਪਵਿੱਤਰ ਸਥਾਨ) ਵਿੱਚ ਰਕਤ ਵਹਾਉਣ ਦਾ ਸਬਬ ਬਣਿਆ । ਆਪਣੇ ਜੰਗੀ ਅਪਰਾਧਾਂ ਕਰਕੇ ਜੱਦ ਉਹ ਕਤਲ ਯੋਗ ਠਹਿਰਾਇਆ ਗਿਆ ਸੀ । ਪਰ ਉਸ ਸਮੇਂ ਮੁਸਲਮਾਨਾਂ ਸਾਹਮਣੇ ਕੋਈ ਨਹੀਂ ਠਹਿਰ ਸਕਿਆ ਸੀ । ਇਸ ਲਈ ਜਾਨ ਬਚਾਉਣ ਲਈ ਉਹ ਯਮਨ ਵੱਲ ਭੱਜ ਗਿਆ । ਉਸਦੀ ਪਤਨੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਕੋਲੋਂ ਮੁਆਫ਼ੀ ਦੀ ਜਾਚਕ ਹੋਈ ਤਾਂ ਆਪਨੇ ਬਹੁਤ ਮਿਹਰਤਾ ਨਾਲ ਉਸਨੂੰ ਬਖ਼ਸ਼ ਦਿਤੱਾ ਅਤੇ ਜੱਦ ਉਹ ਆਪਣੇ ਪਤੀ ਨੂੰ ਲੈਣ ਲਈ ਆਪ ਗਈ ਤਾਂ ਅਕਰਮਾ ਨੂੰ ਇਸ ਮੁਆਫ਼ੀ ਉਪੱਰ ਵਿਸ਼ਵਾਸ ਨਹੀਂ ਆਉਂਦਾ ਸੀ ਕਿ ਮੈਂ ਤਾਂ ਐਨ੍ਹੇ ਜ਼ੁਲਮ ਕੀਤੇ ਹਨ, ਇੰਨੇ ਮੁਸਲਮਾਨ ਕਤਲ ਕੀਤੇ ਹੋਏ ਹਨ, ਅੰਤ ਦਿਨ ਤੱਕ ਮੈਂ ਲੜਦਾ ਰਿਹਾ ਤਾਂ ਮੈਂਨੂੰ ਕਿਵੇਂ ਬਖ਼ਸ਼ਿਆ ਜਾ ਸਕਦਾ ਹੈ । ਅੰਤ ਉਹ ਕਿਸੇ ਪ੍ਰਕਾਰ ਅਪਣੇ ਪਤੀ ਅਕਰਮਾ ਨੂੰ ਵਿਸ਼ਵਾਸ ਵਿੱਚ ਲੈਕੇ ਵਾਪ ਪਰਤ ਆਈ । ਜੱਦ ਅਕਰਮਾ ਵਾਪਸ ਅਏ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਦਰਬਾਰ ਵਿੱਚ ਹਾਜ਼ਰ ਹੋਏ ਅਤੇ ਇਸ ਗੱਲ ਦੀ ਪੁਸ਼ਟੀ ਦੀ ਇੱਛਾ ਕੀਤੀ ਤਾਂ ਉਸਦੇ ਆਉਣ 'ਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਉਸ ਨਾਲ ਉਪਕਾਰ ਦਾ ਹੈਰਾਨੀ ਜਨਕ ਵਰਤਾਓ ਕੀਤਾ । ਪਹਿਲਾਂ ਤਾਂ ਆਪ ਵੈਰੀ ਕੌਮ ਦੇ ਸਰਦਾਰ ਦੇ ਮਾਣ ਲਈ ਖੜ੍ਹੇ ਹੋ ਗਏ ਕਿ ਦੁਸ਼ਮਣ ਕੌਮ ਦਾ ਸਰਦਾਰ ਹੈ ਇਸ ਲਈ ਉਸਦਾ ਮਾਣ ਰਖੱਣਾ ਹੈ। ਇਸ ਲਈ ਖੜ੍ਹੇ ਹੋ ਗਏ ਅਤੇ ਫਿਰ ਅਕਰਮਾ ਦੇ ਪੁੱਛਣ 'ਤੇ ਫ਼ਰਮਾਇਆ ਕਿ ਵਾਸਤਵ ਵਿੱਚ ਮੈਂ ਤੁਹਾਨੂੰ ਮੁਆਫ਼ ਕਰ ਦਿਤੱਾ ਹੈ ।

(ਮੋਤਾ ਇਮਾਮ ਮਾਲਿਕ, ਕਿਤਾਬੁੱਨਿਕਾਹ, ਨਿਕਾਹੁਲ ਮੁਸ਼ਰਿਕ ਇਜ਼ਾ ਅਸਲਮਤੁ ਜ਼ੌਜਾਤਹੁ ਕਬਲਹੁ)

ਅਕਰਮਹ ਨੇ ਫਿਰ ਪੁੱਛਿਆ ਕਿ ਆਪਣੇ ਧਰਮ ਉਪੱਰ ਸਿਥਰ ਰਹਿੰਦਿਆਂ ਹੋਇਆਂ ? ਅਰਥਾਤ ਮੈਂ ਮੁਸਲਮਾਨ ਨਹੀਂ ਹੋਇਆ ਤਾਂ ਵੀ ।

ਇਸ ਸ਼ਿਰਕ ਦੀ ਅਵਸਥਾ ਵਿੱਚ ਆਪ ਨੇ ਮੈਨੂੰ ਮਾਫ਼ ਕਰ ਦਿੱਤਾ ਹੈ, ਆਪ ਨੇ ਮੈਨੂੰ ਬਖ਼ਸ਼ ਦਿਤੱਾ ਹੈ । ਤਾਂ ਆਪ ਨੇ ਫ਼ਰਮਾਇਆ, ਹਾਂ । ਇਹ ਸੁਣਕੇ ਅਕਰਮਹ ਦਾ ਮਨ ਇਸਲਾਮ ਲਈ ਖੁੱਲ ਗਿਆ ਅਤੇ ਬੇਮੁਹਾਰੇ ਹੀ ਬੋਲ ਪਿਆ ਕਿ ਹੇ, ਮੁਹਮੱਦਸ.ਅ.ਵ. ਆਪ ਵਾਸਤਵ ਵਿੱਚ ਹੀ ਅਤਿਅੰਤ ਕਿਰਪਾਲੂ, ਮਿਹਰਵਾਨ ਤੇ ਮਿਲਵਰਤਨ ਕਰਨ ਵਾਲੇ ਹਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਚੰਗੇ ਆਚਰਣ ਤੇ ਉਪਕਾਰਾਂ ਦਾ ਇਹ ਨਮੂਨਾ ਦੇਖਕੇ ਅਕਰਮਹ ਮੁਸਲਮਾਨ ਹੋ ਗਿਆ ।

(ਅਲਸੀਰਾਤੁਲ ਹਲਬੀਯਹ, ਭਾਗ ਤੀਜਾ, ਪੰਨਾ 109, ਛਾਪਾ ਬੈਰੂਤ, ਬਾਬ ਜ਼ਿਕਰ ਮਗ਼ਾਜ਼ੀਯਾਤੁ ਸਲਲੱਾਹੁ ਅਲੈਹਿ ਵਸਲੱਮ, ਫ਼ਤਹਿ ਮੱਕਾ ਸ਼ਰਫ਼ਹੁਲੱਾਹ ਤਆਲਾ)

ਇਸ ਪ੍ਰਕਾਰ ਇਸਲਾਮ ਆਪਣੀ ਚੰਗੀ ਦਿੱਖ, ਆਚਰਣ ਅਤੇ ਵਿਚਾਰਾਂ ਤੇ ਧਰਮ ਦੀ ਆਜ਼ਾਦੀ ਦੀ ਆਗਿਆ ਕਰਕੇ ਫੈਲਿਆ ਹੈ । ਚੰਗਿਆਈ ਅਤੇ ਧਰਮ ਦੀ ਅਜ਼ਾਦੀ ਦਾ ਇਹ ਤੀਰ ਇਕ ਮਿੰਟ ਵਿੱਚ ਅਕਰਮਹ ਜਿਹੇ ਮਨੁੱਖ ਨੂੰ ਘਾਇਲ ਕਰ ਗਿਆ । ਹਜ਼ਰਰਤ ਮੁਹਮੱਦ ਨੇ ਕੈਦੀਆਂ ਅਤੇ ਗ਼ੁਲਾਮਾ ਤੱਕ ਨੂੰ ਇਹ ਆਗਿਆ ਦਿੱਤੀ ਸੀ ਕਿ ਜੋ ਧਰਮ ਚਾਹੇ ਅਪਣਾਓ ਪਰ ਇਸਲਾਮ ਦਾ ਪ੍ਰਚਾਰ ਸਭ ਲਈ ਹੈ ਕਿ ਰੱਬ ਨੇ ਹੁਕਮ ਦਿੱਤਾ ਹੈ ਕਿ ਇਸਲਾਮ ਦੀ ਸਿੱਖਿਆ ਬਾਰੇ ਲੋਕਾਂ ਨੂੰ ਦੱਸੋ ਕਿਉਂਕਿ ਲੋਕਾਂ ਨੂੰ ਪਤਾ ਨਹੀਂ ਹੈ । ਇਹ ਇਛੱਾ ਇਸ ਲਈ ਹੈ ਕਿ ਇਹ ਤੁਹਾਨੂੰ ਰੱਬ ਦੀ ਨੇੜਤਾ ਪ੍ਰਦਾਨ ਕਰੇਗੀ ਅਤੇ ਤੁਹਾਡੇ ਭਲੇ ਲਈ ਅਸੀਂ ਤੁਹਾਨੂੰ ਕਹਿੰਦੇ ਹਾਂ । ਇਕ ਕੈਦੀ ਦੀ ਘਟਨਾ ਇਸੇ ਪ੍ਰਕਾਰ ਵਰਨਣ ਹੋਈ ਹੈ । ਸਈਦ ਬਿਨ ਅਬੀ ਸਈਦ ਵਰਨਣ ਕਰਦੇ ਹਨ ਕਿ ਉਹਨਾ ਨੇ ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਨੂੰ ਇਹ ਕਹਿੰਦੇ ਹੋਏ ਸੁਣਿਆ ਕਿ ਰਸੂਲੇ ਕਾਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਨਜਦ ਵੱਲ ਇਕ ਦਲ ਭੇਜਿਆ ਜੋ ਬਨੁ ਹਨੀਫ਼ਾ ਦੇ ਇਕ ਮਨੁੱਖ ਨੂੰ ਕੈਦੀ ਬਣਾ ਲਿਆਏ ਜਿਸ ਦਾ ਨਾਂ ਸੁਮਾਮਾ ਬਿਨ ਅਸਾਲ ਸੀ । ਸਹਾਬਾ ਨੇ ਉਸਨੂੰ ਮਸਜਿਦ ਨਬਵੀ ਦੇ ਇਕ ਥੰਮ ਨਾਲ ਬਨ੍ਹ ਦਿੱਤਾ।

ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਉਸ ਕੋਲ ਆਏ ਅਤੇ ਪੁਛਿਆ ਕਿ ਹੇ ਸੁਮਾਮਾ ਤੇਰੇ ਕੋਲ ਕੀ ਉਜ਼ਰ ਹੈ ਜਾਂ ਤੇਰਾ ਕੀ ਵਿਚਾਰ ਹੈ ਕਿ ਤੇਰੇ ਨਾਲ ਕਿਹੋ ਜਿਹਾ ਵਿਵਹਾਰ ਹੋਵੇਗਾ । ਉਸਨੇ ਕਿਹਾ ਮੇਰਾ ਗੁਮਾਨ ਚੰਗਾ ਹੈ, ਜੇਕਰ ਆਪ ਮੈਂਨੂੰ ਕਤਲ ਕਰ ਦੇਣ ਤਾਂ ਆਪ ਇਕ ਰਕਤ ਵਹਾਉਣ ਵਾਲੇ ਮਨੁੱਖ ਨੂੰ ਕਤਲ ਕਰ ਦੇਣਗੇ ਅਤੇ ਜੇਕਰ ਆਪ ਉਪਕਾਰ ਕਰਨ ਤਾਂ ਆਪ ਇਕ ਅਜਿਹੇ ਮਨੁੱਖ ਉਪੱਰ ਉਪਕਾਰ ਕਰਨਗੇ ਜੋ ਉਪਕਾਰ ਦੀ ਕਦਰਦਾਨੀ ਕਰਨ ਵਾਲਾ ਹੈ । ਜੇਕਰ ਆਪ ਮਾਲ ਚਾਹੁੰਦੇ ਹਨ ਤਾਂ ਜਿੰਨ੍ਹਾ ਚਾਹੋ ਲੈ ਲਓ। ਉਸ ਲਈ ਇੰਨ੍ਹਾ ਮਾਲ ਉਸਦੀ ਕੌਮ ਵੱਲੋਂ ਦਿੱਤਾ ਜਾ ਸਕਦਾ ਸੀ । ਇੱਥੋਂ ਤੱਕ ਕਿ ਅਗਲਾ ਦਿਨ ਚੜ੍ਹ ਆਇਆ । ਆਪ ਸਲਲੱਾਹੁ ਅਲੈਹਿ ਵਸਲੱਮ ਫਿਰ ਉਸ ਕੋਲ ਆਏ ਅਤੇ ਪੁੱਛਿਆ ਸੁਮਾਮਾ ਕੀ ਨਿਸ਼ਚਾ ਹੈ । ਸੁਮਾਮਾ ਨੇ ਬਿਨਤੀ ਕੀਤੀ ਕਿ ਮੈਂ ਤਾਂ ਕੱਲ੍ਹ ਹੀ ਬਿਨਤੀ ਕਰ ਚੁੱਕਿਆ ਸੀ ਕਿ ਜੇਕਰ ਆਪ ਉਪਕਾਰ ਕਰਨਗੇ ਤਾਂ ਇਕ ਅਜਿਹੇ ਮਨੁੱਖ ਉਪੱਰ ਉਪੱਕਾਰ ਕਰਨਗੇ ਜੋ ਕਿ ਉਪਕਾਰ ਦੀ ਕਦਰਦਾਨੀ ਕਰਨ ਵਾਲਾ ਹੈ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਉਸ ਨੂੰ ਉੱਥੇ ਹੀ ਛੱਡਿਆ । ਫਿਰ ਤੀਜੇ ਦਿਨ ਆਪ ਉਸ ਕੋਲ ਫਿਰ ਗਏ ਅਤੇ ਫ਼ਰਮਾਇਆ ਸੁਮਾਮਾ ਤੇਰਾ ਕੀ ਨਿਸ਼ਚਾ ਹੈ ? ਓਸਨੇ ਬਿਨਤੀ ਕੀਤੀ ਕਿ ਮੈਂ ਜੋ ਕੁਝ ਕਹਿਣਾ ਸੀ ਉਹ ਕਹਿ ਚੁਕਿਆ ਹਾਂ । ਆਪ ਸਲਲੱਾਹੁ ਐਹਿ ਵਸੱਲਮ ਨੇ ਫ਼ਰਮਾਇਆ ਇਸ ਨੂੰ ਆਜ਼ਾਦ ਕਰ ਦਿਓ । ਇੰਝ ਸੁਮਾਮਾ ਨੂੰ ਆਜ਼ਾਦ ਕਰ ਦਿੱਤਾ ਗਿਆ । ਇਸ ’ਤੇ ਉਹ ਮਸਜਿਦ ਦੇ ਨੇੜੇ ਖਜੂਰਾਂ ਦੇ ਬਾਗ਼ ਵਿੱਚ ਗਿਆ ਅਤੇ ਇਸ਼ਨਾਨ ਕੀਤਾ ਅਤੇ ਮਸਜਿਦ ਵਿੱਚ ਦਾਖ਼ਲ ਹੋਕੇ ਕਲਮਾ ਸ਼ਹਾਦਤ ਪੜ੍ਹਿਆ ਅਤੇ ਕਿਹਾ ਹੇ, ਮੁਹਮੱਦਸ.ਅ.ਵ. ਬਖ਼ੁਦਾ ਮੇਰੇ ਲਈ ਦੁਨੀਆ ਵਿੱਚ ਸਭ ਤੋਂ ਭੈੜਾ ਮੁੱਖੜਾ ਆਪ ਦਾ ਹੋਇਆ ਕਰਦਾ ਸੀ ਅਤੇ ਹੁਣ ਇਹ ਅਵਸਥਾ ਹੈ ਕਿ ਮੈਂਨੂੰ ਸਭ ਤੋਂ ਵੱਧ ਪਿਆਰਾ ਚਿਹਰਾ ਆਪਦਾ ਚਿਹਰਾ ਹੈ । ਬਖ਼ੁਦਾ ਮੇਰੇ ਲਈ ਦੁਨੀਆ ਵਿੱਚ ਸਭ ਤੋਂ ਭੈੜਾ ਆਪਦਾ ਧਰਮ ਹੋਇਆ ਕਰਦਾ ਸੀ, ਪਰ ਹੁਣ ਅਵਸਥਾ ਇਹ ਹੈ ਕਿ ਮੇਰਾ ਸਭਤੋਂ ਵੱਧ ਪਿਆਰਾ ਆਪ ਦਾ ਲਿਆਂਦਾ

ਹੋਇਆ ਧਰਮ ਹੈ । ਬਖ਼ੁਦਾ ਮੈਂ ਸਭ ਤੋਂ ਵੱਧ ਭੈੜਾ ਆਪ ਦੇ ਸ਼ਹਿਰ ਨੂੰ ਸਮਝਦਾ ਸੀ, ਹੁਣ ਇਹੋ ਸ਼ਹਿਰ ਮੇਰਾ ਸਭ ਤੋਂ ਵੱਧ ਮਹਿਬੂਬ ਸ਼ਹਿਰ ਹੈ । ਆਪ ਦੇ ਘੁੜਸਵਾਰਾਂ ਨੇ ਮੈਨੂੰ ਫੜ ਲਿਆ ਜੱਦ ਕਿ ਮੈਂ ਉਮਰਾ ਕਰਨਾ ਚਾਹੁੰਦਾ ਸੀ । ਆਪ ਸਲਲੱਾਹੁ ਅਅਲੈਹਿ ਵਸਲੱਮ ਦਾ ਇਸ ਬਾਰੇ ਕੀ ਆਦੇਸ਼ ਹੈ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਪੁੱਛਿਆ ਕਿ ਮੈਂ ਤਾਂ ਉਮਰਾ ਕਰਨ ਜਾ ਰਿਹਾ ਸੀ, ਹੁਣ ਆਪਸ.ਅ.ਵ. ਦਾ ਕੀ ਆਦੇਸ਼ ਹੈ । ਰਸੂਲੁਲੱਾਹੁ ਸਲਲੱਾਹੁ ਅਲੈਹਿ ਵਸਲੱਮ ਨੇ ਉਸਨੂੰ ਖ਼ੁਸ਼ਖ਼ਬਰੀ ਦਿੱਤੀ, ਇਸਲਾਮ ਕੁਬੂਲ ਕਰਨ ਦੀ ਵਧਾਈ ਦਿੱਤੀ ਅਤੇ ਉਸਨੂੰ ਆਦੇਸ਼ ਦਿੱਤਾ ਕਿ ਉਮਰਾ ਕਰੋ, ਅਲੱਾਹ ਕੁਬੂਲ ਕਰੇਗਾ । ਜੱਦ ਉਹ ਮੱਕੇ ਪਹੁੰਚਿਆ ਤਾਂ ਕਿਸੇ ਨੇ ਕਿਹਾ ਕਿ ਕੀ ਤੂੰ ਸਾਬੀ ਹੋ ਗਿਆ ਹੈਂ ? ਤਾਂ ਉਸਨੇ ਉਤੱਰ ਦਿੱਤਾ ਕਿ ਨਹੀਂ ਸਗੋਂ ਮੈਂ ਮੁਹਮੱਦ ਰਸੂਲੁਲੱਾਹਸ.ਅ.ਵ. ਉਪੱਰ ਈਮਾਨ ਲੈ ਆਂਦਾ ਹੈ ਅਤੇ ਰੱਬ ਦੀ ਸਹੁੰ ਹੁਣ ਭਵਿੱਖ ਵਿੱਚ ਯਮਾਮਾ ਵੱਲੋਂ ਕਣਕ ਦਾ ਇਕ ਦਾਣਾ ਵੀ ਤੁਹਾਡੇ ਕੋਲ ਨਹੀਂ ਆਵੇਗਾ ਇੱਥੋਂ ਤੱਕ ਕਿ ਨਬੀ ਕਾਰੀਮ ਸਲਲੱਾਹੁ ਅਲੈਹ ਵਸਲੱਮ ਉਸਦੀ ਆਗਿਆ ਦੇਣ ।

(ਬੁਖ਼ਾਰੀ ਕਿਤਾਬੁਲ ਮਗ਼ਾਜ਼ੀ ਬਾਬ ਵਫ਼ਦ ਬਨੀ ਹਨੀਫ਼ਾ ਵ ਹਦੀਸ ਸੁਮਾਮਾ ਬਿਨ ਅਸਾਲ)

ਇਕ ਦੂਜੀ ਹਦੀਸ ਵਿੱਚ ਇਸ ਪ੍ਰਕਾਰ ਵਰਨਣ ਹੈ ਕਿ ਇਸਲਾਮ ਕੁਬੂਲ ਕਰਨ ਦੇ ਬਾਦ ਉਹ ਉਮਰਾ ਕਰਨ ਗਏ ਤਾਂ ਮੱਕੇ ਦੇ ਕੁਫ਼ੱਾਰ ਨੇ ਉਹਨਾ ਦੇ ਇਸਲਾਮ ਕੁਬੂਲ ਕਰਨ ਦਾ ਪਤਾ ਲੱਗਣ ਕਰਕੇ ਮਾਰਨ ਦਾ ਜਤਨ ਕੀਤਾ ਜਾਂ ਮਾਰਿਆ । ਇਸ ’ਤੇ ਉਹਨਾ ਨੇ ਕਿਹਾ ਕਿ ਕੋਈ ਦਾਣਾ ਨਹੀਂ ਆਏਗਾ ਅਤੇ ਉਸ ਸਮੇਂ ਤੱਕ ਨਹੀਂ ਆਏਗਾ ਜੱਦ ਤੱਕ ਨਬੀ ਕਰੀਮ ਸਲਲੱਹੁ ਅਲੈਹਿ ਵਸਲੱਮ ਵੱਲੋਂ ਉਸਦੀ ਆਗਿਆ ਨ ਆ ਜਾਵੇ । ਸੋ, ਇਸੇ ਪ੍ਰਕਾਰ ਉਸਨੇ ਜਾਕੇ ਆਪਣੀ ਕੌਮ ਨੂੰ ਕਿਹਾ ਅਤੇ ਉੱਥੋਂ ਅੰਨ ਆਉਣਾ ਬੰਦ ਹੋ ਗਿਆ । ਵਾਹਵਾ ਭੈੜੀ ਅਵਸਥਾ ਹੋ ਗਈ । ਫਿਰ ਅਬੂ ਸੁਫ਼ਯਾਨ ਹਜ਼ਰਤ ਮੁਹਮੱਦਸ.ਅ.ਵ. ਦੀ ਸੇਵਾ ਵਿੱਚ ਬਿਨਤੀ ਕਰਨ ਲਈ ਪਹੁੰਚੇ ਕਿ ਇਸ

ਪ੍ਰਕਾਰ ਭੁੱਖੇ ਮਰ ਰਹੇ ਹਨ । ਆਪਣੀ ਕੌਮ ਉਪੱਰ ਕੁਝ ਰਹਿਮ ਕਰਨ । ਤਾਂ ਆਪ ਨੇ ਇਹ ਨਹੀਂ ਆਖਿਆ ਕਿ ਅੰਨ੍ਹ ਉਸ ਸਮੇਂ ਮਿਲੇਗਾ ਜੱਦ ਤੁਸੀਂ ਮੁਸਲਮਾਨ ਹੋ ਜਾਓਗੇ ਸਗੋਂ ਝੱਟ ਸੁਮਾਮਾ ਨੂੰ ਸੰਦੇਸ਼ ਭੇਜਿਆ ਕਿ ਇਹ ਪਬੰਦੀ ਖ਼ਤਮ ਕਰੋ, ਇਹ ਜ਼ੁਲਮ ਹੈ । ਛੋਟਿਆਂ, ਵੱਡਿਆਂ ਰੋਗੀਆਂ, ਬੁੱਢਿਆਂ ਸਾਰਿਆਂ ਨੂੰ ਖ਼ੁਰਾਕ ਦੀ ਲੋੜ ਹੁੰਦੀ ਹੈ, ਉਹਨਾ ਨੂੰ ਮਿਲਣੀ ਚਾਹੀਦੀ ਹੈ ।

(ਅਲ ਸੀਰਾਤੁਨ ਨਬਵੀਯਤੁਲ ਇਬਨੇ ਹਸ਼ਾੱਮ, ਆਸਰ ਸੁਮਾਮਾ ਬਿਨ ਅਸਾਲ ਅਲਹਨਫ਼ੀ ਵ ਇਸਲਾਮਹ, ਖ਼ਰੂਜਹੂ ਇਲਾ ਮੱਕਾਤੁ ਵ ਕਿਸੱਾਤੁ ਮਅ ਕੁਰੈਸ਼)

ਦੂਜਾ ਇਹ ਦੇਖੋ ਕਿ ਕੈਦੀ ਸੁਮਾਮਾ ਨੂੰ ਇਹ ਨਹੀਂ ਕਿਹਾ ਕਿ ਹੁਣ ਤੁਸੀਂ ਸਾਡੀ ਕੈਦ ਵਿੱਚ ਹੋ, ਮੁਸਲਮਾਨ ਹੋ ਜਾਓ । ਤਿੰਨ ਦਿਨ ਤੱਕ ਉਹਨਾਂ ਨਾਲ ਚੰਗਾ ਵਰਤਾਓ ਹੁੰਦਾ ਰਿਹਾ ਅਤੇ ਫਿਰ ਚੰਗੇ ਵਰਤਾਓ ਦੇ ਵੀ ਉੱਚੇ ਮਿਆਰ ਕਾਇਮ ਹੋਏ । ਆਜ਼ਾਦ ਕਰ ਦਿੱਤਾ ਗਿਆ ਅਤੇ ਫਿਰ ਦੇਖੋ ਸੁਮਾਮਾ ਵੀ ਚੰਗੀ ਸੂਝ ਬੂਝ ਰੱਖਦੇ ਸਨ ਇਸ ਅਜ਼ਾਦੀ ਨੂੰ ਪ੍ਰਾਪਤ ਕਰਦਿਆਂ ਹੀ ਓਹਨਾਂ ਨੇ ਆਪਣੇ ਆਪ ਨੂੰ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਗ਼ੁਲਾਮੀ ਵਿੱਚ ਜਕੜੇ ਜਾਣ ਲਈ ਪੇਸ਼ ਕਰ ਦਿੱਤਾ ਕਿ ਇਸੇ ਗ਼ੁਲਾਮੀ ਵਿੱਚ ਮੇਰੇ ਧਰਮ ਤੇ ਦੁਨੀਆ ਦੀ ਭਲਾਈ ਹੈ ।

ਫਿਰ ਇਕ ਯਹੂਦੀ ਗ਼ੁਲਾਮ ਨੂੰ ਮਜਬੂਰ ਨਹੀਂ ਕੀਤਾ ਗਿਆ ਕਿ ਤੁਸੀ ਗ਼ੁਲਾਮ ਹੋ ਅਤੇ ਮੇਰੇ ਕਾਬੂ ਆਏ ਹੋਏ ਹੋ ਇਸ ਲਈ ਜੋ ਮੈਂ ਕਹਿੰਦਾ ਹਾਂ ਉਹ ਕਰੋ, ਇੱਥੋਂ ਤੱਕ ਕਿ ਉਸਦੇ ਰੋਗ ਕਰਕੇ ਅਜਿਹੀ ਅਵਸਥਾ ਹੋਈ ਕਿ ਜੱਦ ਦੇਖਿਆ ਕਿ ਉਸਦੀ ਹਾਲਤ ਗੰਭੀਰ ਹੈ ਤਾਂ ਉਸਦੇ ਚੰਗੇ ਅੰਤ ਦੀ ਚਿੰਤਾ ਹੋਈ । ਇਹ ਚਿੰਤਾ ਸੀ ਕਿ ਉਹ ਇਸ ਅਵਸਥਾ ਵਿੱਚ ਦੁਨੀਆ ਵਿੱਚੋਂ ਨ ਜਾਵੇ, ਜਦ ਕਿ ਰੱਬ ਦੀ ਅੰਤਮ ਸ਼ਰੀਅਤ (ਧਾਰਮਕ ਸੰਵਿਧਾਨ) ਦੀ ਸਹੀ ਨ ਕਰ ਰਿਹਾ ਹੋਵੇ, ਸਗੋਂ ਅਜਿਹੀ ਹਾਲਤ ਵਿੱਚ ਜਾਵੇ ਜੱਦ ਕਿ ਉਸਨੂੰ ਸਹੀ ਕਰ ਰਿਹਾ ਹੋਵੇ । ਤਾਂ ਜੋ ਰੱਬ ਦੀ ਬਖ਼ਸ਼ਿਸ਼ ਦੇ ਸਾਧਨ ਹੋਣ । ਉਸ ਸਮੇਂ ਆਪ ਬਿਮਾਰ ਪੁਰਸੀ ਲਈ ਗਏ ਅਤੇ ਉਸਨੂੰ ਅਤਿਅੰਤ ਸਨੇਹ ਭਰਪੂਰ

ਸ਼ਬਦਾਂ ਵਿੱਚ ਕਿਹਾ ਕਿ ਇਸਲਾਮ ਕੁਬੂਲ ਕਰ ਲਓ ।
ਇਸ ਬਾਰੇ ਹਜ਼ਰਤ ਅਨਸ ਤੋਂ ਰਿਵਾਇਤ ਹੈ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦਾ ਇਹ ਸੇਵਾਦਾਰ ਯਹੂਦੀ ਲੜਕਾ ਸੀ ਜੋ ਰੋਗੀ ਹੋ ਗਿਆ। ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਉਸਦਾ ਹਾਲ ਚਾਲ ਪੁਛੱਣ ਲਈ ਉਸਦੇ ਕੋਲ ਗਏ ਅਤੇ ਉਸਦੇ ਸਿਰਹਾਣੇ ਵੱਲ ਹੋਕੇ ਫ਼ਰਮਾਇਆ ਤੂੰ ਇਸਲਾਮ ਕੁਬੂਲ ਕਰ ਲੈ । ਇਕ ਹੋਰ ਰਿਵਾਇਤ ਵਿੱਚ ਹੈ ਕਿ ਉਸਨੇ ਆਪਣੇ ਵਡੇਰਿਆਂ ਵੱਲ ਦੇਖਿਆ, ਪਰ ਉਸਨੇ ਆਗਿਆ ਮਿਲਣ 'ਤੇ ਜਾਂ ਆਪਣੇ ਮਨੋਂ ਹੀ ਵਿਚਾਰ ਆਉਣ 'ਤੇ ਇਸਲਾਮ ਕੁਬੂਲ ਕਰ ਲਿਆ ।
(ਸਹੀ ਬੁਖ਼ਾਰੀ, ਕਿਤਾਬੁਲ ਜਨਾਇਜ਼, ਬਾਬ : ਇਜ਼ਾ ਅਸਲਮ ਅਸੱਬੀ ਫ਼ਮਾਤ... ਹਦੀਸ ਨ.1356.)

ਇਹ ਜੋ ਉਸਨੇ ਇਸਲਾਮ ਕੁਬੂਲ ਕੀਤਾ ਇਹ ਅਵਸ਼ ਹੀ ਉਸ ਪਿਆਰ ਭਰੇ ਵਰਤਾਓ ਅਤੇ ਅਜ਼ਾਦੀ ਦਾ ਪ੍ਰਭਾਵ ਸੀ ਜੋ ਉਸ ਲੜਕੇ ਉਪੱਰ ਆਪ ਦੀ ਗ਼ੁਲਾਮੀ ਦੇ ਸਬਬ ਸੀ ਕਿ ਅਵਸ਼ ਇਹ ਸਚੱਾ ਧਰਮ ਹੈ ਇਸ ਲਈ ਉਸਨੂੰ ਕੁਬੂਲ ਕਰਨ ਵਿੱਚ ਲਾਭ ਹੈ । ਕਿਉਂਕਿ ਇਹ ਨਹੀਂ ਹੋ ਸਕਦਾ ਕਿ ਇਹ ਸੰਪੂਰਨ ਮਿਹਰਵਾਨ ਮੇਰੀ ਬੁਰਾਈ ਬਾਰੇ ਸੋਚੇ । ਆਪ ਅਵਸ਼ ਹੀ ਸੱਚੇ ਹਨ ਅਤੇ ਹਮੇਸ਼ਾ ਹੀ ਦੂਸਰਿਆਂ ਨੂੰ ਚੰਗੀਆਂ ਗੱਲਾਂ ਵੱਲ ਬੁਲਾਉਂਦੇ ਹਨ, ਚੰਗੇ ਕੰਮਾ ਵੱਲ ਬੁਲਾਉਂਦੇ ਹਨ ਅਤੇ ਇਹੋ ਉਪਦੇਸ਼ ਦਿੰਦੇ ਹਨ । ਸੋ, ਇਹੋ ਅਜ਼ਾਦੀ ਹੈ ਜੋ ਆਪ ਨੇ ਕਾਇਮ ਕੀਤੀ । ਦੁਨੀਆ ਵਿੱਚ ਕਦੇ ਵੀ ਇਸ ਦੀ ਕੋਈ ਉਦਾਹਰਣ ਨਹੀਂ ਮਿਲ ਸਕਦੀ ।

ਆਪ ਸਲੱਲਹੁ ਅਲੈਹਿ ਵਸਲੱਮ ਨਬੁਵੱਤ ਦੇ ਦਾਵੇ ਤੋਂ ਪਹਿਲਾਂ ਵੀ ਵਿਚਾਰਾਂ ਦੀ ਆਜ਼ਾਦੀ, ਧਾਰਮਕ ਆਜ਼ਾਦੀ ਅਤੇ ਜੀਵਨ ਜੀਉਣ ਦੀ ਅਜ਼ਾਦੀ ਨੂੰ ਚੰਗਾ ਸਮਝਦੇ ਸਨ ਅਤੇ ਗ਼ੁਲਾਮੀ ਨੂੰ ਉਕੱਾ ਹੀ ਚੰਗਾ ਨਹੀਂ ਸਮਝਦੇ ਸਨ । ਜੱਦ ਹਜ਼ਰਤ ਖ਼ਦੀਜਾ ਨੇ ਆਪ ਜੀ ਨਾਲ ਵਿਆਹ ਕਰਨ ਬਾਦ ਆਪਣਾ ਸਾਰਾ ਮਾਲ ਤੇ ਗ਼ੁਲਾਮ ਆਪ ਨੂੰ ਦੇ ਦਿੱਤੇ ਤਾਂ ਆਪ ਨੇ ਹਜ਼ਰਤ ਖ਼ਦੀਜਾ ਰਜ਼ੀ ਅਲੱਾਹ ਅਨਹਾ ਨੂੰ ਕਿਹਾ ਕਿ ਇਹ ਸਾਰੀਆਂ ਚੀਜ਼ਾ

ਮੈਨੂੰ ਦੇ ਰਹੀ ਹੋ ਤਾਂ ਇਹ ਸਭ ਕੁਝ ਮੇਰਾ ਹੋਵੇਗਾ ਮੈਂ ਜੋ ਚਾਹਾਂਗਾ ਕਰਾਂਗਾ । ਉਹਨਾਂ ਨੇ ਬਿਨਤੀ ਕੀਤੀ ਇਸੇ ਲਈ ਮੈਂ ਦੇ ਰਹੀ ਹਾਂ । ਆਪ ਨੇ ਫ਼ਰਮਾਇਆ ਮੈਂ ਗ਼ੁਲਾਮਾਂ ਨੂੰ ਵੀ ਅਜ਼ਾਦ ਕਰ ਦਿਆਂਗਾ । ਉਹਨਾਂ ਨੇ ਬਿਨਤੀ ਕੀਤੀ ਕਿ ਆਪ ਜੋ ਚਾਹੇ ਕਰਨ ਮੈਂ ਆਪ ਨੂੰ ਦੇ ਦਿਤੱਾ ਹੈ, ਹੁਣ ਮੇਰਾ ਕੋਈ ਕਬਜ਼ਾ ਨਹੀਂ ਹੈ, ਇਹ ਮਾਲ ਆਪਦਾ ਹੈ । ਸੋ, ਉਸੇ ਸਮੇਂ ਆਪਨੇ ਹਜ਼ਰਤ ਖ਼ਦੀਜਾ ਦੇ ਗ਼ੁਲਾਮਾ ਨੂੰ ਬੁਲਾਇਆ ਅਤੇ ਫ਼ਰਮਾਇਆ ਕਿ ਤੁਸੀਂ ਸਾਰੇ ਅੱਜ ਤੋਂ ਆਜ਼ਾਦ ਹੋ ਅਤੇ ਮਾਲ ਦਾ ਬਹੁਤਾ ਭਾਗ ਗਰੀਬਾਂ ਵਿੱਚ ਵੰਡ ਦਿੱਤਾ ।

ਜੋ ਗ਼ਲਾਮ ਆਪ ਨੇ ਆਜ਼ਾਦ ਕੀਤੇ ਉਹਨਾ ਵਿੱਚ ਇਕ ਗ਼ੁਲਾਮ ਜ਼ੈਦ ਨਾਂ ਦਾ ਵੀ ਸੀ । ਉਹ ਦੂਸਰਿਆਂ ਗ਼ੁਲਾਮਾਂ ਤੋਂ ਹੁਸ਼ਿਆਰ ਤੇ ਸੂਝਵਾਨ ਵੀ ਸੀ । ਉਹਨਾਂ ਨੇ ਇਸ ਗੱਲ ਨੂੰ ਸਮਝ ਲਿਆ ਕਿ ਇਹ ਜੋ ਮੈਨੂੰ ਆਜ਼ਾਦੀ ਮਿਲੀ ਹੈ ਇਹ ਆਜ਼ਾਦੀ ਤਾਂ ਹੁਣ ਮਿਲ ਗਈ, ਗ਼ੁਲਾਮੀ ਦੀ ਜੋ ਮੁਹਰ ਲੱਗੀ ਸੀ, ਉਹ ਤਾਂ ਮੁੱਕ ਗਈ ਪਰ ਮੇਰੇ ਲਈ ਚੰਗਾ ਇਹੋ ਹੈ ਕਿ ਮੈਂ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਗ਼ੁਲਾਮੀ ਵਿੱਚ ਸਦਾ ਲਈ ਰਹਾਂ । ਓਹਨਾਂ ਨੇ ਕਿਹਾ ਕਿ ਠੀਕ ਹੈ ਆਪ ਨੇ ਮੈਨੂੰ ਆਜ਼ਾਦ ਕਰ ਦਿੱਤਾ ਹੈ, ਪਰ ਮੈਂ ਆਜ਼ਾਦ ਨਹੀਂ ਹੁੰਦਾ, ਮੈਂ ਤਾਂ ਆਪ ਦੇ ਨਾਲ ਹੀ ਗ਼ੁਲਾਮ ਬਣ ਕੇ ਰਹਾਂ ਗਾ । ਸੋ, ਉਹ ਆਪ ਸਲਲੱਾਹੁ ਅਲੈਹਿ ਵਸਲੱਮ ਕੋਲ ਹੀ ਰਹੇ ਅਤੇ ਇਹ ਦੋਹਾਂ ਵੱਲੋਂ ਪ੍ਰੇਮ ਦਾ ਸਨੇਹ ਦਾ ਸੰਬੰਧ ਵਧੱਦਾ ਹੀ ਗਿਆ । ਜ਼ੈਦ ਇਕ ਮਾਲਦਾਰ ਪਰਿਵਾਰ ਦੇ ਮਨੁੱਖ ਸਨ । ਚੰਗੇ ਖਾਂਦੇ ਪੀਂਦੇ ਘਰਾਣੇ ਦੇ ਮਨੁੱਖ ਸਨ। ਡਾਕੂਆਂ ਨੇ ਅਗਵਾ ਕਰ ਲਿਆ ਸੀ ਅਤੇ ਫਿਰ ਓਹਨਾਂ ਨੂੰ ਵੇਚਦੇ ਰਹੇ ਅਤੇ ਵਿਕਦੇ ਵਿਕਾਉਂਦੇ ਉਹ ਇੱਥੋਂ ਤੱਕ ਪਹੁੰਚੇ ਸਨ । ਉਹਨਾਂ ਦੇ ਮਾਪੇ ਅਤੇ ਸਾਕ ਸੰਬੰਧੀ ਉਹਨਾਂ ਦੀ ਭਾਲ ਵਿੱਚ ਸਨ । ਅੰਤ ਉਹਨਾਂ ਨੂੰ ਪਤਾ ਲੱਗਾ ਕਿ ਇਹ ਲੜਕਾ ਮੱਕੇ ਵਿੱਚ ਹੈ ਤਾਂ ਉਹ ਮੱਕੇ ਆ ਗਏ ਅਤੇ ਜੱਦ ਪਤਾ ਲੱਗਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਕੋਲ ਹਨ ਤਾਂ ਆਪਦੀ ਸਭਾ ਵਿੱਚ ਪਹੁੰਚੇ ਅਤੇ ਉੱਥੇ ਜਾਕੇ ਬਿਨਤੀ ਕੀਤੀ ਕਿ ਆਪਨੂੰ ਜਿੰਨ੍ਹਾ ਮਾਲ

ਚਾਹੀਦਾ ਹੈ ਸਾਡੇ ਕੋਲੋ ਲੈ ਲਓ ਅਤੇ ਸਾਡੇ ਪੁਤੱਰ ਨੂੰ ਆਜ਼ਾਦ ਕਰ ਦਿਓ, ਇਸ ਦੀ ਮਾਂ ਦਾ ਰੋ ਰੋ ਕੇ ਬਹੁਤ ਬੁਰਾ ਹਾਲ ਹੈ। ਤਾਂ ਆਪ ਨੇ ਫ਼ਰਮਾਇਆ ਕਿ ਮੈਂ ਤਾਂ ਇਸਨੂੰ ਪਹਿਲਾਂ ਹੀ ਆਜ਼ਾਦ ਕਰ ਚੁੱਕਿਆ ਹਾਂ । ਇਹ ਆਜ਼ਾਦ ਹੈ । ਜਾਣਾ ਚਾਹੁੰਦਾ ਹੈ ਤਾਂ ਚਲਾ ਜਾਵੇ ਅਤੇ ਕਿਸੇ ਪੈਸੇ ਦੀ ਮੈਂਨੂੰ ਲੋੜ ਨਹੀਂ। ਉਹਨਾਂ ਨੇ ਕਿਹਾ ਪੁਤੱਰ ਚੱਲੋ, ਪੁਤੱਰ ਨੇ ਉਤੱਰ ਦਿੱਤਾ ਕਿ ਆਪ ਨੂੰ ਮਿਲ ਲਿਆ ਇੰਨਾ ਹੀ ਬਹੁਤ ਹੈ ਕਦੇ ਮੌਕਾ ਮਿਲਿਆ ਤਾਂ ਮਾਂ ਨਾਲ ਵੀ ਮੁਲਾਕਾਤ ਹੋ ਜਾਵੇਗੀ । ਪਰ ਮੈਂ ਹੁਣ ਤੁਹਾਡੇ ਨਾਲ ਨਹੀਂ ਜਾ ਸਕਦਾ । ਮੈਂ ਤਾਂ ਹੁਣ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਗ਼ੁਲਾਮ ਹੋ ਚੁੱਕਿਆ ਹਾਂ ਆਪ ਤੋਂ ਵੱਖ ਹੋਣ ਦਾ ਪ੍ਰਸ਼ਨ ਹੀ ਨਹੀਂ । ਮਾਂ ਬਾਪ ਤੋਂ ਵੱਧ ਸਨੇਹ ਮੈਂਨੂੰ ਹੁਣ ਆਪ ਸਲਲੱਾਹੁ ਅਲੈਹਿ ਵਸਲੱਮ ਤੋਂ ਹੈ । ਜ਼ੈਦ ਤੇ ਪਿਤਾ ਅਤੇ ਚਾਚਾ ਆਦਿ ਨੇ ਬਹੁਤ ਜ਼ੋਰ ਦਿੱਤਾ ਪਰ ਉਹਨਾਂ ਨੇ ਇਨਕਾਰ ਕਰ ਦਿੱਤਾ । ਜ਼ੈਦ ਦੇ ਇਸ ਸਨੇਹ ਨੂੰ ਦੇਖ ਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਸੀ ਕਿ ਜ਼ੈਦ ਆਜਾਦ ਤਾਂ ਪਹਿਲਾਂ ਹੀ ਸੀ ਪਰ ਅੱਜ ਤੋਂ ਇਹ ਮੇਰਾ ਪੁਤੱਰ ਹੈ । ਇਹ ਅਵਸਥਾ ਦੇਖ ਕੇ ਜ਼ੈਦ ਦੇ ਪਿਤਾ ਅਤੇ ਚਾਚਾ ਫਿਰ ਉੱਥੋਂ ਆਪਣੇ ਦੇਸ਼ ਪਰਤ ਗਏ ਅਤੇ ਫਿਰ ਜ਼ੈਦ ਹਮੇਸ਼ਾਂ ਉੱਥੇ ਹੀ ਰਹੇ ।

(ਸੰਖੇਪ : ਦੀਬਾਚਾ ਤਫ਼ਸੀਰੁਲ ਕੁਰਆਨ, ਲੇਖਕ: ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਖ਼ਲੀਫ਼ਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ, ਪੰਨਾ 112)

ਨਬੁਵੱਤ ਦੇ ਬਾਦ ਤਾਂ ਆਪ ਦੇ ਇਹਨਾਂ ਆਜ਼ਾਦੀ ਦੇ ਮਾਪਦੰਡਾ ਨੂੰ ਤਾਂ ਚਾਰ ਚੰਨ੍ਹ ਲੱਗ ਗਏ ਸਨ । ਹੁਣ ਤਾਂ ਆਪ ਦੇ ਨੇਕ ਸੁਭਾਵ ਦੇ ਨਾਲ ਨਾਲ ਆਪ ਉਪੱਰ ਉਤਰਨ ਵਾਲੀ ਸ਼ਰੀਅਤ (ਧਾਰਮਕ ਸੰਵਿਧਾਨ) ਦਾ ਹੀ ਇਹੋ ਹਕੁਮ ਸੀ ਕਿ ਗ਼ੁਲਾਮਾ ਨੂੰ ਉਹਨਾ ਦੇ ਹੱਕ ਦਿਓ । ਜੇਕਰ ਨਹੀਂ ਦੇ ਸਕਦੇ ਤਾਂ ਆਜ਼ਾਦ ਕਰ ਦਿਓ।

ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਇਕ ਸਹਾਬੀ ਆਪਣੇ ਆਪਣੇ ਗ਼ੁਲਾਮ ਨੂੰ ਮਾਰ ਰਹੇ ਸਨ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ

ਵਸਲੱਮ ਨੇ ਦੇਖਿਆ ਤੇ ਬਹੁਤ ਗੁੱਸੇ ਹੋਏ । ਇਸ ’ਤੇ ਉਸ ਸਹਾਬੀ ਨੇ ਉਸ ਗ਼ੁਲਾਮ ਨੂੰ ਆਜ਼ਾਦ ਕਰ ਦਿੱਤਾ ਅਤੇ ਕਿਹਾ ਕਿ ਮੈਂ ਉਸਨੂੰ ਆਜ਼ਾਦ ਕਰਦਾ ਹਾਂ । ਹਜਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਤੁਸੀਂ ਆਜ਼ਾਦ ਨ ਕਰਦੇ ਤਾਂ ਅਲੱਾਹ ਦੀ ਪਕੜ ਹੇਠ ਆਉਂਦੇ । (ਸਹੀ ਮੁਸਲਿਮ, ਕਿਤਾਬੁਲ ਈਮਾਨ, ਬਾਬ ਸੁਹਬਾਤੁਲ ਮਮਾਲੀਕ….. ਹਦੀਸ ਨ. 4308)

ਹੁਣ ਦੇਖੋ, ਇਹ ਹੈ ਆਜ਼ਾਦੀ । ਫਿਰ ਦੂਜੇ ਧਰਮ ਦੇ ਲੋਕਾਂ ਲਈ ਆਪਣੇ ਵਿਚਾਰਾਂ ਨੂੰ ਰੱਖਣ ਦਾ ਹੱਕ ਅਤੇ ਆਜ਼ਾਦੀ ਦੀ ਵੀ ਇਕ ਉਦਾਹਰਣ ਦੇਖੋ । ਆਪਣੀ ਹੁਕੂਮਤ ਵਿੱਚ ਜੱਦ ਕਿ ਮਦੀਨੇ ਵਿੱਚ ਆਪ ਦੀ ਹੁਕੂਮਤ ਕਾਇਮ ਹੋ ਚੁੱਕੀ ਸੀ, ਉਸ ਸਮੇਂ ਇਸ ਆਜ਼ਾਦੀ ਦਾ ਨਮੂਨਾ ਮਿਲਦਾ ਹੈ ।

ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਅਬੁ ਹੁਰੈਰਾ ਰਜ਼ੀ ਅਲੱਾਹ ਤਆਲਾ ਅਨਹੁ ਤੋਂ ਰਿਵਾਇਤ ਹੈ ਕਿ ਦੋ ਮਨੁੱਖ ਆਪੋ ਵਿੱਚ ਗਾਲੋ ਗਾਲ੍ਹ ਹੋਣ ਲੱਗੇ । ਇਕ ਮੁਸਲਮਾਨ ਸੀ ਅਤੇ ਦੂਜਾ ਯਹੂਦੀ । ਮੁਸਲਮਾਨ ਨੇ ਕਿਹਾ ਉਸ ਦੀ ਸਹੁੰ ਜਿਸਨੇ ਮੁਹਮੱਦ ਸਲਲੱਾਹੁ ਅਲੈਹਿ ਅਲੈਹਿ ਵਸਲੱਮ ਨੂੰ ਸਾਰਿਆਂ ਜਹਾਨਾਂ ਲਈ ਨਿਰਧਾਰਤ ਕਰਕੇ ਵੱਡਿਆਈ ਬਖ਼ਸ਼ੀ । ਇਸ ’ਤੇ ਯਹੂਦੀ ਨੇ ਕਿਹਾ ਉਸਦੀ ਸਹੁੰ ਜਿਸਨੇ ਮੂਸਾ ਨੂੰ ਸਾਰਿਆਂ ਜਹਾਨਾਂ ਉਪੱਰ ਵੱਡਿਆਈ ਬਖ਼ਸ਼ੀ ਅਤੇ ਚੁਣ ਲਿਆ । ਇਸ ’ਤੇ ਮੁਸਲਮਾਨ ਨੇ ਹੱਥ ਚੁੱਕਿਆ ਅਤੇ ਯਹੂਦੀ ਦੇ ਜੜ ਦਿੱਤਾ । ਯਹੂਦੀ ਸ਼ਿਕਾਇਤ ਲੈਕੇ ਆਪ ਜੀ ਕੋਲ ਪਹੁੰਚਿਆ, ਜਿਸ ’ਤੇ ਆਪ ਨੇ ਮੁਸਲਮਾਨ ਤੋਂ ਵਿਸਥਾਰ ਲਿਆ ਅਤੇ ਫਿਰ ਫ਼ਰਮਾਇਆ ਲਾ ਤੁਖ਼ੱਯੇਰੂਨੀ ਅਲਾ ਮੂਸਾ ਕਿ ਮੈਨੂੰ ਮੂਸਾ ਉਪੱਰ ਵੱਡਿਆਈ ਨ ਦਿਓ । (ਬੁਖ਼ਾਰੀ ਕਿਤਾਬੁਲ ਖ਼ਸੂਮਾਤ ਬਾਬ ਮਾ ਯਜ਼ਕਰ ਫ਼ਿਲ ਅਸ਼ਖ਼ਾਸ ਵਲ ਖ਼ਸੂਮਾਤੁ ਬੈਨਲ ਮੁਸਲਿਮ ਵਲ ਯਹੂਦ)

ਇਹ ਤਾਂ ਸੀ ਆਪ ਦੀ ਆਜ਼ਾਦੀ ਦਾ ਮਾਪਦੰਡ, ਧਰਮ ਦੀ ਆਜ਼ਾਦੀ ਅਤੇ ਵਿਚਾਰਾਂ ਦੀ ਆਜ਼ਾਦੀ ਕਿ ਆਪਣੀ ਹੁਕੂਮਤ ਹੈ, ਮਦੀਨੇ ਹਿਜਰਤ ਮਗਰੋਂ ਆਪ ਨੇ ਮਦੀਨੇ ਦੇ ਕਬੀਲਿਆਂ ਅਤੇ ਯਹੂਦੀਆਂ ਨਾਲ ਅਮਨ ਦਾ ਵਾਤਾਵਰਨ ਸਥਾਪਤ ਰੱਖਣ ਲਈ ਇਕ ਸੰਧੀ ਕੀਤੀ ਜਿਸ ਅਨੁਸਾਰ

ਮੁਸਲਮਾਨਾ ਦੀ ਗਿਣਤੀ ਵੱਧ ਹੋਣ ਕਰਕੇ ਜਾਂ ਜੋ ਲੋਕ ਮੁਸਲਮਾਨਾਂ ਨਾਲ ਰੱਲ ਗਏ ਸਨ, ਉਹ ਮੁਸਲਮਾਨ ਨਹੀਂ ਵੀ ਹੋਏ ਸਨ ਓਹਨਾਂ ਦੇ ਸਬਬ ਨਾਲ ਹੁਕੂਮਤ ਆਪ ਦੇ ਹੱਥ ਵਿੱਚ ਸੀ । ਪਰ ਇਸ ਹੁਕੂਮਤ ਦਾ ਇਹ ਅਰਥ ਨਹੀਂ ਸੀ ਕਿ ਦੂਜੀ ਪ੍ਰਜਾ, ਪ੍ਰਜਾ ਦੇ ਹੋਰਨਾ ਲੋਕਾਂ ਦੇ ਜਜ਼ਬਿਆਂ ਦਾ ਖ਼ਿਆਲ ਨ ਰੱਖਿਆ ਜਾਵੇ । ਕੁਰਆਨ ਕਰੀਮ ਦੀ ਇਸ ਗਵਾਹੀ ਦੇ ਹੁੰਦਿਆ ਹੋਇਆਂ ਕਿ ਆਪ ਸਾਰਿਆਂ ਰਸੂਲਾਂ ਤੋਂ ਉਤੱਮ ਹਨ ਆਪ ਨੇ ਇਹ ਗਵਾਰਾ ਨ ਕੀਤਾ ਕਿ ਨਬੀਆਂ ਦੇ ਮੁਕਾਬਲੇ ਦੇ ਸਬਬ ਵਾਤਾਵਰਨ ਨੂੰ ਮਲੀਨ ਕੀਤਾ ਜਾਵੇ । ਆਪ ਨੇ ਉਸ ਯਹੂਦੀ ਦੀ ਗੱਲ ਸੁਣ ਕੇ ਮੁਸਲਮਾਨ ਨੂੰ ਦੰਡਤ ਕੀਤਾ ਕਿ ਆਪਣੀਆਂ ਲੜਾਈਆਂ ਵਿੱਚ ਨਬੀਆਂ ਨੂੰ ਨ ਲਿਆਇਆ ਕਰੋ । ਠੀਕ ਹੈ ਤੁਹਾਡੇ ਅਨੁਸਾਰ ਮੈਂ ਸਾਰਿਆਂ ਰਸੂਲਾਂ ਤੋਂ ਉਤੱਮ ਹਾਂ, ਰੱਬ ਵੀ ਇਸ ਦੀ ਗਵਾਹੀ ਦੇ ਰਿਹਾ ਹੈ, ਪਰ ਸਾਡੇ ਰਾਜ ਵਿੱਚ ਇਕ ਮਨੁੱਖ ਦਾ ਮਨ ਇਸ ਲਈ ਦੁਖੀ ਨਹੀਂ ਹੋਣਾ ਚਾਹੀਦਾ ਕਿ ਓਸਦੇ ਨਬੀ ਨੂੰ ਕਿਸੇ ਨੇ ਕੁਝ ਕਿਹਾ ਹੈ । ਇਸ ਦੀ ਮੈਂ ਆਗਿਆ ਨਹੀਂ ਦੇ ਸਕਦਾ। ਮੇਰਾ ਸਨਮਾਨ ਕਰਨ ਲਈ ਤੁਹਾਨੂੰ ਦੂਜਿਆਂ ਦੇ ਨਬੀਆਂ ਦਾ ਵੀ ਸਨਮਾਨ ਕਰਨਾ ਹੋਵੇਗਾ ।

ਇਹ ਸਨ ਆਪਦੇ ਨਿਆਏ ਤੇ ਵਿਚਾਰਾਂ ਦੀ ਆਜ਼ਾਦੀ ਦੇ ਮਾਪਦੰਡ ਜੋ ਅਪਣੇ ਤੇ ਗ਼ੈਰਾਂ, ਸਾਰਿਆਂ ਦਾ ਖ਼ਿਆਲ ਰੱਖਣ ਲਈ ਨਿਰਧਾਰਤ ਹੋਏ ਸਨ । ਸਗੋਂ ਕਈ ਵਾਰ ਗ਼ੈਰਾਂ ਦੇ ਜਜ਼ਬਿਆਂ ਦਾ ਬਹੁਤਾ ਧਿਆਨ ਰੱਖਿਆ ਜਾਂਦਾ ਸੀ ।

## ਮਨੁੱਖੀ ਕਦਰਾਂ ਨੂੰ ਕਾਇਮ ਕਰਨ ਅਤੇ ਧਾਰਮਕ ਮਿਲਵਰਤਨ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਅਦੁੱਤੀ ਅਮਲੀ ਨਮੂਨਾ

ਆਪ ਦਾ ਮਨੁੱਖੀ ਕਦਰਾਂ ਕਾਇਮ ਕਰਨ ਅਤੇ ਮਿਲਵਰਤਨ ਦੀ

ਇਕ ਹੋਰ ਉਦਾਹਰਣ ਹੈ । ਰਿਵਾਇਤਾਂ ਵਿੱਚ ਆਉਂਦਾ ਹੈ, ਅਬਦੁਰ ਰਹਿਮਾਨ ਬਿਨ ਅਬੀ ਲੈਲਹ ਵਰਨਣ ਕਰਦੇ ਹਨ ਕਿ ਸਹਲ ਬਿਨ ਹਨੀਫ਼ ਅਤੇ ਕੈਸ ਬਿਨ ਸਅਦ ਕਾਦਸੀਯਹ ਦੇ ਸਥਾਨ ਉਪੱਰ ਬੈਠੇ ਹੋਏ ਸਨ ਕਿ ਉਹਨਾ ਦੇ ਲਾਗਿਓਂ ਇਕ ਜਨਾਜ਼ਹ (ਸ਼ਵ) ਲੰਘਿਆ ਤਾਂ ਉਹ ਦੋਵੇਂ ਖੜੇ ਹੋ ਗਏ । ਜੱਦ ਉਹਨਾ ਨੂੰ ਦੱਸਿਆ ਗਿਆ ਕਿ ਇਹ ਨਿੰਦਕਾਂ ਵਿੱਚੋਂ ਹੈ ਤਾਂ ਦੋਹਾਂ ਨੇ ਕਿਹਾ ਇਕ ਵਾਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਲਾਗਿਓਂ ਇਕ ਜਨਾਜ਼ਹ (ਸ਼ਵ) ਲੰਘਿਆ ਤਾਂ ਆਪ ਸਮੱਾਨ ਲਈ ਖੜੇ ਹੋ ਗਏ । ਆਪ ਨੂੰ ਦੱਸਿਆ ਗਿਆ ਕਿ ਇਹ ਯਹੂਦੀ ਦਾ ਜਨਾਜ਼ਹ ਹੈ । ਇਸ ’ਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸੱਲਮ ਨੇ ਫਰਮਾਇਆ ਕਿ ਅਲੈਸਤ ਨਫ਼ਸਨ (اَلَیۡسَتۡ نَفۡسًا) ਕੀ ਉਹ ਮਨੁੱਖ ਨਹੀਂ ਹੈ।

(ਸਹੀ ਬੁਖ਼ਾਰੀ, ਕਿਤਾਬੁਲ ਜਨਾਇਜ਼, ਬਾਬ ਮਨਕਾਮੁਲ ਜਨਾਜ਼ਹ ਤਾ ਯਹੂਦੀ)

ਸੋ, ਇਹ ਸਨਮਾਨ ਹੈ ਦੂਜੇ ਧਰਮ ਦਾ ਵੀ ਅਤੇ ਮਨੁੱਖਤਾ ਦਾ ਵੀ । ਇਹ ਪ੍ਰਦਰਸ਼ਨ ਤੇ ਨਮੂਨੇ ਹਨ ਜਿੰਨਾ ਤੋਂ ਧਾਰਮਕ ਮਿਲਵਰਤਨ ਦਾ ਵਾਤਾਵਰਨ ਪੈਦਾ ਹੁੰਦਾ ਹੈ । ਇਹ ਪ੍ਰਦਰਸ਼ਨ ਹੀ ਹਨ ਜਿੰਨਾ ਤੋਂ ਇਕ ਦੂਜੇ ਲਈ ਨਰਮੀ ਦੇ ਜਜ਼ਬੇ ਪੈਦਾ ਹੁੰਦੇ ਹਨ ਅਤੇ ਇਹ ਜਜ਼ਬੇ ਹੀ ਹਨ ਜਿੰਨਾ ਤੋਂ ਪਿਆਰ ਅਤੇ ਅਮਨ ਦਾ ਵਾਤਾਵਰਨ ਬਣਦਾ ਹੈ, ਨ ਕਿ ਅੱਜ ਕਲ ਦੇ ਦੁਨੀਆਦਾਰਾਂ ਵਾਂਗ ਕਿ ਕੇਵਲ ਘ੍ਰਿਣਾ ਦੇ ਹੋਰ ਕੁਝ ਨਹੀਂ ।

ਫ਼ਿਰ ਇਕ ਹੋਰ ਰਿਵਾਇਤ ਵਿੱਚ ਆਉਂਦਾ ਹੈ ਕਿ ਖ਼ੈਬਰ ਦੀ ਜਿੱਤ ਸਮੇਂ ‘ਤੌਰਾਤ’ ਦੇ ਕੁਝ ਨੁਸਖ਼ੇ ਮੁਸਲਮਾਨਾਂ ਨੂੰ ਮਿਲੇ । ਯਹੂਦੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਏ ਕਿ ਸਾਡੀ ਪਵਿੱਤਰ ਕਿਤਾਬ ਸਾਨੂੰ ਪਰਤਾਈ ਜਾਵੇ, ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਸਹਾਬਾ ਨੂੰ ਹੁਕਮ ਦਿੱਤਾ ਕਿ ਯਹੂਦੀਆਂ ਦੀ ਧਾਰਮਕ ਕਿਤਾਬਾਂ ਉਹਨਾਂ ਨੂੰ ਪਰਤਾ ਦਿੱਤੀਆਂ ਜਾਣ ।

(ਅਲ ਸੀਰਾਤੁਲ ਹਲਬੀਯਹ, ਬਾਬ ਜ਼ਿਕਰੇ ਮਗ਼ਾਜ਼ੀਯਹ ਸਲਲੱਹੁ ਅਲੈਹਿ ਵਸਲੱਮ, ਗ਼ਜ਼ਵਾਤੁ ਖ਼ੈਬਰ, ਭਾਗ 3, ਪੰਨਾ 49)

ਯਹੂਦੀਆਂ ਦੇ ਗ਼ਲਤ ਰਵਈਏ ਕਰਕੇ ਉਹਨਾਂ ਨੂੰ ਦੰਡ ਮਿਲ ਰਹੇ ਸਨ, ਆਪ ਨੇ ਇਹ ਸਹਿਨ ਨਹੀਂ ਕੀਤਾ ਕਿ ਦੁਸ਼ਮਨਾਂ ਨਾਲ ਵੀ ਅਜਿਹਾ ਵਰਤਾਓ ਕੀਤਾ ਜਾਵੇ ਜਿਸ ਨਾਲ ਉਹਨਾਂ ਦੇ ਧਾਰਮਕ ਜਜ਼ਬਿਆਂ ਨੂੰ ਧੱਕਾ ਲੱਗੇ ।

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਮਦੀਨੇ ਦੇ ਯਹੂਦੀਆਂ ਨਾਲ ਅਮਨ ਦਾ ਸਮਝੌਤਾ

ਇਹ ਕੁਝ ਵਿਅਕਤੀਗਤ ਘਟਨਾਵਾਂ ਸਨ ਜੋ ਮੈਂ ਵਰਨਣ ਕੀਤੀਆਂ ਹਨ। ਮੈਂ ਵਰਨਣ ਕੀਤਾ ਸੀ ਕਿ ਮਦੀਨੇ ਵਿੱਚ ਇਕ ਸਮਝੌਤਾ ਹੋਇਆ ਸੀ । ਉਸ ਸਮਝੌਤੇ ਅਨੁਸਾਰ ਜੋ ਪੱਖ ਨਿਰਧਾਰਤ ਹੋਏ ਸਨ, ਜੋ ਰਿਵਾਇਤਾਂ ਪਹੁੰਚੀਆਂ ਹਨ ਉਹਨਾਂ ਦਾ ਮੈਂ ਵਰਨਣ ਕਰਦਾ ਹਾਂ ਕਿ ਕਿਵੇਂ ਅਜਿਹੇ ਮਹੌਲ ਵਿੱਚ ਜਾਕੇ ਆਪਨੇ ਮਿਲਵਰਤਨ ਦਾ ਵਾਤਾਵਰਨ ਬਣਾਉਣ ਦਾ ਜਤਨ ਕੀਤਾ ਅਤੇ ਉਸ ਸਮਾਜ ਵਿੱਚ ਅਮਨ ਸਥਾਪਤ ਕਰਨ ਲਈ ਆਪ ਕੀ ਚਾਹੁੰਦੇ ਸਨ ? ਤਾਂ ਜੋ ਸਮਾਜ ਵਿੱਚ ਅਮਨ ਕਾਇਮ ਹੋਵੇ ਅਤੇ ਮਨੁੱਖਤਾ ਦੀ ਭਾਵਨਾ ਵੀ ਕਾਇਮ ਹੋਵੇ । ਮਦੀਨੇ ਪਹੁੰਚਣ ਮਗਰੋਂ ਆਪਨੇ ਯਹੂਦੀਆਂ ਨਾਲ ਜੋ ਸਮਝੌਤਾ ਕੀਤਾ, ਉਸ ਦੀਆਂ ਕੁਝ ਸ਼ਰਤਾਂ ਇਹ ਸਨ ਕਿ :

1. ਮੁਸਲਮਾਨ ਅਤੇ ਯਹੂਦੀ ਆਪੋ ਵਿੱਚ ਸਦਭਾਵਨਾ ਤੇ ਮਿਲਵਰਤਨ ਨਾਲ ਰਹਿਣਗੇ । ਇਕ ਦੂਜੇ ਦੇ ਪ੍ਰਤੀ ਜ਼ੁਲਮ ਜਾਂ ਵਧੀਕੀ ਤੋਂ ਕੰਮ ਨਹੀਂ ਲੈਣਗੇ । (ਭਾਂਵੇਂ ਯਹੂਦੀ ਇਸ ਪੱਖ ਨੂੰ ਤੋੜਦੇ ਰਹੇ, ਪਰ ਆਪ ਉਹਨਾਂ ਨਾਲ ਉਪਕਾਰ ਦਾ ਵਰਤਾਓ ਕਰਦੇ ਰਹੇ ਇੱਥੋਂ ਤੱਕ ਕਿ ਜੱਦ ਅੰਤ ਹੋ ਗਿਆ ਤਾਂ ਯਹੂਦੀਆਂ ਦੇ ਖ਼ਿਲਾਫ਼ ਮਜਬੂਰੀ ਵਿੱਚ ਕਰੜੇ ਕਦਮ ਚੁੱਕਣੇ ਪਏ ।)

2. ਦੂਜੀ ਸ਼ਰਤ ਇਹ ਸੀ ਕਿ ਹਰ ਕੌਮ ਨੂੰ ਧਾਰਮਕ ਆਜ਼ਾਦੀ ਹੋਵੇਗੀ। (ਮੁਸਲਮਾਨਾਂ ਦੀ ਬਹੁ ਗਿਣਤੀ ਹੁੰਦਿਆਂ ਹੋਇਆਂ ਵੀ ਤੁਸੀਂ ਆਪਣੇ ਧਰਮ

ਲਈ ਆਜ਼ਾਦ ਹੋ ।)

3. ਤੀਜੀ ਸ਼ਰਤ ਇਹ ਸੀ ਕਿ ਸਾਰੇ ਵਾਸੀਆਂ ਦੀਆਂ ਜਾਨਾਂ ਤੇ ਮਾਲ ਸੁਰੱਖਿਅਤ ਹੋਣਗੇ ਅਤੇ ਉਹਨਾ ਦਾ ਸਮੱਾਨ ਕੀਤਾ ਜਾਵੇਗਾ, ਸਿਵਾਏ ਇਸਦੇ ਕਿ ਕੋਈ ਜੁਰਮ ਦਾ ਭਾਗੀਦਾਰ ਹੋਏ । (ਇਸ ਵਿੱਚ ਵੀ ਹੁਣ ਕੋਈ ਮਤਿਭੇਦ ਨਹੀਂ ਹੈ । ਜੁਰਮ ਦਾ ਭਾਗੀਦਾਰ ਭਾਵੇਂ ਮੁਸਲਮਾਨ ਹੋਵੇ ਜਾਂ ਗ਼ੈਰ ਮੁਸਲਿਮ ਹੋਵੇ, ਉਸਨੂੰ ਹਰ ਅਵਸਥਾ ਵਿੱਚ ਦੰਡ ਮਿਲੇਗਾ । ਬਾਕੀ ਸੁੱਰਿਖਆ ਕਰਨਾ ਸਭ ਦਾ ਸਾਂਝਾ ਕੰਮ ਹੈ, ਹੁਕੂਮਤ ਦਾ ਕੰਮ ਹੈ ।)

4. ਫਿਰ ਇਹ ਕਿ "ਹਰ ਪ੍ਰਕਾਰ ਦੇ ਮਤਿਭੇਦਾਂ ਅਤੇ ਝਗੜਿਆਂ ਦੇ ਨਿਪਟਾਰੇ ਲਈ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਸਾਹਮਣੇ ਪੇਸ਼ ਹੋਣਗੇ ਅਤੇ ਹਰ ਫ਼ੈਸਲਾ ਰੱਬੀ ਹੁਕਮ ਅਨੁਸਾਰ ਕੀਤਾ ਜਾਵੇਗਾ ।" (ਅਤੇ ਰੱਬੀ ਹੁਕਮ ਦੀ ਪ੍ਰੀਭਾਸ਼ਾ ਇਹ ਹੈ ਕਿ ਹਰ ਕੌਮ ਆਪਣੀ ਸ਼ਰੀਅਤ ਅਨੁਸਾਰ । ਫ਼ੈਸਲਾ ਹਰ ਅਵਸਥਾ ਵਿੱਚ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਦੇ ਸਾਹਮਣੇ ਪੇਸ਼ ਹੋਣਾ ਹੈ ਕਿਉਂਕਿ ਉਸ ਸਮੇਂ ਹੁਕੂਮਤ ਦੇ ਮੁਖੀ ਸਨ । ਇਸ ਲਈ ਆਪਨੇ ਫ਼ੈਸਲਾ ਕਰਨਾ ਸੀ, ਪਰ ਫ਼ੈਸਲਾ ਉਸ ਸ਼ਰੀਅਤ ਅਨੁਸਾਰ ਹੋਵੇਗਾ ਅਤੇ ਜੱਦ ਯਹੂਦੀਆਂ ਦੇ ਕੁਝ ਫ਼ੈਸਲੇ ਅਜਿਹੇ ਹੋਏ ਜੋ ਉਹਨਾਂ ਦੀ ਸ਼ਰੀਅਤ ਅਨੁਸਾਰ ਸਨ ਜਿਸ'ਤੇ ਹੁਣ ਈਸਾਈ ਇਤਾਰਾਜ਼ ਕਰਦੇ ਹਨ ਜਾਂ ਦੂਜੇ ਵਿਰੋਧੀ ਇਤਰਾਜ਼ ਕਰਦੇ ਹਨ ਕਿ ਜ਼ੁਲਮ ਹੋਇਆ । ਜੱਦ ਕਿ ਉਹਨਾਂ ਦੇ ਆਖਣ ਅਨੁਸਾਰ ਓਹਨਾਂ ਦੀਆਂ ਸ਼ਰਤਾ ਮੁਤਾਬਕ ਹੋਏ ਸਨ )

ਫਿਰ ਇਕ ਸ਼ਰਤ ਇਹ ਹੈ ਕਿ "ਕੋਈ ਦਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਆਗਿਆ ਤੋਂ ਬਿਨਾ ਜੰਗ ਲਈ ਨਹੀਂ ਨਿਕਲੇਗਾ । (ਇਸ ਲਈ ਹੁਕੂਮਤ ਦੇ ਅੰਦਰ ਰਹਿੰਦਿਆਂ ਹੋਇਆਂ ਉਸ ਹੁਕੂਮਤ ਦਾ ਪਾਬੰਦ ਹੋਣਾ ਜ਼ਰੂਰੀ ਹੈ । ਹੁਣ ਇਹ ਜੋ ਸ਼ਰਤ ਹੈ, ਇਹ ਅੱਜ ਕਲ ਦੀਆਂ ਜਿਹਾਦੀ ਤੰਜ਼ੀਮਾ ਲਈ ਵੀ ਮਾਰਗ ਦਰਸ਼ਨੀ ਹੈ ਕਿ ਜਿਸ ਹੁਕੂਮਤ ਵਿੱਚ ਰਹਿ ਰਹੇ ਹੋ ਉਸਦੀ ਆਗਿਆ ਤੋਂ ਬਿਨਾ ਕਿਸੇ ਪ੍ਰਕਾਰ ਦਾ ਜਿਹਾਦ ਨਹੀਂ ਕਰ ਸਕਦੇ ਸਿਵਾਏ ਇਸਦੇ ਕਿ ਉਸ ਹੁਕੂਮਤ ਦੀ ਫ਼ੌਜ ਵਿੱਚ

ਸ਼ਾਮਲ ਹੋ ਜਾਣ ਅਤੇ ਫ਼ਿਰ ਜੇਕਰ ਦੇਸ਼ ਲੜੇ ਜਾਂ ਹੁਕੂਮਤ ਲੜੇ ਤਾਂ ਫਿਰ ਠੀਕ ਹੈ ।)

ਫਿਰ ਇਕ ਸ਼ਰਤ ਹੈ ਕਿ "ਜੇਕਰ ਯਹੂਦੀਆਂ ਅਤੇ ਮੁਸਲਮਾਨਾਂ ਦੇ ਵਿਰੁਧ ਕੋਈ ਕੌਮ ਜੰਗ ਕਰੇਗੀ ਤਾਂ ਉਹ ਇਕ ਦੂਜੇ ਦੀ ਸਹਾਇਤਾ ਲਈ ਖੜੇ ਹੋਣਗੇ ।" (ਅਰਥਾਤ ਦੋਹਾਂ ਵਿੱਚੋਂ ਕਿਸੇ ਦਲ ਦੇ ਵਿਰੁਧ ਜੇਕਰ ਜੰਗ ਹੁੰਦੀ ਹੈ ਤਾਂ ਦੂਜੇ ਦੀ ਮਦਦ ਕਰਨਗੇ ਅਤੇ ਦੁਸ਼ਮਨ ਨਾਲ ਸੁਲਾਹ ਦੀ ਅਵਸਥਾ ਵਿੱਚ ਮੁਸਲਮਾਨ ਅਤੇ ਗ਼ੈਰ ਮੁਸਲਿਮ ਦੋਹਾਂ ਨੂੰ ਜੇਕਰ ਕੋਈ ਸਾਰਥਕਤਾ ਪ੍ਰਾਪਤ ਹੋ ਰਿਹੀ ਹੈ, ਜਾਂ ਕੋਈ ਲਾਭ ਮਿਲ ਰਿਹਾ ਹੈ ਤਾਂ ਉਸ ਲਾਭ ਦੀ ਹਰ ਕੋਈ ਹਿਸੱਾਦਾਰੀ ਪ੍ਰਾਪਤ ਕਰੇਗਾ ।)

ਇਸੇ ਪ੍ਰਕਾਰ ਜੇਕਰ ਮਦੀਨੇ ਉਪੱਰ ਕੋਈ ਹਮਲਾ ਕਰੇਗਾ ਤਾਂ ਸਾਰੇ ਰੱਲ ਕੇ ਉਸਦਾ ਮੁਕਾਬਲਾ ਕਰਨਗੇ ।

ਇਸੇ ਪ੍ਰਕਾਰ ਇਕ ਸ਼ਰਤ ਇਹ ਹੈ ਕਿ "ਮੱਕੇ ਦੇ ਕੁਰੈਸ਼ ਅਤੇ ਉਹਨਾਂ ਦੇ ਸਹਾਇਕਾਂ ਨੂੰ ਯਹੂਦੀਆਂ ਵੱਲੋਂ ਕਿਸੇ ਪ੍ਰਕਾਰ ਦੀ ਸਹਾਇਤਾ ਜਾਂ ਪਨਾਹ ਨਹੀਂ ਦਿੱਤੀ ਜਾਵੇਗੀ ।" (ਕਿਉਂਕਿ ਮੱਕੇ ਦੇ ਮੁਖ਼ਾਲਫ਼ਾਂ ਨੇ ਮੁਸਲਮਾਨਾਂ ਨੂੰ ਉੱਥੋਂ ਕੱਢਿਆ ਸੀ । ਮੁਸਲਮਾਨਾਂ ਨੇ ਇੱਥੇ ਆਣਕੇ ਪਨਾਹ ਲਈ ਸੀ । ਇਸ ਲਈ ਹੁਣ ਇਸ ਹੁਕੂਮਤ ਵਿੱਚ ਰਹਿਣ ਵਾਲੇ ਇਸ ਦੁਸ਼ਮਨ ਕੌਮ ਨਾਲ ਕਿਸੇ ਪ੍ਰਕਾਰ ਦਾ ਸਮਝੌਤਾ ਨਹੀਂ ਕਰ ਸਕਦੇ ਅਤੇ ਨ ਕੋਈ ਮਦਦ ਲੈਣ ਗੇ।)

ਹਰ ਕੌਮ ਆਪਣੇ ਖਰਚੇ ਆਪ ਸਹਿਨ ਕਰੇਗੀ । (ਅਰਥਾਤ ਆਪਣੇ ਆਪਣੇ ਖਰਚੇ ਆਪ ਕਰਨਗੇ) ਇਸ ਸਮਝੌਤੇ ਅਨੁਸਾਰ ਕੋਈ ਅਤਿਆਚਾਰੀ ਜਾਂ ਪਾਪੀ ਜਾਂ ਅਕ੍ਰਿਤਘਣ ਇਸ ਗੱਲੋਂ ਸੁਰੱਖਿਅਤ ਨਹੀਂ ਹੋਵੇਗਾ ਕਿ ਉਸਨੂੰ ਦੰਡ ਦਿੱਤਾ ਜਾਵੇ ਜਾਂ ਉਸ ਤੋਂ ਬਦਲਾ ਲਿਆ ਜਾਵੇ । (ਅਰਥਾਤ ਜਿਵੇਂ ਕਿ ਪਹਿਲਾਂ ਵਰਨਣ ਹੋ ਚੁੱਕਿਆ ਹੈ ਕਿ ਜੋ ਕੋਈ ਜ਼ਾਲਮ ਹੋਵੇਗਾ, ਪਾਪ ਕਰਨ ਵਾਲਾ ਹੋਵੇਗਾ, ਗ਼ਲਤੀ ਕਰਨ ਵਾਲਾ ਹੋਵੇਗਾ ਉਸਦੀ ਪਕੜ ਹੋਵੇਗੀ ਉਸਨੂੰ ਦੰਡ ਮਿਲੇਗਾ ਅਤੇ ਇਹ ਬਿਨਾ ਕਿਸੇ ਮਤਿਭੇਦ ਦੇ ਹੋਵੇਗਾ । ਫਿਰ ਭਾਵੇਂ ਉਹ ਮੁਸਲਮਾਨ ਹੈ ਜਾਂ ਯਹੂਦੀ ਜਾਂ ਕੋਈ ਹੋਰ ਹੈ ।)

(ਸਾਰ : ਸੀਰਤ ਖ਼ਾਤਾਮਨੱਬੀਯੀਨ ਵਿੱਚੋਂ, ਲੇਖਕ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਰਜ਼ੀ ਅਲੱਹ ਅਨਹੁ ਪੰਨਾ-279)

## ਧਰਮ ਦੀ ਆਜ਼ਾਦੀ ਤੇ ਨਜਰਾਨ ਵਾਸੀਆਂ ਲਈ ਅਮਨ ਦਾ ਪੱਤਰ

ਫਿਰ ਇਸੇ ਧਾਰਮਕ ਮਿਲਵਰਤਨ ਅਤੇ ਆਜ਼ਾਦੀ ਨੂੰ ਬਣਾਈ ਰੱਖਣ ਲਈ ਆਪ ਨੇ ਨਜਰਾਨ ਵਾਸੀਆਂ ਦੇ ਜੱਥੇ ਨੂੰ ਮਸਜਿਦ ਨਬਵੀ ਵਿੱਚ ਇਬਾਦਤ ਕਰਨ ਦੀ ਆਗਿਆ ਦਿੱਤੀ ਅਤੇ ਉਹਨਾਂ ਨੇ ਪੂਰਬ ਵੱਲ ਮੂੰਹ ਕਰਕੇ ਆਪਣੀ ਇਬਾਦਤ ਕੀਤੀ । ਜੱਦ ਕਿ ਸਹਾਬਾ ਦਾ ਵਿਚਾਰ ਸੀ ਕਿ ਨਹੀਂ ਕਰਨੀ ਚਾਹੀਦੀ। ਆਪ ਨੇ ਕਿਹਾ ਕੋਈ ਫਰਕ ਨਹੀਂ ਪੈਂਦਾ ।

ਫਿਰ ਨਜਰਾਨ ਵਾਸੀਆਂ ਨੂੰ ਆਪ ਨੇ ਜੋ ਅਮਨ ਪੱਤਰ ਦਿੱਤਾ ਉਸ ਦਾ ਵਰਨਣ ਮਿਲਦਾ ਹੈ । ਉਸ ਵਿੱਚ ਆਪ ਨੇ ਆਪਣੇ ਉਪੱਰ ਇਹ ਜ਼ਿੰਮੇਵਾਰੀ ਪਰਵਾਨ ਕੀਤੀ ਕਿ ਮੁਸਲਮਾਨ ਫ਼ੌਜਾਂ ਰਾਹੀਂ ਉਹਨਾ ਈਸਾਈਆਂ ਦੀ (ਜੋ ਨਜਰਾਨ ਵਿੱਚੋਂ ਆਏ ਸਨ) ਸਰਹਦਾਂ ਦੀ ਰੱਖਿਆ ਕੀਤੀ ਜਾਵੇਗੀ । ਉਹਨਾਂ ਦੇ ਗਿਰਜੇ, ਉਹਨਾਂ ਦੇ ਇਬਾਦਤ ਘਰ, ਸਰਾਵਾਂ ਭਾਵੇਂ ਉਹ ਕਿਸੇ ਵੀ ਦੂਰ ਦੁਰਾਡੇ ਖੇਤਰ ਵਿੱਚ ਹੋਣ ਜਾਂ ਸ਼ਹਿਰ ਵਿੱਚ ਜਾਂ ਪਹਾੜਾਂ ਵਿੱਚ ਜਾਂ ਜੰਗਲਾਂ ਵਿੱਚ ਹੋਣ ਉਹਨਾਂ ਦੀ ਸੁਰੱਖਿਆ ਮੁਸਲਮਾਨਾਂ ਦੀ ਜ਼ਿੰਮੇਵਾਰੀ ਹੈ । ਉਹਨਾਂ ਨੂੰ ਆਪਣੇ ਧਰਮ ਅਨੁਸਾਰ ਇਬਾਦਤ ਕਰਨ ਦੀ ਆਜ਼ਾਦੀ ਹੈ ਅਤੇ ਉਹਨਾਂ ਦੀ ਇਹ ਇਬਾਦਤ ਦੀ ਆਜ਼ਾਦੀ ਦੀ ਸੁਰੱਖਿਆ ਵੀ ਮੁਸਲਮਾਨਾਂ ਲਈ ਲਾਜ਼ਮੀ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿਉਂਕਿ ਹੁਣ ਇਹ ਮੁਸਲਮਾਨਾਂ ਦੀ ਹੁਕੂਮਤ ਦੀ ਪਰਜਾ ਹਨ, ਇਸ ਲਈ ਇਸ ਦੀ ਸੁਰੱਖਿਆ ਦੇ ਪੱਖੋਂ ਵੀ ਮੇਰੇ 'ਤੇ ਫ਼ਰਜ਼ ਹੈ ਕਿ ਹੁਣ ਇਹ ਮੇਰੀ ਪਰਜਾ ਬਣ ਚੁਕੇ ਹਨ ।

ਫਿਰ ਅੱਗੇ ਹੈ ਕਿ ਇਸੇ ਪ੍ਰਕਾਰ ਮੁਸਲਮਾਨ ਆਪਣੀਆਂ ਜੰਗੀ ਤਕਨੀਕਾਂ ਵਿੱਚ ਉਹਨਾਂ ਨੂੰ (ਅਰਥਾਤ ਈਸਾਈਆਂ ਨੂੰ) ਉਹਨਾਂ ਦੀ ਮਰਜ਼ੀ ਤੋਂ ਬਿਨਾਂ ਸ਼ਾਮਲ ਨਹੀਂ ਕਰਨਗੇ । ਉਹਨਾਂ ਦੇ ਪਾਦਰੀ ਅਤੇ ਧਾਰਮਕ ਲੀਡਰ ਜਿਸ ਪੁਜ਼ੀਸ਼ਨ ਅਤੇ ਅਹੁਦੇ ਉਪੱਰ ਹਨ ਉਹ ਉੱਥੋਂ ਹਟਾਏ ਨਹੀਂ ਜਾਣਗੇ । ਉਸੇ ਪ੍ਰਕਾਰ ਆਪਣੇ ਕੰਮ ਕਰਦੇ ਰਹਿਣਗੇ । ਉਹਨਾਂ ਦੀਆਂ ਇਬਾਦਤ ਗਾਹਾਂ ਵਿੱਚ ਕਿਸੇ ਪ੍ਰਕਾਰ ਦਾ ਦਖ਼ਲਾ ਨਹੀਂ ਹੋਵੇਗਾ, ਉਹ ਕਿਸੇ ਵੀ ਅਵਸਥਾ ਵਿੱਚ ਵਰਤੋਂ ਹੇਠ ਨਹੀਂ ਲਿਆਂਦੀ ਜਾਵੇਗੀ । ਨ ਹੀ ਸਰਾਏ ਬਣਾਈ ਜਾਵੇਗੀ । ਨ ਹੀ ਉਥੇ ਕਿਸੇ ਨੂੰ ਠਹਿਰਾਇਆ ਜਾਵੇਗਾ ਅਤੇ ਨ ਹੀ ਉਹਨਾਂ ਤੋਂ ਪੁੱਛੇ ਬਿਨਾ ਕਿਸੇ ਹੋਰ ਮੰਤਵ ਲਈ ਵਰਤਿਆ ਜਾਵੇਗਾ । ਓਲਮਾ ਅਤੇ ਵੈਰਾਗੀ ਜਿੱਥੇ ਵੀ ਹੋਣ ਉਹਨਾਂ ਤੋਂ ਜਜ਼ੀਯਾ ਤੇ ਟੈਕਸ ਵਸੂਲਿਆ ਨਹੀਂ ਜਾਵੇਗਾ । ਜੇਕਰ ਕਿਸੇ ਮੁਸਲਮਾਨ ਦੀ ਪਤਨੀ ਈਸਾਈ ਹੋਵੇ ਉਸਨੂੰ ਪੂਰਨ ਆਜ਼ਾਦੀ ਹੋਵੇਗੀ ਕਿ ਉਹ ਆਪਣੇ ਤੌਰ ’ਤੇ ਇਬਾਦਤ ਕਰੇ । ਜੇਕਰ ਕੋਈ ਆਪਣੇ ਓਲਮਾ (ਧਾਰਮਕ ਵਿਦਵਾਨ) ਕੋਲ ਜਾਕੇ ਮਸਲੇ ਪੁੱਛਣਾ ਚਾਹੇ ਤਾਂ ਜਾਵੇ । ਗਿਰਜਿਆ ਆਦਿ ਦੀ ਮੁਰਮੱਤ ਲਈ ਆਪ ਨੇ ਫ਼ਮਾਇਆ ਕਿ ਜੇਕਰ ਉਹ ਮੁਸਲਮਾਨਾਂ ਦੀ ਮਾਲੀ ਮਦਦ ਲੈਣ ਅਤੇ ਆਚਰਣਕ ਮਦਦ ਲੈਣ ਤਾਂ ਮੁਸਲਮਾਨਾਂ ਨੂੰ ਮਦਦ ਕਰਨੀ ਚਾਹੀਦੀ ਹੈ, ਕਿਉਂਕਿ ਇਹ ਵੱਧੀਆ ਗੱਲ ਹੈ । ਇਹ ਨ ਕਰਜ਼ਾ ਹੋਵੇਗਾ ਨ ਹੀ ਉਪਕਾਰ ਹੋਵੇਗਾ ਸਗੋਂ ਕੇਵਲ ਸਮਝੌਤੇ ਨੂੰ ਚੰਗਾ ਬਨਾਉਣ ਲਈ ਇਕ ਸਾਧਨ ਮਾਤਰ ਹੋਵੇਗਾ । ਇਸ ਪ੍ਰਕਾਰ ਸਮਾਜਕ ਸੰਬੰਧ ਅਤੇ ਇਕ ਦੂਜੇ ਦੀ ਮਦਦ ਦੇ ਕੰਮ ਕੀਤੇ ਜਾਣ ।

(ਸਾਰ : ਜ਼ਾਦੁਲ ਮਆਦ ਫ਼ੀ ਹਦੀ ਖ਼ੈਰੁਲ ਇਬਾਦ, ਫ਼ਸਲ ਫ਼ੀ ਕਦੂਮ ਵਫ਼ਦ ਨਜਰਾਨ ਵਿੱਚੋਂ)

ਇਹ ਸਨ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਆਜ਼ਾਦੀ ਤੇ ਮਿਲਵਰਤਨ ਦੀ ਸਥਾਪਨਾ ਲਈ ਮਾਪਦੰਡ । ਇਹ ਸਭ ਕੁਝ ਹੁੰਦਿਆਂ ਹੋਇਆ ਵੀ ਆਪ ਉਪੱਰ ਜ਼ੁਲਮ ਤੇ ਅਤਿਆਚਾਰ ਕਰਨ ਅਤੇ ਤਲਵਾਰ ਦੇ ਬਲ ਨਾਲ ਇਸਲਾਮ ਨੂੰ ਫੈਲਾਉਣ ਦਾ ਆਰੋਪ ਲਾਉਣਾ ਅਤਿਅੰਤ ਅਤਿਆਚਾਰੀ ਨੀਤੀ

ਹੈ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

"ਸੋ ਜੱਦ ਕਿ ਕਿਤਾਬ ਦੇ ਅਨੁਸਾਰੀ, ਅਤੇ ਅਰਬ ਦੇ ਮੁਸ਼ਰਿਕ ਅਤਿਅੰਤ ਆਚਰਣਹੀਨ ਹੋ ਚੱਕੇ ਸਨ ਅਤੇ ਬਦੀ ਕਰਕੇ ਸਮਝਦੇ ਸਨ ਕਿ ਅਸੀਂ ਨੇਕੀ ਦਾ ਕੰਮ ਕੀਤਾ ਹੈ ਅਤੇ ਜੁਰਾਇਮ ਤੋਂ ਮੁੜਦੇ ਨਹੀਂ ਸਨ, ਅਮਨ ਵਿੱਚ ਵਿਘਨ ਪਾਉਂਦੇ ਸਨ । ਤਾਂ ਰੱਬ ਨੇ ਆਪਣੇ ਨਬੀ ਦੇ ਹੱਥਾਂ ਵਿੱਚ ਅਨਾਨ ਦੀ ਹੁਕੂਮਤ ਦੇਕੇ ਉਹਨਾਂ ਦੇ ਹੱਥੋਂ ਗਰੀਬਾਂ ਨੂੰ ਬਚਾਉਣਾ ਚਾਹਿਆ । ਕਿਉਂਕਿ ਅਰਬ ਦੇਸ਼ ਪੂਰਨ ਸੁਤੰਤਰ ਸੀ ਕੋਈ ਲਗਾਮ ਨਹੀਂ ਸੀ ਅਤੇ ਉਹ ਲੋਕ ਕਿਸੇ ਵੀ ਬਾਦਸ਼ਾਹੀ ਹੁਕੂਮਤ ਹੇਠ ਨਹੀਂ ਸਨ । ਇਸ ਲਈ ਹਰ ਇਕ ਫਿਰਕਾ ਅਤਿਅੰਤ ਬੇਮੁਹਾਰਾ, ਨਿਤਾਂਤ ਤੇ ਦਿਲੇਰੀ ਦਾ ਜੀਵਨ ਬਤੀਤ ਕਰਦਾ ਸੀ । ( ਕੋਈ ਕਾਨੂਨ ਨਹੀਂ ਸੀ ਕਿਉਂਕਿ ਓਹ ਕਿਸੇ ਦੇ ਅਧੀਨ ਨਹੀਂ ਸਨ।) ਕਿਉਂਕਿ ਉਹਨਾਂ ਲਈ ਕੋਈ ਦੰਡ ਦਾ ਕਾਨੂਨ ਨਹੀਂ ਸੀ, ਇਸ ਲਈ ਓਹ ਦਿਨ ਪ੍ਰਤੀਦਿਨ ਜੁਰਾਇਮ ਵਿੱਚ ਵੱਧਦੇ ਜਾਂਦੇ ਸਨ । ਇਸ ਲਈ ਰੱਬ ਨੇ ਉਹਨਾਂ'ਤੇ ਮਿਹਰ ਕਰਦਿਆਂ ਹੋਇਆਂ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲੱਮ ਨੂੰ ਇਸ ਦੇਸ਼ ਲਈ ਨ ਕੇਵਲ ਰਸੂਲ ਬਣਾ ਕੇ ਭੇਜਿਆ ਸਗੋਂ ਇਸ ਦੇਸ਼ ਦਾ ਬਾਦਸ਼ਾਹ ਵੀ ਬਣਾ ਦਿੱਤਾ ਅਤੇ ਕੁਰਆਨ ਕਰੀਮ ਨੂੰ ਇਕ ਅਜਿਹੇ ਕਾਨੂਨ ਵਾਂਗ ਸੰਪੂਰਨ ਕੀਤਾ ਜਿਸ ਵਿੱਚ ਦੀਵਾਨੀ, ਫ਼ੌਜਦਾਰੀ ਤੇ ਮਾਲੀ ਸਾਰੇ ਮਾਰਗ ਦਰਸ਼ਨ ਹਨ । ਇਸ ਲਈ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲੱਮ ਇਕ ਬਾਦਸ਼ਾਹ ਹੁੰਦਿਆਂ ਹੋਇਆਂ ਸਾਰਿਆਂ ਫਿਰਕਿਆਂ ਲਈ ਹਾਕਮ ਸਨ ਅਤੇ ਹਰ ਇਕ ਧਰਮ ਦੇ ਲੋਕ ਆਪਣੇ ਮੁਕੱਦਮੇ ਆਪ ਤੋਂ ਫ਼ੈਸਲਾ ਕਰਵਾਉਂਦੇ ਸਨ ।

ਕੁਰਆਨ ਕਰੀਮ ਤੋਂ ਪ੍ਰਮਾਣਤ ਹੈ ਕਿ ਇਕ ਵਾਰ ਇਕ ਮੁਸਲਮਾਨ ਅਤੇ ਇਕ ਯਹੂਦੀ ਦਾ ਆਪ ਦੀ ਅਦਾਲਤ ਵਿੱਚ ਮੁਕੱਦਮਾ ਆਇਆ ਤਾਂ ਆਪ ਨੇ ਪੜਤਾਲ ਮਗਰੋਂ ਯਹੂਦੀ ਨੂੰ ਸੱਚਾ ਜਾਣਿਆ ਅਤੇ ਮੁਸਲਮਾਨ 'ਤੇ ਉਸਦੇ ਦਾਵੇ ਦੀ ਡਿਗਰੀ ਕੀਤੀ । (ਇਸ ਦਾ ਮੈਂ ਉਪੱਰ ਵਰਨਣ ਕਰ

ਆਇਆ ਹਾਂ) ਸੋ, ਕੁਝ ਨਾਦਾਨ ਵਿਰੋਧੀ ਜੋ ਗ਼ੌਰ ਨਾਲ ਕੁਰਆਨ ਕਰੀਮ ਨਹੀਂ ਪੜ੍ਹਦੇ ਉਹ ਹਰ ਇਕ ਮੁਕਾਮ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਧਲੱਮ ਦੀ ਰਸਲਾਤ ਹੇਠ ਲੈ ਆਉਂਦੇ ਹਨ ਜੱਦ ਕਿ ਅਜਿਹੇ ਦੰਡ ਖ਼ਿਲਾਫ਼ਤ ਅਰਥਾਤ ਬਾਦਸ਼ਾਹੀ ਅਨੁਸਾਰ ਦਿੱਤੀਆਂ ਜਾਂਦੀਆਂ ਸਨ । (ਅਰਥਾਤ ਇਹ ਹੁਕੂਮਤ ਦਾ ਕੰਮ ਹੈ )

ਬਨੀ ਇਸਰਾਈਲ ਵਿੱਚ ਹਜ਼ਰਤ ਮੂਸਾ ਅਲੈਹਿ ਸਲਾਮ ਦੇ ਬਾਦ ਨਬੀ ਵੱਖਰੇ ਹੁੰਦੇ ਸਨ ਅਤੇ ਬਾਦਸ਼ਾਹ ਵੱਖਰੇ ਹੁੰਦੇ ਸਨ ਜੋ ਰਾਜਨੀਤੀ ਅਨੁਸਾਰ ਅਮਨ ਕਾਇਮ ਰੱਖਦੇ ਸਨ । ਪਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਸਮੇਂ ਵਿੱਚ ਇਹ ਦੋਵੇਂ ਅਹੁਦੇ ਖੁਦਾ ਤਆਲਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਹੀ ਦੇ ਦਿੱਤੇ । ਜੁਰਾਇਮ ਪੇਸ਼ਾ ਲੋਕਾਂ ਨੂੰ ਵੱਖ ਵੱਖ ਕਰਕੇ ਬਾਕੀ ਲੋਕਾਂ ਨਾਲ ਜੋ ਵਰਤਾਓ ਸੀ, ਉਹ ਹੇਠ ਲਿਖੀ ਆਇਤ ਤੋਂ ਪ੍ਰਗਟ ਹੁੰਦਾ ਹੈ ਅਤੇ ਉਹ ਇਹ ਹੈ :

وَقُلْ لِّلَّذِيْنَ اُوْتُوا الْكِتٰبَ وَالْاُمِّيّٖنَ ءَاَسْلَمْتُمْ ؕ فَاِنْ اَسْلَمُوْا فَقَدِ اهْتَدَوْا ۚ وَاِنْ تَوَلَّوْا فَاِنَّمَا عَلَيْكَ الْبَلٰغُ ۔ ( الجزو نمبر٣ سورة آل عمران)

ਵਕੁਲ ਲਿਲੱਾਜ਼ੀਨਾ ਊਤੁਲ ਕਿਤਾਬਾ ਵਲ ਓੱਮੀਯੀਨਾ ਆ ਅਸਲਮਤੁਮ, ਫ਼ ਇਨ ਅਸਲਮੂ ਫ਼ਾਕਾਦਿਹਤਾਦਓ, ਵ ਇਨ ਤਵੱਲਓ ਫ਼ ਇਨੱਮਾ ਅਲੈਕਲ ਬਲਾਗ਼ੁ । (ਸੂਰਤ ਆਲੇ ਇਮਰਾਨ)

ਅਤੇ ਹੇ, ਪੈਗ਼ੰਬਰ, ਕਿਤਾਬ ਦੇ ਅਨੁਸਾਰੀਆਂ ਅਤੇ ਅਰਬ ਦੇ ਜਾਹਲਾਂ ਨੂੰ ਕਹੋ ਕਿ ਕੀ ਤੁਸੀਂ ਇਸਲਾਮ ਧਰਮ ਵਿੱਚ ਦਾਖ਼ਲ ਹੁੰਦੇ ਹੋ । ਇਸ ਲਈ ਕਿ ਜੇਕਰ ਇਸਲਾਮ ਧਾਰ ਲੈਣ ਤਾਂ ਉਹਨਾ ਨੇ ਸੁਮਾਰਗ ਨੂੰ ਪਾ ਲਿਆ । ਜੇਕਰ ਮੂੰਹ ਮੋੜ ਲੈਣ ਤਾਂ ਤੁਹਾਡਾ ਕੇਵਲ ਇਹੋ ਕੰਮ ਹੈ ਕਿ ਇਲਾਹੀ ਹੁਕਮ ਪਹੁੰਚਾ ਦਿਓ । ਇਸ ਆਇਤ ਵਿੱਚ ਇਹ ਨਹੀਂ ਲਿੱਖਿਆ ਕਿ ਤੁਹਾਡਾ ਇਹ ਵੀ ਕੰਮ ਹੈ ਕਿ ਤੁਸੀਂ ਉਹਨਾਂ ਨਾਲ ਵਧੀਕੀ ਕਰੋ । ਇਸ ਤੋਂ ਸਪਸ਼ਟ ਹੈ ਕਿ ਜੰਗ ਕੇਵਲ ਜੁਰਾਇਮ ਪੇਸ਼ਾ ਲੋਕਾਂ ਲਈ ਸੀ, ਜੋ ਮੁਸਲਮਾਨਾਂ ਨੂੰ ਕਤਲ ਕਰਦੇ ਸਨ ਜਾਂ ਅਮਨ ਵਿੱਚ ਵਿਘਨ ਪਾਉਂਦੇ ਸਨ

ਅਤੇ ਚੋਰੀ ਡਕੈਤੀ ਵਿੱਚ ਲੱਗੇ ਰਹਿੰਦੇ ਸਨ । ਇਹ ਜੰਗ ਬਾਦਸ਼ਾਹ ਹੋਣ ਕਰਕੇ ਸੀ ਨ ਕਿ ਰਸੂਲ ਹੋਣ ਕਰਕੇ । (ਅਰਥਾਤ ਜੱਦ ਆਪ ਹੁਕੂਮਤ ਦੇ ਮੁਖੀ ਸਨ ਉਸ ਸਮੇਂ ਜੰਗ ਕਰਦੇ ਸਨ, ਇਸ ਲਈ ਨਹੀਂ ਕਰਦੇ ਸਨ ਕਿ ਨਬੀ ਹਨ ।) ਜਿਵੇਂ ਕਿ ਅਲੱਾਹ ਤਆਲਾ ਫ਼ਰਮਾਉਂਦਾ ਹੈ :

وَقَاتِلُوا فِيْ سَبِيْلِ اللهِ الَّذِيْنَ يُقَاتِلُوْنَكُمْ وَلَا تَعْتَدُوْا ۔ اِنَّ اللهَ لَا يُحِبُّ الْمُعْتَدِيْنَ

(سورة البقره۔ الجزو نمبر ۲)

ਵਕਾਤਿਲੂ ਫ਼ੀ ਸਬੀਲਿਲੱਾ ਹਿਲੱਜ਼ੀਨਾ ਯੁਕਾਤਿਲੂਨਾਕੁਮ ਵਲਾ ਤਅਤਾਦੂ, ਇਨੱਲੱਾਹਾ ਲਾ ਯੁਹਿਬੁੱਲ ਮੁ ਤਾਦੀਨ । (ਸੂਰਾਤੁਲ ਬਕਰਹ)

ਅਰਥ : ਤੁਸੀਂ ਰੱਬ ਦੇ ਸੁਮਾਰਗ ਵਿੱਚ ਉਹਨਾਂ ਲੋਕਾਂ ਤੋਂ ਲੜੋ ਜੋ ਤੁਹਾਡੇ ਨਾਲ ਲੜਦੇ ਹਨ, ਅਰਥਾਤ ਦੂਜਿਆਂ ਨਾਲ ਕੋਈ ਮਤਲਬ ਨ ਰੱਖੋ ਅਤੇ ਵਧੀਕੀ ਨ ਕਰੋ । ਰੱਬ ਵਧੀਕੀ ਕਰਨ ਵਾਲੇ ਨੂੰ ਪਸੰਦ ਨਹੀਂ ਕਰਦਾ ।

(ਚਸ਼ਮਾਏ ਮਾਅਰਫ਼ਤ, ਰੂਹਾਨੀ ਖ਼ਜ਼ਾਇਨ ਭਾਗ 23 ਪੰਨਾ-242-243)

ਸੋ, ਜਿਸ ਪਾਕ ਨਬੀ[ਸ.ਅ.ਵ.] ਉਪੱਰ ਇਹ ਸ਼ਰੀਅਤ ਉਤਰੀ ਹੈ ਕਿਵੇਂ ਹੋ ਸਕਦਾ ਹੈ ਕਿ ਉਹ ਆਪਣੇ ਉਪੱਰ ਨਾਜ਼ਲ ਹੋਏ ਆਦੇਸ਼ਾਂ ਬਾਰੇ ਵਧੀਕੀ ਕਰਦਾ ਹੋਵੇ । ਆਪ[ਸ.ਅ.ਵ.] ਨੇ ਤਾਂ ਮੱਕੇ ਦੀ ਫ਼ਤਹਿ ਸਮੇਂ ਬਿਨਾਂ ਇਸ ਸ਼ਰਤ ਦੇ ਕਿ ਜੇਕਰ ਇਸਲਾਮ ਵਿੱਚ ਦਾਖ਼ਲ ਹੋਵੇ ਤਾਂ ਅਮਨ ਮਿਲੇਗਾ ਹਰ ਇਕ ਲਈ ਆਮ ਮੁਆਫ਼ੀ ਦੀ ਘੋਸ਼ਣਾ ਕਰ ਦਿੱਤੀ ਸੀ । ਇਸ ਦੀ ਇਕ ਉਦਾਹਰਣ ਅਸੀਂ ਦੇਖ ਵੀ ਚੁੱਕੇ ਹਾਂ । ਇਸ ਦੀਆਂ ਵੱਖ ਵੱਖ ਅਵਸਥਾਵਾਂ ਸਨ ਪਰ ਉਸ ਵਿੱਚ ਇਹ ਨਹੀਂ ਸੀ ਕਿ ਅਵਸ਼ ਇਸਲਾਮ ਕੁਬੂਲ ਕਰੋਗੇ ਤਾਂ ਮੁਆਫ਼ੀ ਹੋਵੇਗੀ । ਵੱਖ ਵੱਖ ਥਾਵਾਂ ਉਪੱਰ ਜਾਣ ਅਤੇ ਦਾਖ਼ਲ ਹੋਣ ਅਤੇ ਕਿਸੇ ਦੇ ਵੀ ਝੰਡੇ ਹੇਠ ਆਉਣ ਅਤੇ ਖ਼ਾਨਾ ਕਾਬਾ ਵਿੱਚ ਜਾਣ ਅਤੇ ਕਿਸੇ ਘਰ ਵਿੱਚ ਜਾਣ ਕਰਕੇ ਮੁਆਫ਼ੀ ਦੀ ਘੋਸ਼ਣਾ ਸੀ। ਅਤੇ ਇਹ ਇਕ ਅਜਿਹੀ ਅਦੁੱਤੀ ਉਦਾਹਰਣ ਜੋ ਸਾਨੂੰ ਕਿਤੇ ਵੀ ਦੇਖਣ ਨੂੰ ਨਹੀਂ ਮਿਲਦੀ, ਸੰਪੂਰਨ ਰੂਪ ਵਿੱਚ ਇਹ ਘੋਸ਼ਣਾ ਕਰ ਦਿੱਤੀ ਕਿ

لَا تَثْرِيْبَ عَلَيْكُمُ الْيَوْمَ

"ਲਾ ਤਸਰੀਬਾ ਅਲੈਕੁਮੁਲ ਯੌਮ" ਕਿ ਜਾਓ ਅੱਜ ਤੁਹਾਡੇ'ਤੇ ਕੋਈ ਪਕੜ ਨਹੀਂ ਹੈ । ਹਜ਼ਾਰਾਂ ਦੁਰੂਦ ਤੇ ਸਲਾਮਤੀ ਹੋਵੇ ਆਪ ਸਲਲੱਾਹੁ ਅਅਲੈਹਿ ਵਸਲੱਮ ਉਪੱਰ ਜਿੰਨ੍ਹਾ ਨੇ ਆਪਣੇ ਉਚੱਤਮ ਨਮੂਨੇ ਕਾਇਮ ਕਰਕੇ ਸਾਨੂੰ ਵੀ ਇਹੋ ਸਿੱਖਿਆ ਪ੍ਰਦਾਨ ਕੀਤੀ । ਅਲੱਾਹ ਤਆਲਾ ਸਾਨੂੰ ਵੀ ਇਸ ਉਪੱਰ ਅਮਲ ਕਰਨ ਦਾ ਬਲ ਬਖ਼ਸ਼ੇ ।"

(ਖੁਤਬਾ ਜੁੱਮਾ 10 ਮਾਰਚ 2006, ਮਸਜਿਦ ਬੈਤੁਲ ਫ਼ੁਤੂਹ ਲੰਦਨ, ਬ ਹਵਾਲਾ ਉਸਵਾਏ ਰਸੂਲ ਸਲਲੱਾਹੁ ਅਲੈਹਿ ਵਸਲੱਮ ਔਰ ਖ਼ਾਕੋਂ ਕੀ ਹਕੀਕਤ, ਪੰਨਾ 92-111)

## ਅਮਨ ਦੀ ਸਥਾਪਨਾ ਅਤੇ ਭੁਲੇਖਿਆਂ ਨੂੰ ਦੂਰ ਕਰਨ ਲਈ ਬਾਨੀ ਅਹਮਦੀਆ ਮੁਸਲਿਮ ਜਮਾਤ ਦੀ ਸਿੱਖਿਆ ਅਤੇ ਵਿਓਂਤ

ਵੱਖ ਵੱਖ ਧਰਮਾ ਤੇ ਲੋਕਾਂ ਵਿੱਚ ਭੁਲੇਖਿਆਂ ਨੂੰ ਦੂਰ ਕਰਨ ਲਈ ਅਤੇ ਆਪੋ ਵਿੱਚ ਸਨੇਹ, ਪ੍ਰੇਮ ਅਤੇ ਮਿਲਵਰਤਨ ਨਾਲ ਰਹਿਣ ਖ਼ਾਤਰ ਹਜ਼ਰਤ ਬਾਨੀ ਜਮਾਤ ਅਹਮਦੀਆ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮਊਦ ਵ ਮਹਦੀ ਮਾਹੂਦ ਅਲੈਹਿ ਸਲਾਮ ਨੇ ਸਰਬ ਧਰਮ ਸੰਮੇਲਨ ਦੀ ਨੀਂਹ ਪਵਾਈ । ਇਸ ਸੰਬੰਧ ਵਿੱਚ ਮਲਕਾ ਵਿਕਟੋਰੀਯਹ ਦੀ ਡਾਏਮੰਡ ਜੁਬਲੀ ਦੇ ਮੌਕੇ ਉਪੱਰ ਇਹ ਵਿਓਂਤ ਦਿੰਦਿਆ ਹੋਇਆਂ ਫ਼ਰਮਾਉਂਦੇ ਹਨ ਕਿ:

"ਹਾਂ ਇਹ ਜ਼ਰੂਰੀ ਹੋਵੇਗਾ ਕਿ ਇਸ ਸਰਬ ਧਰਮ ਜਲਸੇ ਵਿੱਚ ਹਰ ਇਕ ਮਨੁੱਖ ਆਪਣੇ ਧਰਮ ਦੀਆਂ ਖ਼ੂਬੀਆਂ ਵਰਨਣ ਕਰੇ । ਦੂਜੇ ਧਰਮਾ ਨਾਲ ਕੋਈ ਸੰਬੰਧ ਨ ਰੱਖੇ ।"

(ਤੁਹਫ਼ਾ ਕੈਸਰੀਯਹ, ਰੂਹਾਨੀ ਖ਼ਜ਼ਾਇਨ, ਭਾਗ 12, ਪੰਨਾ-279)

ਹਜ਼ੂਰ ਅਲੈਹਿ ਸਲਾਮ ਨੇ ਇਸ ਦੀ ਲੋੜ ਉਪੱਰ ਚਾਨ੍ਹਣਾ

ਪਾਉਂਦਿਆਂ ਹੋਇਆਂ ਫ਼ਰਮਾਇਆ ਕਿ ਆਮ ਕਰਕੇ ਧਾਰਮਕ ਲੀਡਰ ਅਤੇ ਪਾਦਰੀ ਸਾਹਿਬਾਨ ਲੋਕਾਂ ਨੂੰ ਗ਼ਲਤ ਗੱਲਾਂ ਦਸਦੇ ਰਹਿੰਦੇ ਹਨ ਜਿਸ ਕਰਕੇ ਉਹਨਾਂ ਵਿੱਚ ਬੇਚੈਨੀ ਫੈਲਦੀ ਹੈ । ਆਪ ਫ਼ਰਮਾਉਂਦੇ ਹਨ ਕਿ :

''ਜੇਕਰ ਉਹਨਾ ਵਿੱਚ ਨੇਕ ਨੀਤੀ ਹੁੰਦੀ ਤਾਂ ਉਹ ਕੁਰਆਨ ਕਰੀਮ ਉਪੱਰ ਅਜਿਹੇ ਇਤਰਾਜ਼ ਨ ਕਰਦੇ ਜੋ ਮੂਸਾ ਦੀ ਤੌਰਾਤ ਉਪੱਰ ਵੀ ਹੋ ਸਕਦੇ ਹਨ। ਜੇਕਰ ਉਹਨਾਂ ਨੂੰ ਰੱਬ ਦਾ ਖ਼ੌਫ਼ ਹੁੰਦਾ ਤਾਂ ਉਹ ਇਹਨਾਂ ਕਿਤਾਬਾਂ ਨੂੰ ਇਤਰਾਜ਼ ਸਮੇਂ ਦਸਤਾਵੇਜ਼ ਨ ਬਣਾਉਂਦੇ ਜੋ ਮੁਸਲਮਾਨਾਂ ਅਨੁਸਾਰ ਅਪ੍ਰਮਾਣਿਤ ਅਤੇ ਵਿਸ਼ਵਸਨੀ ਸਚੱਾਈਆਂ ਤੋਂ ਸੱਖਣੀਆਂ ਹਨ । ਇਸ ਲਈ ਨਿਆ ਇਹੋ ਆਗਿਆ ਦਿੰਦਾ ਹੈ ਕਿ ਜੇਕਰ ਸਾਰਾ ਯੂਰੋਪ ਫ਼ਰਿਸ਼ਤਾ ਸਰੂਪ ਵੀ ਹੋਵੇ ਪਰ ਪਾਦਰੀ ਉਸ ਤੋਂ ਵੱਖਰੇ ਹਨ । ਯੂਰੋਪ ਦੇ ਈਸਾਈ ਜੋ ਇਸਲਾਮ ਨੂੰ ਨਫ਼ਰਤ ਤੇ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ । ਇਸ ਦਾ ਇਹੋ ਸਬਬ ਹੈ ਕਿ ਚਿਰ ਤੋਂ ਇਹੋ ਪਾਦਰੀ ਸਾਹਿਬਾਨ ਵਾਪਰੀਆਂ ਘਟਨਾਵਾਂ ਦੇ ਵਿਰੁਧ ਕਿੱਸਿਆਂ ਨੂੰ ਪੇਸ਼ ਕਰਕੇ ਨਿਰਾਦਰਤਾ ਦਾ ਪਾਠ ਦਿੰਦੇ ਆਏ ਹਨ।

ਹਾਂ, ਮੈਂ ਪਰਵਾਨ ਕਰਦਾ ਹਾਂ ਕਿ ਕੁਝ ਨਾ ਸਮਝ ਮੁਸਲਮਾਨਾਂ ਦਾ ਚਾਲ ਚਲਨ ਚੰਗਾ ਨਹੀਂ ਅਤੇ ਨਾਦਾਨੀ ਦੀਆਂ ਆਦਤਾਂ ਉਹਨਾਂ ਵਿੱਚ ਮੌਜੂਦ ਹਨ । ਜਿਵੇਂ ਕਿ ਕੁਝ ਵਹਿਸ਼ੀ ਮੁਸਲਮਾਨ ਅਤਿਆਚਾਰਕ ਕਾਰਵਾਈਆਂ ਦਾ ਨਾਂ ਜਿਹਾਦ ਰੱਖਦੇ ਹਨ ਅਤੇ ਉਹਨਾਂ ਨੂੰ ਖ਼ਬਰ ਨਹੀਂ ਕਿ ਪਰਜਾ ਦਾ ਨਿਆਕਾਰੀ ਬਾਦਸ਼ਾਹ ਨਾਲ ਟਕਰਾਉਣਾ ਬਗ਼ਾਵਤ ਅਖਵਾਉਂਦਾ ਹੈ ਨ ਕਿ ਜਿਹਾਦ । ਪ੍ਰਣ ਤੋੜਨਾ ਅਤੇ ਨੇਕੀ ਦੀ ਥਾਂ ਬਦੀ ਕਰਨਾ ਅਤੇ ਬੇਗੁਨਾਹਾਂ ਨੂੰ ਮਾਰਨਾ ਆਦਿ ਅਜਿਹਾ ਕਰਤਾ ਜ਼ਾਲਮ ਅਖਵਾਉਂਦਾ ਨ ਕਿ ਗ਼ਾਜ਼ੀ (ਆਨਦੋਲਨਕਾਰੀ) ...

ਰੱਬ ਦਾ ਕਲਾਮ ਅਤਿਆਚਾਰਕ ਤਲਵਾਰ ਚੁਕੱਣ ਵਾਲਿਆਂ ਲਈ ਤਲਵਾਰ ਦਾ ਦੰਡ ਵਰਨਣ ਕਰਦਾ ਹੈ ਨ ਕਿ ਅਮਨ ਕਾਇਮ ਕਰਨ ਵਾਲਿਆਂ, ਪ੍ਰਜਾਪਰਵਰੀ ਕਰਨ ਵਾਲਿਆਂ ਅਤੇ ਹਰ ਇਕ ਕੌਮ ਨੂੰ ਆਜ਼ਾਦੀ ਦੇ ਹੱਕ ਦੇਣ ਵਾਲਿਆਂ ਬਾਰੇ ਵਿਦਰੋਹ ਦੀ ਸਿੱਖਿਆ ਦਿੰਦਾ ਹੈ । ਰੱਬ ਦੇ

ਕਲਾਮ ਨੂੰ ਬਦਨਾਮ ਕਰਨਾ ਵਿਸ਼ਵਾਸਘਾਤੀ ਹੈ । ਇਸ ਲਈ ਮਨੁੱਖਾਂ ਦੀ ਭਲਾਈ ਲਈ ਇਹ ਗੱਲ ਅਤਿਅੰਤ ਯੋਗ ਹੈ ਕਿ ਭਾਰਤ ਦੀ ਮਲਕਾ ਵੱਲੋਂ ਧਰਮ ਦੀ ਅਸਲੀਯਤ ਪ੍ਰਕਾਸ਼ਤ ਕਰਨ ਲਈ ਸਰਬ ਧਰਮ ਸੰਮੇਲਨ ਹੋਵੇ।''

(ਤੁਹਫ਼ਾਏ ਕੈਸਰੀਯਾ, ਰੂਹਾਨੀ ਖ਼ਜ਼ਾਇਨ ਭਾਗ-12, ਪੰਨਾ 280-281)

## ਹਰ ਇਕ ਲਈ ਸਦਭਾਵਨਾ ਮਨੁੱਖਤਾ ਹੈ

ਆਪ ਫ਼ਰਮਾਉਂਦੇ ਹਨ ਕਿ, ''ਉਹ ਧਰਮ ਧਰਮ ਨਹੀਂ ਹੈ ਜਿਸ ਵਿੱਚ ਆਮ ਹਮਦਰਦੀ ਦੀ ਸਿੱਖਿਆ ਨ ਹੋਵੇ ਅਤੇ ਨ ਉਹ ਮਨੁੱਖ ਮਨੁੱਖ ਹੈ ਜਿਸ ਵਿੱਚ ਹਮਦਰਦੀ ਦਾ ਮਾਦਾ ਨ ਹੋਵੇ । ਸਾਡੇ ਰੱਬ ਨੇ ਕਿਸੇ ਕੌਮ ਨਾਲ ਫ਼ਰਕ ਨਹੀਂ ਕੀਤਾ । ਉਦਾਹਰਣਤਾ ਜੋ ਮਨੁੱਖੀ ਸ਼ਕਤੀਆਂ ਅਤੇ ਬਲ ਆਰਿਆ ਵਰਤ ਦੀਆਂ ਪੋਰਾਣਿਕ ਕੌਮਾ ਨੂੰ ਦਿੱਤੀਆਂ ਗਈਆਂ । ਉਹੋ ਸਾਰੀਆਂ ਸ਼ਕਤੀਆਂ ਅਰਬ ਵਾਸੀਆਂ, ਫ਼ਾਰਸੀਆਂ, ਸ਼ਾਮੀਆਂ, ਚੀਨੀਆਂ, ਜਾਪਨੀਆਂ, ਯੁਰੋਪੀਅਨ ਅਤੇ ਅਮਰੀਕਾ ਵਾਸੀਆਂ ਦੀਆਂ ਕੌਮਾਂ ਨੂੰ ਵੀ ਦਿੱਤੀਆਂ ਗਈਆਂ ਹਨ । ਸਾਰਿਆਂ ਲਈ ਰੱਬ ਦੀ ਧਰਤੀ ਧਰਾਤਲ ਦਾ ਕੰਮ ਕਰਦੀ ਹੈ ਅਤੇ ਸਾਰਿਆਂ ਲਈ ਉਸਦਾ ਸੂਰਜ, ਚੰਦਰਮਾ ਅਤੇ ਅਨੇਕਾਂ ਤਾਰੇ ਜਗਮਗਾਉਂਦੇ ਦੀਪਕ ਹਨ ਅਤੇ ਆਪਣਾ ਆਪਣਾ ਕਾਰਜ ਕਰ ਰਹੇ ਹਨ । ਆਪਣੀਆਂ ਦੂਜੀਆਂ ਸੇਵਾਵਾਂ ਵੀ ਪੂਰੀਆਂ ਕਰਦੇ ਹਨ । ਉਸਦੇ ਪੈਦਾ ਕੀਤੇ ਹੋਰ ਮੂਲ ਤੱਤ ਅਰਥਾਤ ਵਾਯੂ, ਪਾਣੀ, ਅੱਗ ਅਤੇ ਮਿੱਟੀ ਅਤੇ ਅਜਿਹਾ ਹੀ ਉਹ ਚੀਜ਼ਾ ਜਿਵੇਂ ਅਨਾਜ, ਫਲ ਤੇ ਜੜੀ ਬੂਟੀਆਂ ਆਦਿ ਨਾਲ ਸਾਰੀਆਂ ਕੌਮਾਂ ਲਾਭ ਉਠਾ ਰਹੀਆਂ ਹਨ । ਇਹ ਰੱਬਾਨੀ ਅਖ਼ਲਾਕ ਸਾਨੂੰ ਸਿੱਖਿਆ ਦਿੰਦੇ ਹਨ ਕਿ ਅਸੀਂ ਵੀ ਆਪਣੇ ਮਨੁੱਖੀ ਭਾਈਚਾਰੇ ਨਾਲ ਪ੍ਰੇਮ ਤੇ ਸਦਭਾਵਨਾ ਦੇ ਸਲੂਕ ਨਾਲ ਵਰਤੀਏ ਅਤੇ ਤੰਗ ਦਿਲ ਤੇ ਅਕ੍ਰਿਤਘਣ ਨ ਬਣੀਏ ।

ਮਿਤੱਰੋ !! ਯਕੀਨ ਜਾਣੋ ਕਿ ਅਸੀਂ ਦੋਵੇਂ ਕੌਮਾਂ ਵਿੱਚੋਂ ਕੋਈ ਕੌਮ ਰੱਬਾਨੀ ਅਖ਼ਲਾਕ ਦਾ ਮਾਣ ਨਹੀਂ ਕਰੇਗੀ ਅਤੇ ਉਸਦੇ ਪਾਕ ਆਚਰਣਾਂ ਦੇ

ਵਿਰੁਧ ਆਪਣਾ ਚਾਲ ਚਲਨ ਬਣਾਏਗੀ ਤਾਂ ਉਹ ਕੌਮ ਛੇਤੀ ਹੀ ਹਲਾਕ ਹੋ ਜਾਵੇਗੀ ਅਤੇ ਨ ਕੇਵਲ ਆਪਣੇ ਆਪ ਸਗੋਂ ਆਪਣੀ ਸੰਤਾਨ ਨੂੰ ਵੀ ਤਬਾਹੀ ਦੇ ਖੱਡ ਵਿੱਚ ਪਾਵੇਗੀ । ਜੱਦ ਤੋਂ ਇਹ ਦੁਨੀਆ ਬਣੀ ਹੈ ਸਾਰਿਆਂ ਦੇਸ਼ਾਂ ਦੇ ਸੁਮਾਰਗ ਦਰਸ਼ਕ ਇਹ ਗਵਾਹੀ ਦਿੰਦੇ ਆਏ ਹਨ ਕਿ ਰੱਬੀ ਅਖ਼ਲਾਕ ਦਾ ਪੈਰੋਕਾਰ ਹੋਣਾ ਮਨੁੱਖੀ ਜੀਵਨ ਲਈ ਇਕ ਅਮ੍ਰਿਤ ਹੈ ਅਤੇ ਮਨੁੱਖਾਂ ਦਾ ਸ਼ਰੀਰਕ ਤੇ ਆਤਮਕ ਜੀਵਨ ਇਸੇ ਗੱਲ ਨਾਲ ਸਲੰਗਤ ਹੈ ਕਿ ਉਹ ਰੱਬ ਦੇ ਸਾਰੇ ਪਵਿੱਤਰ ਅਖ਼ਲਾਕ ਦੀ ਪੈਰ੍ਹਵੀ ਕਰੇ ਜੋ ਸਲਾਮਤੀ ਦਾ ਸੋਮਾ ਹੈ ।

(ਪੈਗ਼ਾਮੇ ਸੁਲਾਹ, ਰੂਹਾਨੀ ਖ਼ਜ਼ਾਇਨ, ਭਾਗ 23, ਪੰਨਾ 439-440)

## ਕਿਸੇ ਮਕਬੂਲ ਪੈਗ਼ੰਬਰ ਅਤੇ ਮਕਬੂਲ ਇਲਹਾਮੀ ਕਿਤਾਬ ਦੀ ਤੌਹੀਨ ਨ ਕੀਤੀ ਜਾਵੇ

ਆਪਣੇ ਦੇਹਾਂਤ ਤੋਂ ਇਕ ਦਿਨ ਪਹਿਲਾਂ ਲਿਖੀ ਜਾਣ ਵਾਲੀ ਕਿਤਾਬ "ਪੈਗ਼ਾਮੇ ਸੁਲਾਹ" (ਮਿਲਾਪ ਸੰਦੇਸ਼) ਵਿੱਚ ਆਪ ਫ਼ਰਮਾਉਂਦੇ ਹਨ ਕਿ :

"ਅਜਿਹੇ ਨਾਜ਼ਕ ਸਮੇਂ ਇਹ ਲਿਖਾਰੀ ਆਪ ਨੂੰ ਸੁਲਾਹ (ਮਿਲਾਪ) ਲਈ ਬੁਲਾਉਂਦਾ ਹੈ ਜੱਦ ਕਿ ਦੋਹਾਂ ਕੌਮਾ ਨੂੰ ਸੁਲਾਹ ਦੀ ਬਹੁਤ ਲੋੜ ਹੈ । ਦੁਨੀਆ ਉਪੱਰ ਵੱਖ ਵੱਖ ਪ੍ਰਕਾਰ ਦੇ ਪ੍ਰਕੋਪ ਵਰਤ ਰਹੇ ਹਨ, ਭੁਚਾਲ ਆ ਰਹੇ ਹਨ, ਕਹਿਤ ਪੈ ਰਿਹਾ ਹੈ ਅਤੇ ਤਾਊਨ (ਪਲੇਗ) ਨੇ ਵੀ ਅਜੇ ਪਿੱਛਾ ਨਹੀਂ ਛੱਡਿਆ ਹੈ । ਰੱਬ ਨੇ ਜੋ ਕੁਝ ਮੈਨੂੰ ਖ਼ਬਰ ਦਿੱਤੀ ਹੈ ਉਹ ਵੀ ਇਹੋ ਹੈ ਕਿ ਜੇਕਰ ਦੁਨੀਆ ਆਪਣੇ ਕੁਕਰਮਾ ਤੋਂ ਨਹੀਂ ਮੁੜੀ ਅਤੇ ਭੈੜੇ ਕੰਮਾ ਤੋਂ ਤੋਬਾ ਨਹੀਂ ਕਰੇਗੀ ਤਾਂ ਦੁਨੀਆ ਉਪੱਰ ਕਰੜੇ ਪ੍ਰਕੋਪ ਆਉਣਗੇ ਅਤੇ ਅਜੇ ਇਕ ਬਲਾ ਟਲੀ ਨਹੀਂ ਹੋਵੇਗੀ ਕਿ ਦੂਜੀ ਪ੍ਰਗਟ ਹੋ ਜਾਵੇਗੀ । ਅੰਤ ਮਨੁੱਖ ਬਹੁਤ ਤੰਗ ਹੋ ਜਾਣਗੇ ਕਿ ਇਹ ਕੀ ਹੋਣ ਵਾਲਾ ਹੈ ਅਤੇ ਅਨੇਕਾਂ ਹੀ ਇਹਨਾ ਬਲਾਵਾਂ ਵਿੱਚ ਫੱਸ ਕੇ ਪਾਗਲਾਂ ਵਾਂਗ ਹੋ ਜਾਣਗੇ । ਇਸ ਲਈ ਹਮਵਤਨ

ਵਾਸੀਓ ! ਇਸ ਤੋਂ ਪਹਿਲਾਂ ਕਿ ਉਹ ਦਿਨ ਆਉਣ ਹੁਸ਼ਿਆਰ ਹੋ ਜਾਓ । ਅਤੇ ਚਾਹੀਦਾ ਹੈ ਕਿ ਹਿੰਦੂ ਤੇ ਮੁਸਲਮਾਨ ਆਪੋ ਵਿੱਚ ਸੁਲਾਹ ਕਰ ਲੈਣ ਅਤੇ ਜਿਸ ਕੌਮ ਵਿੱਚ ਕੋਈ ਵਧੀਕੀ ਹੈ ਜੋ ਸੁਲਾਹ ਵਿੱਚ ਰੋਕ ਹੋਵੇ । ਉਸ ਵਧੀਕੀ ਨੂੰ ਉਹ ਕੌਮ ਛੱਡ ਦੇਵੇ ਨਹੀਂ ਤਾਂ ਆਪੋ ਵਿੱਚ ਵੈਰ ਵਿਰੋਧ ਦਾ ਸਾਰਾ ਪਾਪ ਉਸ ਦੀ ਕੌਮ ਦੇ ਸਿਰ ਹੋਵੇਗਾ ।

ਜੇਕਰ ਕੋਈ ਕਹੇ ਕਿ ਇਹ ਕਿਵੇਂ ਹੋ ਸਕਦਾ ਹੈ ਮਿਤੱਰਤਾ ਹੋ ਜਾਵੇ ਜੱਦ ਕਿ ਆਪਸੀ ਮਤਿਭੇਦ ਮਿਤੱਰਤਾ ਲਈ ਇਕ ਅਜਿਹੀ ਰੋਕ ਹੈ ਜੋ ਪ੍ਰਤੀ ਦਿਨ ਮਨਾਂ ਵਿੱਚ ਫੁੱਟ ਪਾਉਂਦਾ ਜਾਂਦਾ ਹੈ । ਮੈਂ ਇਸ ਦੇ ਉੱਤਰ ਵਿਚ ਇਹ ਕਹਾਂਗਾ ਕਿ ਵਾਸਤਵ ਵਿੱਚ ਧਾਰਮਕ ਮਤਿਭੇਦ ਕੇਵਲ ਉਸ ਮਤਿਭੇਦ ਦਾ ਨਾਂ ਹੈ ਜਿਸਦੀ ਦੋਹਾਂ ਵੱਲੋਂ ਅਕਲ, ਨਿਆਂ ਅਤੇ ਅਵਲੋਕਨ ਸਬਬ ਹੋਵੇ । ਨਹੀਂ ਤਾਂ ਮਨੁੱਖ ਨੂੰ ਇਸੇ ਗੱਲ ਲਈ ਹੀ ਤਾਂ ਅਕਲ ਦਿੱਤੀ ਗਈ ਹੈ ਕਿ ਉਹ ਅਜਿਹਾ ਪੱਖ ਅਪਣਾਵੇ ਜੋ ਅਕਲ ਅਤੇ ਨਿਆਂ ਤੋਂ ਦੂਰ ਨ ਹੋਵੇ ਅਤੇ ਅਵਲੋਕਨ ਦੇ ਅਨੁਭਵ ਦੇ ਵਿਰੁਧ ਨ ਹੋਵੇ । ਨਿੱਕੇ ਨਿੱਕੇ ਮਤਿਭੇਦ ਸੁਲਾਹ (ਮਿਲਵਰਤਨ) ਲਈ ਰੋਕ ਨਹੀਂ ਬਣ ਸਕਦੇ । ਸਗੋਂ ਕੇਵਲ ਉਹੋ ਮਤਿਭੇਦ ਸੁਲਾਹ ਦੀ ਰੋਕ ਹੋਵੇਗਾ ਜਿਸ ਵਿੱਚ ਕਿਸੇ ਮਕਬੂਲ ਪੈਗ਼ੰਬਰ ਅਤੇ ਮਕਬੂਲ ਇਲਹਾਮੀ ਕਿਤਾਬ ਉਪੱਰ ਤੌਹੀਨ ਅਤੇ ਝੂਠ ਨਾਲ ਹਮਲਾ ਕੀਤਾ ਜਾਵੇ।''

(ਪੈਗ਼ਾਮੇ ਸੁਲਾਹ, ਰੂਹਾਨੀ ਖ਼ਜ਼ਾਇਨ ਭਾਗ 23, ਪੰਨਾ 444)

''ਹੇ, ਮਿਤੱਰੋ !! ਕਦੀਮੀ ਤਜਰਬਿਆਂ ਅਤੇ ਵਾਰ ਵਾਰ ਦੀਆਂ ਪਰਖਾਂ ਨੇ ਇਸ ਗੱਲ ਨੂੰ ਸਿੱਧ ਕਰ ਦਿੱਤਾ ਹੈ ਕਿ ਵੱਖ ਵੱਖ ਕੌਮਾ ਦੇ ਨਬੀਆਂ, ਰਸੂਲਾਂ ਤੇ ਅਵਤਾਰਾਂ ਨੂੰ ਤੌਹੀਨ ਨਾਲ ਚੇਤੇ ਕਰਨਾ ਅਤੇ ਓਹਨਾਂ ਨੂੰ ਗਾਲ੍ਹਾਂ ਕਢੱਣਾ ਇਕ ਅਜਿਹਾ ਵਿਸ਼ ਹੈ ਕਿ ਨ ਕੇਵਲ ਅੰਤ ਨੂੰ ਸ਼ਰੀਰ ਨੂੰ ਮਾਰ ਮੁਕਾਉਂਦਾ ਹੈ ਸਗੋਂ ਆਤਮਾ ਨੂੰ ਵੀ ਨਸ਼ਟ ਕਰਕੇ ਧਰਮ ਤੇ ਸੰਸਾਰ ਦੋਹਾਂ ਨੂੰ ਤਬਾਹ ਕਰਦਾ ਹੈ । ਉਹ ਦੇਸ਼ ਆਰਾਮ ਨਾਲ ਜੀਵਨ ਨਹੀਂ ਲੰਘਾ ਸਕਦਾ ਜਿਸਦੇ ਬਸ਼ਿੰਦੇ ਇਕ ਦੂਜੇ ਦੇ ਧਰਮ ਦੇ ਰਾਹਬਰਾਂ (ਮਾਰਗ ਦਰਸ਼ਕਾਂ) ਦੇ ਐਬ ਫ਼ਰੋਲਨ ਤੇ ਨਾਂ ਰੋਲ੍ਹਣ ਵਿੱਚ ਲੀਨ ਹਨ । ਉਹਨਾ ਕੌਮਾਂ

ਵਿੱਚ ਕਦੇ ਵੀ ਸੱਚੀ ਏਕਤਾ ਨਹੀਂ ਹੋ ਸਕਦੀ, ਜਿੰਨ੍ਹਾ ਵਿੱਚ ਇਕ ਕੌਮ ਜਾਂ ਦੋਵੇਂ ਇਕ ਦੂਜੇ ਦੇ ਨਬੀ, ਰਿਸ਼ੀ ਅਤੇ ਅਵਤਾਰ ਨੂੰ ਬਦੀ ਜਾਂ ਕੁਬੋਲਾਂ ਨਾਲ ਚੇਤੇ ਕਰਦੇ ਰਹਿੰਦੇ ਹਨ । ਆਪਣੇ ਨਬੀ ਜਾਂ ਪੇਸ਼ਵਾਂ ਦੀ ਹਤੱਕ (ਬੇ ਅਦਬੀ) ਸੁਣ ਕੇ ਕਿਸ ਨੂੰ ਜੋਸ਼ ਨਹੀਂ ਆਉਂਦਾ । ਵਿਸ਼ੇਸ਼ ਕਰਕੇ ਮੁਸਲਮਾਨ ਇਕ ਅਜੇਹੀ ਕੌਮ ਹੈ ਕਿ ਉਹ ਭਾਵੇਂ ਆਪਣੇ ਨਬੀ ਨੂੰ ਰੱਬ ਜਾਂ ਰੱਬ ਦਾ ਪੁਤੱਰ ਤਾਂ ਨਹੀਂ ਬਣਾਉਂਦੀ ਪਰ ਆਪ ਨੂੰ ਉਹਨਾਂ ਸਾਰਿਆਂ ਮਹਾਪੁਰਸ਼ਾਂ ਤੋਂ ਮਹਾਤਮਾ ਜਾਣਦੇ ਹਨ ਜੋ ਕਿ ਮਾਂ ਦੀ ਕੁੱਖੋਂ ਪੈਦਾ ਹੋਏ । ਇਸ ਲਈ ਇਕ ਸੱਚੇ ਮੁਸਲਮਾਨ ਨਾਲ ਸੁਲਾਹ ਕਰਨਾ ਕਿਸੇ ਵੀ ਅਵਸਥਾ ਵਿੱਚ ਸਿਵਾਏ ਇਸ ਢੰਗ ਦੇ, ਸੰਭਵ ਨਹੀਂ ਕਿ ਉਹਨਾਂ ਦੇ ਪਾਕ ਨਬੀ ਬਾਰੇ ਜੱਦ ਗੱਲ ਹੋਵੇ ਤਾਂ ਸਿਵਾਏ ਸਮੱਾਨ ਤੇ ਪਾਕ ਸ਼ਬਦਾਂ ਦੇ ਚੇਤੇ ਨ ਕੀਤਾ ਜਾਵੇ ।

ਅਤੇ ਅਸੀਂ ਲੋਕ ਦੂਸਰੀਆਂ ਕੌਮਾਂ ਦੇ ਨਬੀਆਂ ਬਾਰੇ ਕਦੇ ਵੀ ਬਦ ਜ਼ੁਬਾਨੀ ਨਹੀਂ ਵਰਤਦੇ । ਸਗੋਂ ਅਸੀਂ ਇਹੋ ਆਸਥਾ ਰੱਖਦੇ ਹਾਂ ਕਿ ਦੁਨੀਆਂ ਵਿੱਚ ਜਿੰਨ੍ਹੇ ਵੀ ਵੱਖ ਵੱਖ ਕੌਮਾਂ ਵਿੱਚ ਨਬੀ ਆਏ ਹਨ ਅਤੇ ਕਰੋੜ੍ਹਾਂ ਲੋਕਾਂ ਨੇ ਉਹਨਾਂ ਨੂੰ ਮਨ ਲਿਆ ਹੈ ਅਤੇ ਦੁਨੀਆ ਦੇ ਕਿਸੇ ਇਕ ਭਾਗ ਵਿੱਚ ਉਹਨਾਂ ਲਈ ਪ੍ਰੇਮ ਤੇ ਸਦਭਾਵਨਾ ਕਾਇਮ ਹੋ ਗਈ ਹੈ ਅਤੇ ਇਕ ਲੰਮੇ ਸਮਾਂ ਉਸ ਪ੍ਰੇਮ ਤੇ ਆਸਥਾ ਉਪੱਰ ਲੰਘ ਗਿਆ ਹੈ ਤਾਂ ਬਸ ਇਹੋ ਇਕ ਦਲੀਲ ਉਹਨਾਂ ਦੀ ਸਚੱਾਈ ਲਈ ਬਹੁਤ ਹੈ ਕਿਉਂਕਿ ਜੇਕਰ ਉਹ ਰੱਬ ਵੱਲੋਂ ਨ ਹੁੰਦੇ ਤਾਂ ਉਹ ਇਹ ਪ੍ਰਸਿੱਧੀ ਕਰੋੜ੍ਹਾਂ ਮਨਾ ਵਿਚ ਨ ਫੈਲਦੀ । ਰੱਬ ਆਪਣੇ ਮਕਬੂਲ ਬੰਦਿਆਂ ਨਾਲ ਕਿਸੇ ਹੋਰ ਨੂੰ ਕਦੇ ਵੀ ਨਹੀਂ ਦਿੰਦਾ ਅਤੇ ਕੋਈ ਝੂਠਾ ਉਹਨਾਂ ਦੀ ਕੁਰਸੀ ਉਪੱਰ ਬੈਠਣਾ ਚਾਹੇ ਤਾਂ ਛੇਤੀ ਹੀ ਤਬਾਹ ਹੁੰਦਾ ਤੇ ਹਲਾਕ ਕੀਤਾ ਜਾਂਦਾ ਹੈ ।'' (ਪੈਗ਼ਾਮੇ ਸੁਲਾਹ, ਰੂਹਾਨੀ ਖ਼ਜ਼ਾਇਨ, ਭਾਗ 23, ਪੰਨਾ 452)

## ਸੁਲਾਹ (ਮਿਲਵਰਤਨ) ਵਿੱਚ ਭਲਾਈ ਹੈ

ਆਪ ਵਧੇਰੇ ਫ਼ਰਮਾਉਂਦੇ ਹਨ ਕਿ : ''ਪਿਆਰੋ !! ਮਿਲਵਰਤਨ

ਜਿਹੀ ਕੋਈ ਸ਼ੈ ਨਹੀਂ । ਆਓ ਅਸੀਂ ਇਸ ਪ੍ਰਣ ਰਾਹੀਂ ਇਕ ਹੋ ਜਾਈਏ ਅਤੇ ਇਕ ਕੌਮ ਬਣ ਜਾਈਏ । ਆਪ ਸਾਰੇ ਦੇਖਦੇ ਹੋ ਕਿ ਆਪਸੀ ਝੂਠ ਦੇ ਸਬਬ ਕਿੰਨ੍ਹੀ ਫੁੱਟ ਪੈ ਗਈ ਹੈ ਅਤੇ ਦੇਸ਼ ਨੂੰ ਕਿੰਨ੍ਹਾ ਹਾਣ ਪਹੁੰਚ ਰਿਹਾ ਹੈ । ਆਓ ਹੁਣ ਇਹ ਵੀ ਪਰਖ ਲਓ ਕਿ ਆਪਸੀ ਸਚੱਾਈ ਕਿੰਨ੍ਹੀ ਬਰਕਤਾਂ ਭਰਪੂਰ ਹੈ। ਸੁਲਾਹ (ਮਿਲਵਰਤਨ) ਦਾ ਸਭ ਤੋਂ ਚੰਗਾ ਢੰਗ ਇਹੋ ਹੈ । ਨਹੀਂ ਤਾਂ ਕਿਸੇ ਹੋਰ ਪੱਖੋਂ ਸੁਲਾਹ ਕਰਨਾ ਅਜਿਹਾ ਹੀ ਹੈ ਜਿਵੇਂ ਕਿ ਇਕ ਘਾਓ ਨੂੰ ਜੋ ਸਾਫ਼ ਤੇ ਲਿਸ਼ਕਦਾ ਦਿਖਾਈ ਦਿੰਦਾ ਹੈ ਉਸੇ ਅਵਸਥਾ ਵਿੱਚ ਛੱਡ ਦੇਈਏ ਅਤੇ ਉਸਦੀ ਜ਼ਾਹਰੀ ਚਮਕ ਉੱਤੇ ਖ਼ੁਸ਼ ਹੋ ਜਾਈਏ। ਜੱਦ ਕਿ ਉਸ ਦੇ ਭੀਤਰ ਸੜ੍ਹੀ ਹੋਈ ਅਤੇ ਬਦਬੂਦਾਰ ਪੀਪ ਮਜੂਦ ਹੈ।''

(ਪੈਗ਼ਾਮੇ ਸੁਲਾਹ, ਰੂਹਾਨੀ ਖ਼ਜ਼ਾਇਨ, ਭਾਗ 23, ਪੰਨਾ 456)

## ਧਰਮ ਦਾ ਮੂਲ ਮੰਤਵ

ਪੈਗ਼ਾਮੇ ਸੁਲਾਹ ਵਿੱਚ ਹੀ ਆਪ ਫ਼ਰਮਾਉਂਦੇ ਹਨ ਕਿ : ''ਧਰਮ ਇਹ ਹੈ ਕਿ ਰੱਬ ਦੀਆਂ ਲਾਈਆਂ ਰੋਕਾਂ ਤੋਂ ਪਰਹੇਜ਼ ਕਰਨਾ ਅਤੇ ਉਸਦੀ ਰਜ਼ਾ ਉਪੱਰ ਚਲਣਾ ਅਤੇ ਉਸ ਦੀ ਸਾਰੀ ਮਖ਼ਲੂਕ ਨਾਲ ਨੇਕੀ ਤੇ ਭਲਾਈ ਕਰਨੀ ਅਤੇ ਸਦਭਾਵਨਾ ਨਾਲ ਪੇਸ਼ ਆਉਣਾ ਅਤੇ ਦੁਨੀਆ ਦੇ ਸਾਰੇ ਪਾਕ ਨਬੀਆਂ ਤੇ ਰਸੂਲਾਂ ਨੂੰ ਆਪਣੇ ਆਪਣੇ ਸਮੇਂ ਵਿੱਚ ਰੱਬ ਵੱਲੋਂ ਨਬੀ ਤੇ ਸੁਧਾਰਕ ਮਨ੍ਹਣਾ ਅਤੇ ਉਹਨਾਂ ਵਿੱਚ ਮਤਿਭੇਦ ਨ ਕਰਨਾ । ਹਰ ਇਕ ਮਨੁੱਖ ਨਾਲ ਸੇਵਾ ਭਾਵਨਾਂ ਨਾਲ ਪੇਸ਼ ਆਉਣਾ । ਸਾਡੇ ਧਰਮ ਦਾ ਇਹੋ ਸਾਰ ਹੈ । ਪਰ ਜੋ ਲੋਕ ਨਾਹੱਕ ਹੀ ਰੱਬ ਤੋਂ ਬੇਖ਼ੌਫ਼ ਹੋਕੇ ਸਾਡੇ ਮਹਾਤਮਾ ਨਬੀ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਨੂੰ ਭੈੜੇ ਸ਼ਬਦਾਂ ਨਾਲ ਯਾਦ ਕਰਦੇ ਅਤੇ ਆਪ ਜੀ ਉਪੱਰ ਨਾਪਾਕ ਤੁਹਮਤਾਂ ਲਾਉਂਦੇ ਅਤੇ ਬਦਜ਼ੁਬਾਨੀ ਤੋਂ ਨਹੀਂ ਮੁੜਦੇ ਹਨ । ਉਹਨਾਂ ਤੋਂ ਅਸੀਂ ਕਿਵੇਂ ਸੁਲਾਹ ਕਰੀਏ । ਮੈਂ ਸੱਚ ਸੱਚ ਕਹਿੰਦਾ ਹਾਂ ਕਿ ਅਸੀਂ ਧਰਤੀ ਦੇ ਸੱਪਾਂ ਜੰਗਲਾਂ ਦੇ ਭੇੜੀਏ ਨਾਲ ਸੁਲਾਹ

ਕਰ ਸਕਦੇ ਹਾਂ, ਪਰ ਉਹਨਾਂ ਲੋਕਾਂ ਨਾਲ ਅਸੀਂ ਸੁਲਾਹ ਨਹੀਂ ਕਰ ਸਕਦੇ ਜੋ ਸਾਡੇ ਪਿਆਰੇ ਨਬੀ ਸਲਲੱਹੁ ਅਲੈਹਿ ਵਸਲੱਮ ਉਪੱਰ ਜੋ ਸਾਨੂੰ ਆਪਣੀ ਜਾਨ ਅਤੇ ਮਾਂਪਿਆਂ ਤੋਂ ਵੀ ਵੱਧ ਪਿਆਰਾ ਹੈ ਨਾਪਾਕ ਹਮਲੇ ਕਰਦੇ ਹਨ । ਰੱਬ ਸਾਨੂੰ ਇਸਲਾਮ'ਤੇ ਮੌਤ ਦੇਵੇ, ਅਸੀਂ ਅਜਿਹਾ ਕੰਮ ਨਹੀ ਕਰਨਾ ਚਾਹੁੰਦੇ ਜਿਸ ਵਿੱਚ ਈਮਾਨ ਜਾਂਦਾ ਰਹੇ । ...

ਅਤਿਅੰਤ ਦੁੱਖ ਨਾਲ ਹਾਹ ਭਰਦਿਆਂ ਹੋਇਆਂ ਮੈਂਨੂੰ ਆਖਣਾ ਪੈ ਰਿਹਾ ਹੈ ਕਿ ਇਸਲਾਮ ਉਹ ਪਾਕ ਤੇ ਮਿਲਵਰਤਨ ਵਾਲਾ ਧਰਮ ਹੈ ਜਿਸਨੇ ਕਿਸੇ ਧਰਮ ਦੇ ਪੇਸ਼ਵਾ ਉਪੱਰ ਹਮਲਾ ਨਹੀਂ ਕੀਤਾ ਅਤੇ ਕੁਰਆਨ ਕਰੀਮ ਉਹ ਮਾਨਯੋਗ ਕਿਤਾਬ ਹੈ ਜਿਸਨੇ ਕੌਮਾ ਵਿੱਚ ਸੁਲਾਹ ਦੀ ਨੀਂਹ ਪਾਈ ਅਤੇ ਹਰ ਇਕ ਕੌਮ ਦੇ ਨਬੀ ਨੂੰ ਮਨ ਲਿਆ ਅਤੇ ਸਾਰੀ ਦੁਨੀਆ ਵਿੱਚ ਇਹ ਵਿਸ਼ੇਸ਼ ਫ਼ਖ਼ਰ ਕੇਵਲ ਕੁਰਆਨ ਕਰੀਮ ਨੂੰ ਹੀ ਪ੍ਰਾਪਤ ਹੈ । ਜਿਸਨੇ ਦੁਨੀਆ ਬਾਰੇ ਸਾਨੂੰ ਇਹ ਸਿੱਖਿਆ ਦਿੱਤੀ ਕਿ

لَا نُفَرِّقُ بَيْنَ اَحَدٍ مِّنْهُمْ ۖ وَنَحْنُ لَهٗ مُسْلِمُوْنَ ○ (سورۃ البقرہ، آیت ۱۳۷)

ਲਾ ਨੁਫ਼ੱਰੇਕੁ ਬੈਨਾ ਅਹਾਦਿੰਮ ਮਿਨਹੁਮ ਵ ਨਹਨੁ ਲਹੂ ਮੁਸਲਿਮੂਨ ।

(ਸੂਰਤ ਅਲਬਕਰਹ ਆਇਤ 137)

ਅਰਥਾਤ ਹੇ, ਮੁਸਲਮਾਨੋਂ ! ਇਹ ਕਹੋ ਕਿ ਅਸੀਂ ਦੁਨੀਆ ਦੇ ਸਾਰੇ ਨਬੀਆਂ ਉਪੱਰ ਈਮਾਨ ਲਿਆਉਂਦੇ ਹਾਂ ਅਤੇ ਉਹਨਾਂ ਵਿੱਚ ਅੰਤਰ ਨਹੀਂ ਕਰਦੇ ਕਿ ਕੁਝ ਨੂੰ ਮਨੀਏ ਅਤੇ ਕੁਝ ਨੂੰ ਛੱਡ ਦੇਈਏ । ਜੇਕਰ ਅਜਿਹੇ ਮਿਲਵਰਤਨ ਵਾਲੀ ਕੋਈ ਹੋਰ ਇਲਹਾਮੀ ਕਿਤਾਬ ਹੈ ਤਾਂ ਉਸਦਾ ਨਾਂ ਲਓ । ਕੁਰਆਨ ਸ਼ਰੀਫ਼ ਨੇ ਰੱਬ ਦੀ ਆਮ ਰਹਿਮਤ ਨੂੰ ਕਿਸੇ ਪਰਿਵਾਰ ਨਾਲ ਵਿਸ਼ੇਸ਼ ਨਹੀਂ ਕੀਤਾ । ਇਸਰਾਈਲੀ ਪਰਿਵਾਰ ਦੇ ਜਿੰਨ੍ਹੇ ਨਬੀ ਸਨ ਕੀ ਯਾਕੂਬ ਅਤੇ ਕੀ ਇਸਹਾਕ, ਕੀ ਮੂਸਾ, ਕੀ ਦਾਊਦ ਅਤੇ ਕੀ ਈਸਾ ਸਾਰਿਆਂ ਦੀ ਨਬੁਵੱਤ ਨੂੰ ਮਨ ਲਿਆ । ਅਤੇ ਹਰ ਕੌਮ ਦੇ ਨਬੀ ਫਿਰ ਭਾਂਵੇਂ ਭਾਰਤ ਵਿੱਚ ਲੰਘੇ ਹੋਣ ਜਾਂ ਫਾਰਸ ਵਿੱਚ, ਕਿਸੇ ਨੂੰ ਮਕੱਾਰ ਜਾਂ ਝੂਠਾ ਨਹੀਂ ਕਿਹਾ, ਸਗੋਂ ਸਪਸ਼ਟ ਤੌਰ'ਤੇ ਕਹਿ ਦਿੱਤਾ ਕਿ ਹਰ ਇਕ ਕੌਮ ਅਤੇ ਹਰ ਇਕ ਨਗਰੀ ਵਿੱਚ ਨਬੀ

ਲੰਘੇ ਹਨ । ਅਤੇ ਸਾਰੀਆਂ ਕੌਮਾਂ ਲਈ ਸੁਲਾਹ ਦੀ ਨੀਂਹ ਪਾਈ । ਪਰ ਦੁੱਖ ਦੀ ਗੱਲ ਹੈ ਇਸ ਸੁਲਾਹ ਦੇ ਨਬੀ ਨੂੰ ਹਰ ਇਕ ਕੌਮ ਗਾਲ੍ਹ ਕਢੱਦੀ ਹੈ ਅਤੇ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦੀ ਹੈ ।

ਹੇ ! ਮੇਰੇ ਵਤਨ ਦੇ ਪਿਆਰਿਓ !! ਮੈਂ ਇਹ ਬਿਆਨ ਆਪ ਦੀ ਸੇਵਾ ਵਿੱਚ ਇਸ ਲਈ ਨਹੀਂ ਕੀਤਾ ਕਿ ਮੈਂ ਆਪ ਨੂੰ ਦੁਖ ਦਿਆਂ ਜਾਂ ਆਪ ਦਾ ਮਨ ਦੁਖਾਵਾਂ, ਸਗੋਂ ਅਤਿਅੰਤ ਨੇਕ ਨੀਤੀ ਨਾਲ ਇਹ ਬਿਨਤੀ ਕਰਨਾ ਚਾਹੁੰਦਾ ਹਾਂ ਕਿ ਜਿੰਨ੍ਹਾ ਕੌਮਾ ਨੇ ਇਹ ਵਿਵਹਾਰ ਬਣਾ ਲਿਆ ਹੈ ਅਤੇ ਇਹ ਨਜਾਇਜ਼ ਢੰਗ ਆਪਣੇ ਧਰਮ ਵਿੱਚ ਅਪਣਾ ਲਿਆ ਹੈ ਕਿ ਦੂਸਰੀਆਂ ਕੌਮਾ ਦੇ ਨਬੀਆਂ ਨੂੰ ਬਦਗ਼ੋਈ ਤੇ ਅਪਸ਼ਬਦਾਂ ਰਾਹੀਂ ਯਾਦ ਕਰਨਾ ਹੈ । ਉਹ ਨ ਕੇਵਲ ਵਿਅਰਥ ਹੀ ਦਖ਼ਲਾ ਕਰਦੇ ਹਨ ਸਗੋਂ ਉਹਨਾਂ ਕੋਲ ਕੋਈ ਸਬੂਤ ਵੀ ਨਹੀਂ ਹੈ । ਉਹ ਰੱਬ ਦੇ ਅਪਰਾਧੀ ਹਨ । ਸਗੋਂ ਉਹ ਇਸ ਪਾਪ ਦੇ ਵੀ ਅਪਰਾਧੀ ਹਨ ਮਨੁੱਖਾਂ ਵਿੱਚ ਘ੍ਰਿਣਾ ਤੇ ਦੁਸ਼ਮਨੀ ਦਾ ਬੀ ਬੀਜਦੇ ਹਨ । ਆਪ ਮਨ ਬਨ੍ਹ ਕੇ ਠਰ੍ਹਮੇ ਨਾਲ ਮੈਨੂੰ ਇਸ ਗੱਲ ਦਾ ਉਤੱਰ ਦਿਓ ਕਿ ਜੇਕਰ ਕੋਈ ਕਿਸੇ ਮਨੁੱਖ ਦੇ ਬਾਪ ਨੂੰ ਗਾਲ੍ਹ ਕੱਢੇ, ਉਸਦੀ ਮਾਂ ਉਪੱਰ ਕੋਈ ਊਝ ਲਾਵੇ ਤਾਂ ਕੀ ਉਹ ਆਪਣੇ ਬਾਪ ਦੇ ਮਾਣ ਉਪੱਰ ਆਪ ਹਮਲਾ ਨਹੀਂ ਕਰਦਾ। ਕੀ ਉਹ ਮਨੁੱਖ ਜਿਸਦੇ ਬਾਪ ਨੂੰ ਗਾਲ੍ਹ ਕੱਢੀ ਗਈ ਹੈ ਉਤੱਰ ਵਿੱਚ ਉਸੇ ਪ੍ਰਕਾਰ ਗਾਲ੍ਹਾਂ ਕੱਢ ਦੇਵੇ ਤਾਂ ਕੀ ਇਹ ਆਖਣਾ ਬੇ ਮੌਕਾ ਹੋਵੇਗਾ ਕਿ ਟਾਕਰੇ'ਤੇ ਗਾਲ੍ਹਾਂ ਕਢੱਣ ਦਾ ਵਾਸਤਵ ਵਿੱਚ ਉਹੋ ਮਨੁੱਖ ਸਬਬ ਹੋਵੇਗਾ, ਜਿਸਨੇ ਗਾਲ੍ਹ ਦੇਣ ਵਿੱਚ ਪਹਿਲ ਕੀਤੀ ਅਤੇ ਇਸ ਅਵਸਥਾ ਵਿੱਚ ਉਹ ਆਪ ਆਪਣੇ ਬਾਪ ਤੇ ਮਾਂ ਦੇ ਮਾਣ ਦਾ ਖ਼ੁੱਦ ਦੁਸ਼ਮਣ ਹੋਵੇਗਾ ।"

(ਪੈਗ਼ਾਮੇ ਸੁਲਾਹ, ਰੂਹਾਨੀ ਖ਼ਜ਼ਾਇਨ, ਭਾਗ 23, ਪੰਨਾ 458-460)

## ਤੌਬਾ ਕਰੋ ਤਾਂ ਜੋਂ ਆਫ਼ਤਾਂ ਤੋਂ ਬਚੋ

ਹਜ਼ਰਤ ਬਾਨੀ ਜਮਾਤ ਅਹਮਦੀਆ ਮਿਰਜ਼ਾ ਗ਼ੁਲਾਮ ਅਹਮਦ

ਕਾਦੀਆਨੀ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

"ਯਾਦ ਰਹੇ ਕਿ ਖ਼ੁਦਾ ਨੇ ਮੈਨੂੰ ਆਮ ਤੌਰ 'ਤੇ ਭੁਚਾਲਾ ਦੀ ਖ਼ਬਰ ਦਿੱਤੀ ਹੈ । ਇਸ ਲਈ ਯਕੀਨ ਜਾਣੋ ਕਿ ਜਿਵੇਂ ਕਿ ਭਵਿੱਖਬਾਣੀ ਅਨੁਸਾਰ ਅਮਰੀਕਾ ਵਿੱਚ ਭੁਚਾਲ ਆਏ ਅਜਿਹਾ ਹੀ ਯੂਰੋਪ ਵਿੱਚ ਵੀ ਆਏ ਅਤੇ ਏਸ਼ੀਆ ਦੇ ਵੱਖ ਵੱਖ ਥਾਵਾਂ ਉਪੱਰ ਵੀ ਆਉਣਗੇ ਅਤੇ ਕਈ ਉਹਨਾਂ ਵਿੱਚ ਪਰਲੈ ਦਾ ਨਮੂਨਾ ਹੋਣਗੇ ਅਤੇ ਐਨ੍ਹੀ ਮੌਤ ਹੋਵੇਗੀ ਰਕਤ ਦੀਆਂ ਨਹਿਰਾਂ ਵੱਗ ਤੁਰਨਗੀਆਂ । ਇਸ ਮੌਤ ਤੋਂ ਪਸ਼ੂ ਪੰਛੀ ਵੀ ਬਾਹਰ ਨਹੀਂ ਹੋਣਗੇ ਅਤੇ ਧਰਤੀ ਉਪੱਰ ਐਨ੍ਹੀ ਕਠੋਰ ਤਬਾਹੀ ਆਵੇਗੀ ਕਿ ਇਸ ਦਿਨ ਤੋਂ ਪਹਿਲਾਂ ਜੱਦ ਤੋਂ ਮਨੁੱਖ ਪੈਦਾ ਹੋਇਆ ਹੈ ਅਜਿਹੀ ਤਬਾਹੀ ਕਦੇ ਨਹੀਂ ਦੇਖੀ ਹੋਵੇਗੀ । ਅਧਿਕਤਰ ਅਸਥਾਨ ਹੇਠ ਉਪੱਰ ਹੋ ਜਾਣਗੇ ਸੰਭਵਤਾ ਉਹਨਾਂ ਵਿੱਚ ਕੋਈ ਆਬਾਦੀ ਹੀ ਨਹੀਂ ਸੀ । ਇਸ ਦੇ ਨਾਲ ਹੀ ਹੋਰ ਕਈ ਔਕੜਾਂ ਧਰਤੀ ਤੇ ਆਕਾਸ਼ ਵਿੱਚ ਭਿਆਨਕ ਰੂਪ ਧਾਰ ਲੈਣਗੀਆਂ ਇੱਥੋਂ ਤੱਕ ਕਿ ਹਰ ਇਕ ਸੂਝਵਾਨ ਦੀ ਦ੍ਰਿਸ਼ਟੀ ਵਿੱਚ ਉਹ ਗੱਲਾਂ ਅਚੰਭੇ ਵਾਲੀਆਂ ਹੋ ਜਾਣਗੀਆਂ ਅਤੇ ਭੁਗੋਲ ਤੇ ਫ਼ਲਸਫ਼ੇ ਦੀਆਂ ਕਿਤਾਬਾਂ ਦੇ ਕਿਸੇ ਪੰਨੇ ਉਪੱਰ ਉਹਨਾਂ ਦਾ ਕੁਝ ਪਤਾ ਨਹੀਂ ਲੱਗੇਗਾ । ਉਸ ਸਮੇਂ ਮਨੁੱਖਾਂ ਵਿੱਚ ਬੇਚੈਨੀ ਪੈਦਾ ਹੋਵੇਗੀ ਕਿ ਇਹ ਕੀ ਹੋਣ ਵਾਲਾ ਹੈ । ਅਨੇਕਾਂ ਹੀ ਮੁਕਤੀ ਪਾਉਣ ਗੇ ਅਤੇ ਅਨੇਕਾਂ ਹੀ ਹਲਾਕ ਹੋ ਜਾਣਗੇ । ਉਹ ਦਿਨ ਨੇੜੇ ਹਨ ਸਗੋਂ ਮੈਂ ਦੇਖਦਾ ਹਾਂ ਕਿ ਬੂਹੇ ਉਪੱਰ ਹਨ ਕਿ ਦੁਨੀਆ ਇਕ ਕਯਾਮਤ ਦਾ ਨਜ਼ਾਰਾ ਦੇਖੇਗੀ । ਅਤੇ ਨ ਕੇਵਲ ਭੁਜਾਲ ਹੀ ਆਉਣਗੇ ਸਗੋਂ ਹੋਰ ਵੀ ਡਰਾਉਣ ਵਾਲੀਆਂ ਆਫ਼ਤਾਂ ਪ੍ਰਗਟ ਹੋਣਗੀਆਂ ਕੁਝ ਆਕਾਸ਼ ਰਾਹੀਂ ਅਤੇ ਕੁਝ ਧਰਤੀ ਵਿੱਚੋਂ । ਇਹ ਇਸ ਲਈ ਕਿ ਮਨੁੱਖ ਨੇ ਆਪਣੇ ਖ਼ੁਦਾ ਦੀ ਪ੍ਰਸਤਿਸ਼ ਛੱਡ ਦਿੱਤੀ ਹੈ ਅਤੇ ਸੰਪੂਰਨ ਤੱਨੇ ਮੱਨੇਂ ਤੇ ਜੋਸ਼ ਤੇ ਵਿਚਾਰਾਂ ਨਾਲ ਦੁਨੀਆ ਉਪੱਰ ਹੀ ਡਿੱਗ ਪਏ ਹਨ । ਜੇਕਰ ਮੈਂ ਨ ਆਇਆ ਹੁੰਦਾ ਤਾਂ ਇਹਨਾਂ ਬਲਾਵਾਂ (ਮੁਸੀਬਤਾਂ) ਵਿੱਚ ਕੁਝ ਦੇਰ ਹੋ ਜਾਂਦੀ ਪਰ ਮੇਰੇ ਆਉਣ ਨਾਲ ਰੱਬ ਦੇ ਗ਼ਜ਼ਬ ਦੇ ਉਹ ਲੁਕੇ ਹੋਏ ਨਿਸ਼ਚੇ ਜੋ ਇਕ ਲੰਮੇ ਸਮੇਂ ਤੋਂ ਲੁਕੇ ਹੋਏ ਸਨ ਪ੍ਰਗਟ ਹੋ ਗਏ । ਜਿਵੇਂ ਕਿ

ਖ਼ੁਦਾ ਨੇ ਫ਼ਰਮਾਇਆ :

وَمَا كُنَّا مُعَذِّبِيْنَ حَتّٰى نَبْعَثَ رَسُوْلًا ○

(سورۃ بنی اسرائیل آیت ١٦)

**ਵਮਾ ਕੁੰਨਾ ਮੁਅੱਜ਼ੇਬੀਨਾ ਹੱਤਾ ਨਬਆਸਾ ਰਸੂਲਾ ।**

**(ਸੂਰਤ ਬਨੀ ਇਸਰਾਈਲ, ਆਇਤ 16)**

**ਅਤੇ ਤੌਬਾ ਕਰਨ ਵਾਲੇ ਅਮਨ ਪਾਉਣ ਗੇ ਅਤੇ ਉਹ ਜੋ ਔਕੁੜਾਂ ਤੋਂ ਪਹਿਲਾਂ ਡਰਦੇ ਹਨ ਉਹਨਾਂ 'ਤੇ ਰਹਿਮ ਕੀਤਾ ਜਾਵੇਗਾ । ਕੀ ਤੁਸੀਂ ਵਿਚਾਰ ਕਰਦੇ ਹੋ ਕਿ ਤੁਸੀਂ ਇਹਨਾਂ ਭੁਚਾਲਾਂ ਤੋਂ ਸੁਰੱਖਿਅਤ ਰਹੋਗੇ ਜਾਂ ਤੁਸੀਂ ਆਪਣੀਆਂ ਵਿਉਂਤਾਂ ਰਾਹੀਂ ਆਪਣੇ ਆਪ ਨੂੰ ਬਚਾ ਸਕਦੇ ਹੋ? ਕਦੇ ਵੀ ਨਹੀਂ । ਮਨੁੱਖੀ ਕਾਰਜਾਂ ਦਾ ਉਸ ਦਿਨ ਅੰਤ ਹੋਵੇਗਾ ਇਹ ਵਿਚਾਰ ਨ ਕਰੋ ਕਿ ਅਮਰੀਕਾ ਆਦਿ ਵਿੱਚ ਸਖ਼ਤ ਭੁਚਾਲ ਆਏ ਅਤੇ ਤੁਹਾਡਾ ਦੇਸ਼ ਉਹਨਾਂ ਤੋਂ ਸੁਰੱਖਿਅਤ ਹੈ । ਮੈਂ ਦੇਖਦਾ ਹਾਂ ਕਿ ਸੰਭਵਤਾ ਤੁਸੀਂ ਉਹਨਾਂ ਤੋਂ ਵੱਧ ਮੁਸੀਬਤਾਂ ਦਾ ਮੂੰਹ ਦੇਖੋਗੇ । ਹੇ, ਯੁਰੋਪ ਤੂੰ ਵੀ ਅਮਨ ਵਿੱਚ ਨਹੀਂ ਅਤੇ ਹੇ, ਏਸ਼ੀਆ ! ਤੂੰ ਵੀ ਸੁਰੱਖਿਅਤ ਨਹੀਂ । ਅਤੇ ਹੇ, ਟਾਪੂਆਂ ਦੇ ਰਹਿਣ ਵਾਲਿਓ! ਕੋਈ ਬਣਾਉਟੀ ਰੱਬ ਤੁਹਾਡੀ ਸਹਾਇਤਾ ਨਹੀਂ ਕਰੇਗਾ । ਮੈਂ ਸ਼ਹਿਰਾਂ ਨੂੰ ਢਹਿੰਦਿਆਂ ਹੋਇਆਂ ਦੇਖਦਾ ਹਾਂ ਅਤੇ ਬਸਤੀਆਂ ਨੂੰ ਉਜੱੜਦਿਆਂ ਪਾਉਂਦਾ ਹਾਂ। ਉਹ ਵਾਹਿਦ ਲਾ ਸ਼ਰੀਕ ਰੱਬ ਇਕ ਲੰਮੇ ਸਮੇਂ ਤੱਕ ਚੁਪ ਰਿਹਾ ਅਤੇ ਉਸ ਦੀਆਂ ਅੱਖਾਂ ਸਾਹਮਣੇ ਮਕਰੂਹ ਕੰਮ ਕੀਤੇ ਗਏ ਅਤੇ ਉਹ ਚੁੱਪ ਰਿਹਾ । ਪਰ ਹੁਣ ਉਹ ਆਪਣਾ ਡਰਾਉਣਾ ਮੁੱਖ ਦਿਖਾਏਗਾ, ਜਿਸ ਦੇ ਕੰਨ ਸੁਨਣ ਯੋਗ ਹੋਣ ਉਹ ਸੁਣੇ ਕਿ ਉਹ ਸਮਾਂ ਦੂਰ ਨਹੀਂ । ਮੈਂ ਜਤਨ ਕੀਤਾ ਕਿ ਰੱਬ ਦੇ ਅਮਾਨ ਹੇਠ ਸਾਰਿਆਂ ਨੂੰ ਇਕਤੱਰ ਕਰਾਂ, ਪਰ ਜ਼ਰੂਰੀ ਸੀ ਕਿ ਭਾਗ ਦਾ ਲਿੱਖਿਆ ਪੂਰਾ ਹੁੰਦਾ । ਮੈਂ ਸੱਚ ਸੱਚ ਕਹਿੰਦਾ ਹਾਂ ਕਿ ਇਸ ਦੇਸ਼ ਦੀ ਵਾਰੀ ਵੀ ਨੇੜੇ ਆਉਂਦੀ ਜਾਂਦੀ ਹੈ । ਨੂਹ ਦਾ ਜ਼ਮਾਨਾ ਤੁਹਾਡੀਆਂ ਅੱਖਾਂ ਸਾਹਮਣੇ ਆ ਜਾਵੇਗਾ ਅਤੇ ਲੂਤ ਦੀ ਧਰਤੀ ਦੀ ਘਟਨਾ ਤੁਸੀਂ ਆਪਣੀਆਂ ਅੱਖਾਂ ਨਾਲ ਦੇਖ ਲਓਗੇ । ਪਰ ਰੱਬ ਕਰੋਪੀ ਪਾਉਣ ਵਿੱਚ ਧੀਮਾ ਹੈ । ਤੌਬਾ ਕਰੋ**

ਤਾਂ ਜੋ ਤੁਹਾਡੇ 'ਤੇ ਰਹਿਮ ਕੀਤਾ ਜਾਵੇ । ਜੋ ਰੱਬ ਨੂੰ ਛੱਡਦਾ ਹੈ ਉਹ ਇਕ ਕੀੜਾ ਹੈ ਨ ਕਿ ਮਨੁੱਖ ਅਤੇ ਜੋ ਉਸ ਤੋਂ ਨਹੀਂ ਡਰਦਾ ਉਹ ਮੁਰਦਾ ਹੈ ਨ ਕਿ ਜੀਉਂਦਾ ।"

(ਹਕੀਕਾਤੁਲ ਵਹੀ, ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 268-269)

## ਇਸਲਾਮ ਦੀ ਗੁੰਮ ਹੋਈ ਮਹਾਨਤਾ ਦੀ ਮੁੜ ਸਥਾਪਨਾ ਲਈ ਅਵਸ਼ ਹੈ ਕਿ ਮਸੀਹ ਮਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਭਾਗ ਲੈਕੇ ਜਤਨ ਕੀਤਾ ਜਾਵੇ

ਇਸ ਲਈ ਅੱਜ ਧਰਮ ਦੇ ਮੁੜ ਵਸੇਬੇ ਲਈ ਇਸਲਾਮ ਦੀ ਅਲੋਪ ਹੋਈ ਮਹਾਨਤਾ, ਸ਼ਾਨ ਤੇ ਮਰਿਯਾਦਾ ਨੂੰ ਪਰਤਾ ਲਿਆਉਣ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਬਚਾਓ ਵਿੱਚ ਖੜੇ ਹੋਣ ਲਈ ਅਲੱਾਹ ਤਆਲਾ ਨੇ ਜਿਸ ਨਿਰਭਏ ਨੂੰ ਨਿਯੁਕਤ ਕੀਤਾ ਹੈ ਉਸ ਦੇ ਪਿੱਛੇ ਚਲੱਣ ਨਾਲ ਅਤੇ ਉਸਦੇ ਦਰਸ਼ਾਏ ਹੋਏ ਚਮਤਕਾਰਾਂ ਅਤੇ ਦਲੀਲਾਂ ਨਾਲ ਜੋ ਉਸਨੂੰ ਰੱਬ ਨੇ ਦੱਸੀਆਂ ਹਨ ਅਤੇ ਉਸ ਦੀ ਸਿੱਖਿਆ ਉਪੱਰ ਅਮਲ ਕਰਕੇ ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਝੰਡਾ ਪੂਰੀ ਚਮਕ ਦਮਕ ਤੇ ਮਾਨ ਸਮੱਾਨ ਨਾਲ ਦੁਨੀਆ ਵਿੱਚ ਲਹਿਰਾਏਗਾ । ਇੰਸ਼ਾਅਲੱਾਹ । ਅਤੇ ਲਹਿਰਾਉਂਦਾ ਰਹੇਗਾ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਸ ਯੁੱਗ ਦੀ ਮਹਾਨਤਾ ਵਰਨਣ ਕਰਦਿਆਂ ਹੋਇਆਂ ਲੋਕਾਂ ਨੂੰ ਧਿਆਨ ਦੁਆਉਂਦੇ ਹੋਏ ਫ਼ਰਮਾਉਂਦੇ ਹਨ ਕਿ ਇਸ ਦਾ ਸਾਰ ਇਹ ਹੈ ਕਿ ਇਸਲਾਮ ਉਪੱਰ ਕਿੰਨ੍ਹੇ ਔਖੇ ਦਿਨ ਹਨ। ਇਸ ਲਈ ਰੱਬ ਨੇ ਇਕ ਜਮਾਤ ਬਣਾਈ ਜੋ ਅਲੋਪ ਹੋਈ ਮਹਾਨਤਾ ਨੂੰ ਮੁੜ ਉਜਾਗਰ ਕਰੇਗਾ । ਇਸ ਲਈ ਮੁਸਲਮਾਨਾਂ ਨੂੰ ਫ਼ਰਮਾਇਆ ਕਿ

ਹੁਣ ਆਪਣਾ ਹੱਠ ਛੱਡ ਦਿਓ ਅਤੇ ਗ਼ੌਰ ਕਰੋ ਕਿ ਕੀ ਅਲੱਾਹ ਤਆਲਾ ਅਜਿਹੀ ਅਵਸਥਾ ਵਿਚੱ ਵੀ ਕਿ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਦੇ ਪਿੱਤਰ ਵਜੂਦ ਉਪੱਰ ਹਰ ਪਾਸਿਓਂ ਹਮਲੇ ਹੋ ਰਹੇ ਹਨ, ਉਹਨਾਂ ਦੇ ਸਮੱਾਨ ਨੂੰ ਕਾਇਮ ਕਰਨ ਦੇ ਜੋਸ਼ ਵਿੱਚ ਨਹੀਂ ਆਇਆ ਜੱਦ ਕਿ ਉਹ ਦੁਰੂਦ ਭੇਜਦਾ ਹੈ ? ਸ਼ਬਦ ਇਸ ਪ੍ਰਕਾਰ ਹਨ ਕਿ ਫ਼ਰਮਾਇਆ :

‘‘ਇਹ ਯੁੱਗ ਕਿੰਨਾ ਮੁਬਾਰਕ ਯੁੱਗ ਹੈ ਕਿ ਰੱਬ ਨੇ ਇਹਨਾ ਦੁੱਖਾਂ ਭਰੇ ਦਿਨਾਂ ਦੇ ਗੇੜਿਆਂ ਵਿੱਚ ਕੇਵਲ ਆਪਣੀ ਮਿਹਰ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਮਹਾਨਤਾ ਦਰਸ਼ਾਉਣ ਲਈ ਇਹ ਪਾਕ ਨਿਸ਼ਚਾ ਕੀਤਾ ਕਿ ਗ਼ੈਬ ਰਾਹੀਂ ਇਸਲਾਮ ਦੀ ਸਹਾਇਤਾ ਲਈ ਪ੍ਰਬੰਧ ਕੀਤਾ ਅਤੇ ਇਕ ਜਮਾਤ ਨੂੰ ਕਾਇਮ ਕੀਤਾ । ਮੈਂ ਲੋਕਾਂ ਨੂੰ ਪੁਛੱਣਾ ਚਾਹੁੰਦਾ ਹਾਂ ਜੋ ਆਪਣੇ ਮਨ ਵਿੱਚ ਇਸਲਾਮ ਲਈ ਦਰਦ ਰੱਖਦੇ ਹਨ ਅਤੇ ਉਸਦਾ ਮਾਨ ਤੇ ਮਹੱਤਾ ਉਹਨਾਂ ਦੇ ਮਨਾਂ ਵਿੱਚ ਹੈ । ਉਹ ਦਸੱਣ ਕਿ ਕੀ ਕੋਈ ਸਮਾਂ ਇਸ ਯੁੱਗ ਤੋਂ ਵੱਧ ਕੇ ਇਸਲਾਮ ਉਪੱਰ ਲੰਘਿਆ ਹੈ ਜਿਸ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮੱ ਦਾ ਐਨਾ ਨਿਰਾਦਰ, ਕੁਬੋਲ ਅਤੇ ਅਪਮਾਨ ਕੀਤਾ ਗਿਆ ਹੋਵੇ ਅਤੇ ਕੁਰਆਨ ਕਰੀਮ ਦੀ ਬੇਅਦਬੀ ਹੋਈ ਹੋਵੇ? ਫਿਰ ਮੈਨੂੰ ਮੁਸਲਮਾਨਾਂ ਦੀ ਹਾਲਤ ਉਪੱਰ ਅਤਿਅੰਤ ਦੁੱਖ ਅਤੇ ਮਨੋਂ ਚਿੰਤਾ ਹੁੰਦੀ ਹੈ ਅਤੇ ਕਈ ਵਾਰ ਇਹਨਾਂ ਕਸ਼ਟਾਂ ਕਰਕੇ ਅਤਿਅੰਤ ਦੁਖੀ ਹੁੰਦਾ ਹਾਂ ਕਿ ਇਹਨਾਂ ਵਿੱਚ ਐਨ੍ਹੀ ਵੀ ਹਿੱਸ ਬਾਕੀ ਨਹੀਂ ਰਹੀ ਕਿ ਇਸ ਅਪਮਾਨ ਤੇ ਬੇਅਦਬੀ ਨੂੰ ਅਨੁਭਵ ਕਰਨ । ਕੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਕੁਝ ਵੀ ਮਾਣ ਰੱਬ ਨੂੰ ਪਰਵਾਨ ਨਹੀਂ ਸੀ ਕਿ ਉਹ ਐਨ੍ਹੀ ਨਿਰਾਦਰੀ ਤੇ ਬੇਅਦਬੀ ਮਗਰੋਂ ਵੀ ਉਹ ਕੋਈ ਆਕਾਸ਼ੀ ਨਿਰਣਾ ਨਾ ਕਰਦਾ ਅਤੇ ਇਹਨਾਂ ਇਸਲਾਮ ਦੇ ਵਿਰੋਧੀਆਂ ਦਾ ਮੂੰਹ ਬੰਦ ਕਰਕੇ ਆਪਦੀ ਮਹਾਨਤਾ, ਵੱਡਿਆਈ ਤੇ ਪਵਿਤੱਰਤਾ ਨੂੰ ਦੁਨੀਆਂ ਵਿੱਚ ਫੈਲਾਉਂਦਾ । ਜੱਦ ਕਿ ਆਪ ਅਲੱਾਹ ਤਆਲਾ ਤੇ ਉਸਦੇ ਫ਼ਰਿਸ਼ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਦੁਰੂਦ ਭੇਜਦੇ ਹਨ ਕਿ ਇਸ ਤੌਹੀਨ ਦੇ ਸਮੇਂ ਉਸਦੀ

ਸਿਫ਼ਤ ਸਲਾਹ ਕਿੰਨ੍ਹੀ ਲੋੜੀਂਦੀ ਹੈ । ਇਸਦਾ ਪ੍ਰਦਰਸ਼ਨ ਰੱਬ ਨੇ ਇਸ ਜਮਾਤ ਦੇ ਰੂਪ ਵਿੱਚ ਕੀਤਾ ਹੈ ।''

(ਮਲਫ਼ੂਜ਼ਾਤ, ਭਾਗ-3, ਪੰਨਾ-8-9, ਐਡੀਸ਼ਨ 2003)

ਇਹ ਵਾਕ ਦੇਖੋ ਕਿ ਇਸ ਪ੍ਰਕਾਰ ਜਮਾਤ ਅਹਮਦੀਆ ਉਪੱਰ ਬਹੁਤ ਵੱਡੀ ਜ਼ਿੰਮੇਦਾਰੀ ਪੈਂਦੀ ਹੈ ਜੋ ਆਪਣੇ ਆਪ ਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਵੱਲ ਮਿਥੱਦੇ ਹਨ ।

ਇਸ ਲਈ ਜਿੱਥੇ ਅਜਿਹੇ ਸਮੇਂ ਵਿੱਚ ਜੱਦ ਕਿ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਦੇ ਵਿਰੁਧ ਇਕ ਬੇਅਦਬੀ ਦਾ ਹੜ੍ਹ ਮਚਿਆ ਹੋਇਆ ਹੈ ਅਵਸ਼ ਹੀ ਰੱਬ ਦੇ ਫ਼ਰਿਸ਼ਤੇ ਆਪ ਉਪੱਰ ਦੁਰੂਦ ਭੇਜਦੇ ਹੋਣਗੇ, ਭੇਜ ਰਹੇ ਹੋਣਗੇ, ਭੇਜ ਰਹੇ ਹਨ । ਸਾਡਾ ਵੀ ਫ਼ਰਜ਼ ਹੈ ਜਿੰਨ੍ਹਾ ਨੇ ਆਪਣੇ ਆਪ ਨੂੰ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਦੇ ਇਸ ਸੱਚੇ ਪ੍ਰੇਮੀ ਅਤੇ ਸਮੇਂ ਦੇ ਇਮਾਮ (ਆਗੂ) ਦੀ ਜਮਾਤ ਨਾਲ ਸੰਬੰਧਤ ਕੀਤਾ ਹੋਇਆ ਹੈ ਆਪਣੀਆਂ ਦੁਆਵਾਂ ਨੂੰ ਦੁਰੂਦ ਰਾਹੀਂ ਸੱਚੇ ਮਨੋਂ ਵਾਤਾਵਰਣ ਵਿੱਚ ਇੰਨ੍ਹਾ ਹਾਰਦਕ ਸੋਜ਼ ਤੇ ਸਿਦਕ ਖਿਲਾਰ ਦੇਣ ਕਿ ਫ਼ਿਜਾ ਦਾ ਕਣ ਕਣ ਮਹਿਕ ਉੱਠੇ ਅਤੇ ਸਾਡੀਆਂ ਸਾਰੀਆਂ ਦੁਆਵਾਂ ਇਸ ਦੁਰੂਦ ਰਾਹੀਂ ਰੱਬ ਦੇ ਦਰ ਵਿੱਚ ਪਹੁੰਚਕੇ ਪਰਵਾਣ ਹੋਣ ਵਾਲੀਆਂ ਹੋਣ । ਇਹ ਹੈ ਉਸ ਪਿਆਰ ਤੇ ਪ੍ਰੇਮ ਦਾ ਪ੍ਰਗਟਾਵਾ ਜੋ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਹੋਣਾ ਚਾਹੀਦਾ ਹੈ ਅਤੇ ਆਪਦੇ ਵੰਸ਼ ਨਾਲ ਹੋਣਾ ਚਾਹੀਦਾ ਹੈ । ਅਲੱਾਹ ਤਆਲਾ ਮੁਸਲਮਾਨ ਉਮੱਤ ਨੂੰ ਵੀ ਅਕਲ ਦੇਵੇ, ਸੂਝ ਬੂਝ ਪ੍ਰਦਾਨ ਕਰੇ ਕਿ ਰੱਬ ਇਸ ਘੱਲੇ ਹੋਏ (ਮਹਾਪੁਰੁਸ਼) ਨੂੰ ਪਛਾਨਣ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਇਸ ਰੂਹਾਨੀ ਵੰਸ਼ਜ ਦੀ ਜਮਾਤ ਵਿੱਚ ਸਾਮਲ ਹੋਣ, ਜੋ ਮਿਲਵਰਤਨ, ਅਮਨ, ਅਤੇ ਪ੍ਰੇਮ ਦੇ ਵਾਤਾਵਰਣ ਨੂੰ ਮੁੜ ਦੁਨੀਆ ਵਿੱਚ ਪੈਦਾ ਕਰਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਅਸਥਾਨ ਨੂੰ ਹੋਰ ਉੱਚਾ ਕਰ ਰਿਹਾ ਹੈ । ਰੱਬ ਉਹਨਾਂ ਲੋਕਾਂ ਨੂੰ ਵੀ ਅਕਲ ਦੇਵੇ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਵੱਲ

ਮਿੱਥਦਿਆਂ ਹੋਇਆਂ ਵੀ ਚੋਦਾਂ ਸੌ ਸਾਲ ਬਾਦ ਵੀ ਇਸੇ ਮੁਹਰੱਮ ਦੇ ਮਹੀਨੇ ਵਿੱਚ ਜੱਦ ਕਿ ਮੁਹਰੱਮ ਦਾ ਮਹੀਨਾ ਚੱਲ ਰਿਹਾ ਹੈ ਅਤੇ ਇਸੇ ਧਰਤੀ ਵਿੱਚ ਫਿਰ ਮੁਸਲਮਾਨ ਮੁਸਲਮਾਨ ਦਾ ਰਕਤ ਵਹਾ ਰਿਹਾ ਹੈ, ਪਰ ਸਿੱਖਿਆ ਕੋਈ ਨਹੀਂ ਲੈਂਦਾ ਅਤੇ ਹੁਣ ਤੱਕ ਰਕਤ ਵਹਾਉਂਦੇ ਜਾ ਰਹੇ ਹਨ । ਰੱਬ ਉਹਨਾਂ ਨੂੰ ਅਕਲ ਦੇਵੇ ਅਤੇ ਇਸ ਕਾਰਜ ਤੋਂ ਬਾਜ਼ ਆਉਣ ਅਤੇ ਆਪਣੇ ਮਨ ਵਿੱਚ ਰੱਬ ਦਾ ਖੌਫ਼ ਪੈਦਾ ਕਰਨ ਅਤੇ ਇਸਲਾਮ ਦੀ ਸੱਚੀ ਸਿੱਖਿਆ ਉਪੱਰ ਅਮਲ ਕਰਨ ਵਾਲੇ ਹੋਣ। ਇਹ ਸਭ ਕੁਝ ਜੋ ਇਹ ਕਰ ਰਹੇ ਹਨ ਵਰਤਮਾਨ ਸਮੇਂ ਦੇ ਇਮਾਮ ਨੂੰ ਨ ਪਛਾਨਣ ਕਰਕੇ ਹੋ ਰਿਹਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਹੁਕੁਮ ਦੇ ਇਨਕਾਰੀ ਹੋਣ ਦੇ ਸਬਬ ਹੋ ਰਿਹਾ ਹੈ ।

ਸੋ, ਅੱਜ ਹਰ ਅਹਮਦੀ ਦੀ ਜ਼ਿੰਮੇਦਾਰੀ ਹੈ, ਬਹੁਤ ਵੱਡੀ ਜ਼ਿੰਮੇਦਾਰੀ ਹੈ ਕਿ ਜਿਸਨੇ ਵਰਤਮਾਨ ਸਮੇਂ ਦੇ ਇਮਾਮ ਨੂੰ ਪਛਾਣਿਆਂ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਦੇ ਜਜ਼ਬੇ ਕਰਕੇ ਬਹੁਤ ਅਧਿਕ ਦੁਰੂਦ ਪੜ੍ਹਨ, ਦੁਆਵਾਂ ਕਰਨ, ਆਪਣੇ ਲਈ ਵੀ ਅਤੇ ਦੂਜਿਆਂ ਮੁਸਲਮਾਨਾਂ ਲਈ ਵੀ ਤਾਂ ਜੋ ਰੱਬ ਮੁਸਲਮਾਨ ਉਮੱਤ ਨੂੰ ਤਬਾਹੀ ਤੋਂ ਬਚਾ ਲਏ ।

ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਨਾਲ ਪ੍ਰੇਮ ਦੀ ਮੰਗ ਇਹ ਹੈ ਕਿ ਅਸੀਂ ਆਪਣੀਆਂ ਦੁਆਵਾਂ ਵਿੱਚ ਮੁਸਲਿਮ ਉਮੱਤ ਨੂੰ ਬਹੁਤ ਥਾਂ ਦੇਈਏ । ਗ਼ੈਰਾਂ ਦੇ ਇਰਾਦੇ ਠੀਕ ਨਹੀਂ ਹਨ । ਅਜੇ ਕੁਝ ਪਤਾ ਨਹੀਂ ਕਿ ਕਿਹੜੇ ਕਿਹੜੇ ਕਸ਼ਟਾਂ, ਔਕੜਾਂ ਅਤੇ ਮੁਸੀਬਤਾਂ ਵਿੱਚ ਇਹਨਾਂ ਲੋਕਾਂ ਨੇ ਗ੍ਰੱਸਿਆ ਜਾਣਾ ਹੈ ਅਤੇ ਇਹਨਾਂ ਮੁਸਲਮਾਨਾਂ ਨੂੰ ਸਾਹਮਣਾ ਕਰਨਾ ਪੈਣਾ ਹੈ ਅਤੇ ਕੀ ਕੀ ਮਨਸੂਬੇ ਇਹਨਾਂ ਦੇ ਵਿਰੁਧ ਹੋ ਰਹੇ ਹਨ । ਅਲੱਾਹ ਹੀ ਰਹਿਮ ਕਰੇ ।

ਰੱਬ ਸਾਨੂੰ ਹਮੇਸ਼ਾਂ ਸੁਮਾਰਗ ਉਪੱਰ ਚਲੱਣ ਦਾ ਬਲ ਬਖ਼ਸ਼ਦਾ ਰਹੇ। ਰੱਬ ਦੇ ਅਸੀਂ ਧੰਨਵਾਦੀ ਹੋਈਏ ਅਤੇ ਉਸਦਾ ਧੰਨਵਾਦ ਕਰੀਏ ਕਿ ਉਸਨੇ ਸਾਨੂੰ ਵਰਤਮਾਨ ਸਮੇਂ ਦੇ ਇਮਾਮ ਨੂੰ ਮਨਣ ਦਾ ਬੱਲ ਬਖ਼ਸ਼ਿਆ ਹੈ।

ਅਤੇ ਹੁਣ ਉਸਨੂੰ ਮਨੱਣ ਦੇ ਬਾਦ ਉਸਦਾ ਹੱਕ ਨਿਭਾਉਣ ਦਾ ਵੀ ਬੱਲ ਪ੍ਰਦਾਨ ਕਰੇ ਅਤੇ ਸਦਾ ਹੀ ਆਪਣੀ ਰਜ਼ਾ ਦੇ ਮਾਰਗਾਂ ਉਪੱਰ ਚਲੱਣ ਵਾਲਾ ਬਣਾਏ ।''

(ਖ਼ੁਤਬਾ ਜੁੱਮਾ 24 ਫ਼ਰਵਰੀ, 2006, ਮਸਜਿਦ ਬੈਤੁਲ ਫ਼ੁਤੂਹ, ਲੰਦਨ. ਬ ਹਵਾਲਾ ਉਸਵਾਏ ਰਸੂਲਸ.ਅ.ਵ. ਔਰ ਖ਼ਾਕੋਂ ਕੀ ਹਕੀਕਤ ਪੰਨਾ 62-65)

## ਵਿਸ਼ਵਵਿਆਪੀ ਅਹਮਦੀਆ ਮੁਸਲਿਮ ਜਮਾਤ
## ਦੇ ਵਰਤਮਾਨ ਪੰਜਵੇਂ ਰੂਹਾਨੀ ਖ਼ਲੀਫ਼ਾ

# ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ

## ਦੇ 21 ਸਤੰਬਰ 2012 ਈ. ਦੇ ਜੁੱਮੇ ਦੇ ਖ਼ੁਤਬੇ
## ਅਤੇ ਪ੍ਰੈਸ ਕਾਨਫ਼੍ਰੰਸ ਉਪੱਰ
## ਅੰਤਰ ਰਾਸ਼ਟਰੀ ਮੀਡੀਆ ਦੇ ਤਬਸਰੇ

**ਬਿਸਮਿਲੱਾ ਹਿਰੱਹਮਾਨ ਨਿਰੱਹੀਮ**

**ਪ੍ਰੈਸ ਡੈਸਕ ਲੰਡਨ**
**22 ਸਤੰਬਰ, 2012.**

## ਮੁਸਲਮਾਨਾਂ ਦੇ ਵਿਸ਼ਵਵਿਆਪੀ ਰਹਿਨੁਮਾ ਦਾ ਇਸਲਾਮ ਵਿਰੋਧੀ ਫ਼ਿਲਮ ਦਾ ਖੰਡਨ

ਵਿਸ਼ਵਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਰਹਿਨੁਮਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਫ਼ਰਮਾਇਆ ਹੈ ਕਿ ਮੁਸਲਮਾਨਾਂ ਦਾ ਗੁੱਸੇ ਹੋਣਾ ਪੂਰਨ ਰੂਪ ਵਿੱਚ ਉਚਿਤ ਹੈ ਪਰ ਤਸ਼ਦੱਦ ਭਰੇ ਪ੍ਰਤੀਕ੍ਰਮ ਦਾ ਖੰਡਨ ਕੀਤਾ ਜਾਣਾ ਚਾਹੀਦਾ ਹੈ । ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ ਦੇ ਵਰਤਮਾਨ ਰਹਿਨੁਮਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਸਾਰੀ ਦੁਨੀਆ ਦੇ ਮੁਸਲਮਾਨਾ ਦੇ ਜਜ਼ਬਿਆਂ ਨੂੰ ਢਾਹ ਲਾਉਣ ਵਾਲੀ ਫਿਲਮ ਇੰਨੋਸੈਂਸ ਆਫ਼ ਮੁਸਲਿਮ (Innocence of Muslims) ਦੇ ਖ਼ਿਲਾਫ਼ ਸ਼ਾਂਤੀ ਪੂਰਨ ਢੰਗ ਨਾਲ ਇਹਤਿਜਾਜ ਕਰਨ ਲਈ ਪੂਰੀ ਦੁਨੀਆ ਦੇ ਮੁਸਲਮਾਨਾ ਨੂੰ ਇਕਜੁਟ ਹੋਣ ਦੇ ਉਪਦੇਸ਼ ਦਿੱਤੇ । ਆਪ ਨੇ ਸਲਾਹ ਦਿੱਤੀ ਕਿ ਵਿਚਾਰਾਂ (ਜ਼ਮੀਰ) ਦੀ ਸੁਤੰਰਤਾ ਦੇ ਪ੍ਰਗਟਾਵੇ ਲਈ ਹੱਦਬੰਦੀ ਨਿਰਧਾਰਤ ਹੋਣੀ ਚਾਹੀਦੀ ਹੈ ਤਾਂ ਜੋ ਸਾਰਿਆਂ ਦੇ ਧਾਰਮਕ ਜਜ਼ਬਿਆਂ ਦੀ ਸੁਰੱਖਿਆ ਹੋ ਸਕੇ ।

ਆਪਣੇ ਸਪਤਾਹਕ ਖ਼ੁਤਬੇ ਵਿੱਚ ਜੋ ਆਪਨੇ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ 21 ਸਤੰਬਰ 2012 ਨੂੰ ਦਿੱਤਾ, ਆਪ ਨੇ ਫ਼ਰਮਾਇਆ ਕਿ ਪੂਰੀ ਦੁਨੀਆ ਦੇ ਮੁਸਲਮਾਨਾਂ ਨੂੰ ਇਸ ਫਿਲਮ ਅਤੇ ਪ੍ਰਸਿੱਧ ਫ਼੍ਰਾਂਸੀਸੀ ਪਤਰਿਕਾ ਵੱਲੋਂ ਰਸੂਲੇ ਕਰੀਮ[ਸ.ਅ.ਵ.] ਦੇ ਚਿਤੱਰ ਮੁੜ ਛਾਪਣ ਦੇ ਨਿਰਣੈ ਤੋਂ

ਬਹੁਤ ਦੁੱਖ ਪਹੁੰਚਿਆ ਹੈ ।

ਮੀਡੀਆ ਦੇ ਨੁਮਾਇੰਦੇ ਜਿੰਨ੍ਹਾ ਵਿੱਚ ਬੀ.ਬੀ.ਸੀ ਨਿਊਜ਼, ਬੀ.ਬੀ.ਸੀ. ਨਿਊਜ਼ ਨਾਈਟ, ਸਕਾਈ ਨਿਊਜ਼, ਸਕਾਈ ਅਰਬੀ, ਰਾਈਟਰਜ਼, ਪ੍ਰੈਸ ਅਸੋਸੀਏਸ਼ਨ ਅਤੇ ਅਨੇਕਾਂ ਹੀ ਹੋਰਨਾ ਅਦਾਰਿਆਂ ਦੇ ਨੁਮਾਇੰਦੇ ਵੀ ਸ਼ਾਮਲ ਹਨ, ਇਸ ਮੌਕੇ'ਤੇ ਹਾਜ਼ਰ ਸਨ । ਉਹਨਾ ਨੇ ਜੁੱਮੇ ਦੇ ਖ਼ੁਤਬੇ ਮਗਰੋਂ ਹਜ਼ੂਰ ਨਾਲ ਭੇਂਟ ਕਰਨ ਦਾ ਸੁਅਵਸਰ ਪ੍ਰਾਪਤ ਕੀਤਾ ।

ਅਪਣੇ ਜੁੱਮੇ ਦੇ ਭਾਸ਼ਣ ਵਿੱਚ ਹਜ਼ੂਰ ਨੇ ਫ਼ਰਮਾਇਆ ਕਿ ਇਸਲਾਮ ਮੁਖ਼ਾਲਫ਼ ਫ਼ਿਲਮ ਅਤੇ ਇਸੇ ਪ੍ਰਕਾਰ ਦੇ ਹੋਰਨਾ ਹਮਲਿਆਂ ਪਿੱਛੇ ਇਸਲਾਮ ਤੋਂ ਸਦੈਵੀ ਖ਼ੌਫ਼ ਹੈ । ਆਪ ਨੇ ਫ਼ਰਮਾਇਆ :

"ਸੋ ਇਹ ਉਹਨਾ ਦੀ ਇਸਲਾਮ ਦੇ ਟਾਕਰੇ'ਤੇ ਪਤਨ ਤੇ ਹਾਰ ਹੈ ਜੋ ਉਹਨਾਂ ਨੂੰ ਜ਼ਮੀਰ (ਵਿਚਾਰਾਂ) ਦੀ ਆਜ਼ਾਦੀ ਦੇ ਨਾਂ'ਤੇ ਅਸ਼ਲੀਲਤਾ ਲਈ ਉਕਸਾਉਂਦੀ ਰਹੀ ਹੈ ।"

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਵੱਖ ਵੱਖ ਮੁਸਲਮਾਨ ਦੇਸ਼ਾਂ ਵਿੱਚ ਇੰਤਹਾਪਸੰਦਾਂ ਵੱਲੋਂ ਤਸ਼ਦੱਦ ਭਰਪੂਰ ਪ੍ਰਤੀਕ੍ਰਿਆਵਾਂ ਦੀ ਪੁਰਜ਼ੋਰ ਨਿਖੇਦੀ ਕੀਤੀ । ਆਪ ਨੇ ਫ਼ਰਮਾਇਆ ਵਿਦੇਸ਼ੀ ਦੂਤਾਂ ਅਤੇ ਹੋਰਨਾ ਦੂਤਾਵਾਸ ਦੇ ਕਰਮੀਆਂ ਸਣੇ ਬੇ ਗੁਨਾਹਾਂ ਨੂੰ ਮਾਰ ਮੁਕਾਉਣਾ ਇਸਲਾਮੀ ਸਿੱਖਿਆ ਦੇ ਉੱਕਾ ਹੀ ਵਿਪਰੀਤ ਹੈ । ਆਪ ਨੇ ਫ਼ਰਮਾਇਆ ਕਿ ਸੰਪਤੀਆਂ ਤੇ ਭਵਨਾਂ ਨੂੰ ਅੱਗ ਦੀ ਭੇਂਟ ਚੜ੍ਹਾਉਣਾ ਉਕੱਾ ਹੀ ਗ਼ਲਤ ਹੈ । ਇਸ ਤੋਂ ਕੇਵਲ ਉਹਨਾਂ ਲੋਕਾਂ ਨੂੰ ਲਾਭ ਹੋਇਆ ਹੈ ਜੋ ਇਸਲਾਮ ਨੂੰ ਬਦਨਾਮ ਕਰਨਾ ਚਾਹੁੰਦੇ ਹਨ । ਕੁਝ ਹੱਕਾਂ ਨੂੰ ਹੋਰਨਾ ਹੱਕਾਂ 'ਤੇ ਪਹਿਲ ਦੇਣ ਬਾਰੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਹਜ਼ੂਰ ਨੇ ਫ਼ਰਮਾਇਆ : "ਅਜਿਹਾ ਨ ਹੋਵੇ ਕਿ ਜ਼ਮੀਰ (ਵਿਚਾਰਾਂ) ਦੀ ਆਜ਼ਾਦੀ ਦੇ ਨਾਂ'ਤੇ ਸਾਰੀ ਦੁਨੀਆ ਦਾ ਅਮਨ ਹੀ ਤਬਾਹ ਹੋ ਜਾਵੇ ।"

ਹਜ਼ੂਰ ਨੇ ਅੰਤਰ ਰਾਸ਼ਟਰੀ ਮਾਰਗ ਦਰਸ਼ਕਾਂ ਅਤੇ ਆਮ ਜਨਤਾ ਨੂੰ ਵੀ ਕਿਹਾ ਕਿ ਉਹਨਾਂ ਨੂੰ ਸੋਚਣਾ ਚਾਹੀਦਾ ਹੈ ਕਿ ਕਿਤੇ ਉਹ ਅਜਿਹੀ

ਫਿਲਮਾਂ ਅਤੇ ਚਿਤੱਰ (ਕਰਟੂਨ) ਬਨਾਉਣ ਵਾਲੇ ਲੋਕਾਂ ਦੇ ਹੱਕ ਦੀ ਹਰ ਅਵਸਥਾ ਵਿੱਚ ਪੱਖਪੂਰਤੀ ਕਰਕੇ, ਜੋ ਦੂਜਿਆਂ ਦੇ ਧਾਰਮਕ ਜਜ਼ਬਿਆਂ ਦਾ ਘਾਣ ਕਰਦੇ ਹਨ ਅਤੇ ਮਾਸੂਮ ਲੋਕਾਂ ਲਈ ਦੁੱਖ ਦਾ ਸਬਬ ਹੁੰਦੇ ਹਨ । ਦੁਨੀਆ ਵਿੱਚ ਨਫ਼ਰਤਾਂ ਨੂੰ ਹਵਾ ਦੇਣ ਵਿੱਚ ਕੋਈ ਕਿਰਦਾਰ ਤਾਂ ਨਹੀਂ ਨਿਭਾ ਰਹੇ ।

ਇਹਨਾਂ ਆਤੰਕੀਆਂ ਉਪੱਰ ਪ੍ਰਤੀਕ੍ਰਿਆ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਹਜ਼ੂਰ ਨੇ ਸਾਰੀ ਦੁਨੀਆ ਦੇ ਮੁਸਲਮਾਨਾਂ ਨੂੰ ਇਕਜੁਟ ਹੋਕੇ ਅਤਿਅੰਤ ਢੁਕਵਾਂ ਉਤੱਰ ਦੇਣ ਦੀ ਨਸੀਹਤ ਕੀਤੀ । ਆਪ ਨੇ ਫ਼ਰਮਾਇਆ ਕਿ ਮੁਸਲਮਾਨ ਹੁਕੂਮਤਾਂ ਅਤੇ ਪਛੱਮੀ ਦੇਸ਼ਾਂ ਵਿੱਚ ਰਹਿਣ ਵਾਲੇ ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਉਹ ਮਿਲਕੇ ਇਸਲਾਮ ਅਤੇ ਕੁਰਆਨ ਕਰੀਮ ਦੀ ਪੁਰ ਅਮਨ ਸਿੱਖਿਆਵਾਂ ਨੂੰ ਦੁਨੀਆਂ ਦੇ ਸਾਹਮਣੇ ਉਜਾਗਰ ਕਰਨ ।

ਹਜ਼ੂਰ ਨੇ ਉਹਨਾਂ ਨੂੰ ਹਮੇਸ਼ਾਂ ਹਰ ਪੱਧਰ'ਤੇ ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਾਕੀਜ਼ਾਹ ਅਖ਼ਲਾਕ ਦੇ ਬਚਾਓ ਲਈ ਸਰਬ ਸੰਮਤੀ ਅਤੇ ਪੁਰ ਅਮਨ ਸਿਧੱਾਂਤ ਨੂੰ ਅਪਨਾਉਣ ਦੀ ਨਸੀਹਤ ਕੀਤੀ । ਹਜ਼ੂਰ ਨੇ ਫ਼ਰਮਾਇਆ :

"ਸੋ, ਤਸ਼ਦੱਦ ਪਸੰਦੀ ਇਸ ਦਾ ਉਤੱਰ ਨਹੀਂ ਹੈ । ਇਸ ਦਾ ਉਤੱਰ ਉਹੋ ਹੈ ਜੋ ਮੈਂ ਉਪੱਰ ਦੱਸ ਆਇਆ ਹਾਂ ਕਿ ਆਪਣੇ ਕਰਮਾ ਦਾ ਸੁਧਾਰ ਅਤੇ ਉਸ ਨਬੀ ਸਲਲੱਾਹੁ ਅਲੈਹਿ ਵਸਲੱਮ ਉਪੱਰ ਦੁਰੂਦ ਤੇ ਸਲਾਮਤੀ ਹੈ ਜੋ ਮਨੁੱਖਤਾ ਦੀ ਮੁਕਤੀ ਦਾ ਸਾਧਨ ਹੈ । ਸੰਸਾਰਕ ਜਤਨਾ ਲਈ ਮੁਸਲਮਾਨ ਦੇਸ਼ਾਂ ਦਾ ਇਕ ਹੋਣਾ ਅਤੇ ਪੱਛਮੀ ਦੇਸ਼ਾਂ ਵਿੱਚ ਰਹਿਣ ਵਾਲੇ ਮੁਸਲਮਾਨਾਂ ਨੂੰ ਆਪਣੇ ਵੋਟ ਦੀ ਸ਼ਕਤੀ ਮਨਵਾਉਣਾ ਹੈ ।"

ਹਜ਼ੂਰ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਬੀਤੇ ਕੁਝ ਸਾਲਾਂ ਤੋਂ ਇਸਲਾਮ ਉਪੱਰ ਅਜਿਹੇ ਹਮਲਿਆਂ ਵਿੱਚ ਵਾਧਾ ਹੋਇਆ ਹੈ, ਫਿਰ ਵੀ ਕੁਝ ਮੁਸਲਮਾਨਾਂ ਦੇ ਅਣਉਚਿਤ ਰਵਈਏ ਵੀ ਖੰਡਨ ਯੋਗ ਹਨ ।

ਆਪ ਨੇ ਵਧੇਰੀ ਜਾਨਕਾਰੀ ਦਿੰਦਿਆਂ ਹੋਇਆਂ ਫ਼ਰਮਾਇਆ ਕਿ ਇਹ ਗੱਲ ਨਹੀਂ ਭੁਲੱਣੀ ਚਾਹੀਦੀ ਕਿ ਅਧਿਕਤਰ ਦੂਜਿਆਂ ਨੇ ਫ਼ਸਾਦ ਦਾ ਮੋਢੀ ਬਨਣ ਵਿੱਚ ਪਹਿਲ ਕੀਤੀ ਹੈ ।

ਆਪ ਨੇ ਇਸਲਾਮ ਦਾ ਸਹੀ ਚਿਹਰਾ ਦੁਨੀਆ ਦੇ ਸਾਹਮਣੇ ਪੇਸ਼ ਕਰਨ ਦੇ ਜਮਾਤ ਅਹਮਦੀਆ ਦੇ ਜਤਨਾ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ:

"ਅਸੀਂ ਅਹਮਦੀ ਮੁਸਲਾਮਨ ਦੁਨੀਆ ਦੀ ਸੇਵਾ ਲਈ ਕੋਈ ਵੀ ਸੁਖਮਤਾ ਹੱਥੋਂ ਨਹੀਂ ਜਾਣ ਦਿੰਦੇ । ਅਮਰੀਕਾ ਵਿੱਚ ਖ਼ੂਨ ਦੀ ਲੋੜ ਪਈ ਬੀਤੇ ਸਾਲ ਅਸੀਂ ਅਹਮਦੀਆਂ ਨੇ ਬਾਰ੍ਹਾਂ ਹਜ਼ਾਰ (12000) ਬੋਤਲਾਂ ਇਕਤੱਰ ਕਰਕੇ ਦਿੱਤੀਆਂ । ਇਸ ਸਾਲ ਫਿਰ ਉਹ ਇਕਤੱਰ ਕਰ ਰਹੇ ਹਨ । ਅੱਜ ਕਲ ਇਹ ਡ੍ਰਾਈਵ (Drive) ਚਲ ਰਹੀ ਸੀ । ਉਹਨਾਂ ਨੂੰ ਮੈਂ ਕਿਹਾ ਕਿ ਅਸੀਂ ਅਹਮਦੀ ਮੁਸਲਮਾਨ ਤਾਂ ਜੀਵਨ ਦੇਣ ਲਈ ਆਪਣਾ ਖ਼ੂਨ ਦੇ ਰਹੇ ਹਾਂ ਅਤੇ ਤੁਸੀਂ ਲੋਕ ਆਪਣੀਆਂ ਹਰਕਤਾਂ ਨਾਲ ਅਤੇ ਉਹਨਾਂ ਹਰਕਤ ਕਰਨ ਵਾਲਿਆਂ ਦੀ ਹਾਂ ਵਿੱਚ ਹਾਂ ਮਿਲਾ ਕੇ ਸਾਡੇ ਦਿਲਾਂ ਦਾ ਖ਼ੂਨ ਕਰ ਰਹੇ ਹੋ ।"

ਹਜ਼ਰਤ ਖ਼ਲੀਫ਼ਤੁਲ ਮਸੀਹ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਬੇ ਅਦਬੀ ਅਤੇ ਤੌਹੀਨ ਦੇ ਅਸਫ਼ਲ ਜਤਨਾਂ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ :

"ਵਰਤਮਾਨ ਸਮੇਂ ਦੇ ਇਮਾਮ ਦੀ ਇਹ ਗੱਲ ਚੇਤੇ ਰੱਖ਼ਣ ਕਿ ਹਰ ਫ਼ਤਹਿ ਆਕਾਸ਼ ਉਪੱਰੋਂ ਆਉਂਦੀ ਹੈ ਅਤੇ ਆਕਾਸ਼ ਨੇ ਇਹ ਫ਼ੈਸਲਾ ਕਰ ਦਿੱਤਾ ਹੈ ਕਿ ਜਿਸ ਰਸੂਲ ਦੀ ਬੇਅਦਬੀ ਤੇ ਹਤੱਕ ਕਰਨ ਦੇ ਜਤਨ ਤੁਸੀਂ ਕਰ ਰਹੇ ਹੋ ਉਸਨੇ ਹੀ ਦੁਨੀਆਂ ਉਪੱਰ ਗ਼ਾਲਬ ਆਉਣਾ ਹੈ ।"

ਜੁੱਮੇ ਦੇ ਖ਼ੁਤਬੇ ਦੇ ਬਾਦ ਹੋਣ ਵਾਲੀ ਪ੍ਰੈਸ ਕਾਨਫ਼੍ਰੰਸ ਨੂੰ ਸੰਬੋਧਨ ਕਰਦਿਆਂ ਹੋਇਆਂ ਹਜ਼ੂਰ ਨੇ ਪ੍ਰੈਸ ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਮੁਸਲਮਾਨ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨਾਲ ਅਥਾਹ ਪ੍ਰੇਮ

ਕਰਦੇ ਹਨ। ਆਪ ਨੇ ਫ਼ਰਮਾਇਆ ਕਿ ਜੇਕਰ ਕਿਸੇ ਦੀ ਸਭ ਤੋਂ ਮਹਿਬੂਬ ਹਸਤੀ ਦਾ ਮਖ਼ੌਲ ਉਡਾਇਆ ਜਾਵੇ ਤਾਂ ਹਰ ਕਿਸੇ ਨੂੰ ਦੁੱਖ ਪਹੁੰਚਦਾ ਹੈ । ਇਸੇ ਪ੍ਰਕਾਰ ਰਸੂਲੇ ਪਾਕ ਸਲਲੱਾਹੁ ਅਲੈਹਿ ਵਸਲੱਮ ਉਪੱਰ ਹੋਣ ਵਾਲਾ ਹਰ ਹਮਲਾ ਸਾਰਿਆਂ ਮੁਸਲਮਾਨਾਂ ਨੂੰ ਜ਼ਖ਼ਮੀ ਕਰਦਾ ਹੈ ।

ਉਪਰੋਕਤ ਫ਼ਿਲਮ ਦੇ ਜਾਰੀ ਹੋਣ ਦੇ ਸਿੱਟੇ ਵਿੱਚ ਹੋਣ ਵਾਲੇ ਇਕ ਤਸ਼ਦੱਦ ਭਰੇ ਇਹਤਿਜਾਜ ਬਾਰੇ ਪ੍ਰਸ਼ਨ ਪੁੱਛੇ ਜਾਣ ਦੇ ਉਤੱਰ ਵਿੱਚ ਹਜ਼ੂਰ ਨੇ ਫ਼ਰਮਾਇਆ ਕਿ ਅਜਿਹੇ ਇਹਤਿਜਾਜ ਅਣਉਚਿਤ ਹਨ । ਦੂਤਾਂ ਅਤੇ ਦੂਤਾਵਾਸ ਦੇ ਕਰਮੀਆਂ ਸਣੇ ਕਿਸੇ ਵੀ ਬੇਗ਼ੁਨਾਹ ਨੂੰ ਕਤਲ ਕਰਨਾ ਇਸਲਾਮੀ ਸਿੱਖਿਆ ਦੇ ਉੱਕਾ ਹੀ ਵਿਪਰੀਤ ਹੈ । ਆਪ ਨੇ ਫ਼ਰਮਾਇਆ ਕਿ ਹਰ ਪ੍ਰਕਾਰ ਦੇ ਇਹਤਿਜਾਜ ਕਾਨੂਨ ਦੇ ਘੇਰੇ ਵਿੱਚ ਰਹਿਕੇ ਪੁਰ ਅਮਨ ਢੰਗ ਨਾਲ ਹੋਣੇ ਚਾਹੀਦੇ ਹਨ ।

**The Express Tribune**
**September 23, 2012**

**ਇਸਲਾਮ ਦੁਸ਼ਮਨ ਫ਼ਿਲਮ :** ਅਹਮਦੀਆ ਮੁਸਲਿਮ ਜਮਾਤ ਦੇ ਇਮਾਮ ਫ਼ਰਮਾਉਂਦੇ ਹਨ ਕਿ ਇਸਲਾਮ ਦੁਸ਼ਮਨ ਫ਼ਿਲਮ ਉਪੱਰ ਮੁਸਲਮਾਨਾਂ ਵੱਲੋਂ ਦੁੱਖ ਤੇ ਗੁਸੱਾ ਹਰ ਪੱਖੋਂ ਉਚਿਤ ਹੈ ।

ਜ਼ਮੀਰ (ਵਿਚਾਰਾਂ) ਦੀ ਆਜ਼ਾਦੀ ਦੇ ਪ੍ਰਦਰਸ਼ਨ ਦੀ ਹੱਦਬੰਦੀ ਹੋਣੀ ਚਾਹੀਦੀ ਹੈ ਤਾਂ ਜੋਂ ਲੋਕਾਂ ਦੇ ਧਾਰਮਕ ਜਜ਼ਬਿਆਂ ਦੀ ਸੁਰਿੱਖਿਆ ਹੋ ਸਕੇ । ਇਮਾਮ ਜਮਾਤ ਅਹਮਦੀਆ ਫ਼ਰਮਾਉਂਦੇ ਹਨ ਕਿ ਇਸਲਾਮ ਦੁਸ਼ਮਨ ਫ਼ਿਲਮ ਦੇ ਸਬਬ ਮੁਸਲਮਾਨਾਂ ਦਾ ਦੁੱਖ ਤੇ ਗੁੱਸਾ ਹਰ ਪੱਖੋਂ ਉਚਿਤ ਹੈ, ਪਰ ਤਸ਼ਦੱਦ ਭਰਪੂਰ ਪ੍ਰਤੀਕ੍ਰਿਆ ਖੰਡਨ ਯੋਗ ਹੈ ।

ਮਿਰਜ਼ਾ ਮਸਰੂਰ ਅਹਮਦ (ਇਮਾਮ ਜਮਾਤ ਅਹਮਦੀਆ) ਨੇ ਮੀਡੀਆ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਹੋਇਆਂ ਫ਼ਰਮਾਇਆ ਕਿ ਦੁਨੀਆ ਵਿੱਚ ਰਹਿੰਦੇ ਸਾਰਿਆਂ ਮੁਸਲਮਾਨਾਂ ਨੂੰ ਇਕਜੁਟ ਹੋਕੇ ਇਸ ਫ਼ਿਲਮ ਦੇ ਵਿਰੁਧ ਪੁਰ ਅਮਨ ਢੰਗ ਨਾਲ ਇਹਤਿਜਾਜ ਕਰਨਾ ਚਾਹੀਦਾ ਹੈ । ਜਿਸ ਨੇ ਸਾਰੇ ਇਸਲਾਮੀ ਜਗਤ ਵਿੱਚ ਅਤਿਅੰਤ ਦੁੱਖ, ਗ਼ਮ ਤੇ ਗੁੱਸੇ ਦੇ ਜਜ਼ਬਿਆਂ ਨੂੰ ਵਲੂੰਧਰਿਆ ਹੈ ।

ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਇਸ ਗੱਲ ਦੀ ਲੋੜ ਉਪੱਰ ਵੀ ਜ਼ੋਰ ਦਿਤੱਾ ਕਿ ਵਿਚਾਰਾਂ ਦੀ ਸੁਤੰਤਰਤਾ ਦੇ ਪ੍ਰਗਟਾਵੇ ਦੀ ਹੱਦ ਬੰਦੀ ਹੋਣੀ ਚਾਹੀਦੀ ਹੈ ਤਾਂ ਜੋ ਲੋਕਾਂ ਦੇ ਧਾਰਮਕ ਜਜ਼ਬਿਆਂ ਦੀ ਸੁਰੱਖਿਆ ਕੀਤੀ ਜਾ ਸਕੇ।

ਜਾਰੀ ਬਿਆਨ ਵਿੱਚ ਇਮਾਮ ਜਮਾਤ ਅਹਮਦੀਆ ਦੇ ਹੇਠ ਲਿਖੇ ਸ਼ਬਦ ਦਰਜ ਕੀਤੇ ਗਏ :

"ਸੋ, ਇਹ ਉਹਨਾਂ ਦੀ ਇਸਲਾਮ ਦੇ ਟਾਕਰੇ'ਤੇ ਪਤਨ ਤੇ ਹਾਰ ਹੈ ਜੋ ਉਹਨਾਂ ਨੂੰ ਜ਼ਮੀਰ ਦੀ ਆਜ਼ਾਦੀ ਦੇ ਨਾਂ 'ਤੇ ਬੇਹੂਦਗੀ ਲਈ ਉਕਸਾਉਂਦੀ

ਹੈ । ਵਿਚਾਰਾਂ ਦੀ ਆਜ਼ਾਦੀ ਦੇ ਨਾਂ ਉਪੱਰ ਸਾਰੀ ਦੁਨੀਆ ਦਾ ਅਮਨ ਭੰਗ ਕਰਨ ਦੀ ਆਗਿਆ ਨਹੀ ਦਿੱਤੀ ਜਾਣੀ ਚਾਹੀਦੀ । ਉਹਨਾਂ ਨੇ ਵਿਭੰਨ ਦੇਸ਼ਾਂ ਵਿੱਚ ਹੋਣ ਵਾਲੀ ਤਸ਼ਦੱਦ ਭਰਪੂਰ ਪ੍ਰਤੀਕ੍ਰਿਆ ਦੀ ਕੜੇ ਸ਼ਬਦਾਂ ਵਿੱਚ ਨਿਖੇਦੀ ਕੀਤੀ । ਜਿਸਦੇ ਸਿੱਟੇ ਵੱਜੋਂ ਅਨੇਕਾਂ ਨਿਰਦੋਸ਼ੇ ਲੋਕਾਂ ਜਿੰਨ੍ਹਾਂ ਵਿੱਚ ਕੁਝ ਦੇਸ਼ਾਂ ਦੇ ਵਿਦੇਸ਼ੀ ਦੂਤ ਵੀ ਸ਼ਾਮਲ ਸਨ ਮਾਰੇ ਗਏ । ਉਹਨਾਂ ਨੇ ਫ਼ਰਮਾਇਆ, ਧੰਨ ਮਾਲ ਨੂੰ ਹਾਣੀ ਪਹੁੰਚਾਉਣੀ ਅਤੇ ਇਮਾਰਤਾਂ ਨੂੰ ਅੱਗਾ ਲਾਉਣੀਆਂ ਉੱਕਾ ਹੀ ਅਣਉਚਿਤ ਹਰਕਤਾਂ ਹਨ । ਇਸ ਤੋਂ ਕਿਸੇ ਨੂੰ ਵੀ ਕੋਈ ਲਾਭ ਨਹੀਂ ਹੁੰਦਾ ।

----- ★★★ ---- ★★★ -----

**Times of India**
**26 September, 2012**

**ਟਾਈਮਜ਼ ਆਫ਼ ਇੰਡੀਆ ਆਪਣੇ 26 ਸਤੰਬਰ 2012 ਦੇ ਪ੍ਰਕਾਸ਼ਨ ਵਿੱਚ ਇਸ ਪ੍ਰਕਾਰ ਰਿਪੋਰਟ ਕਰਦਾ ਹੈ**

# ਇਸਲਾਮ ਵਿਰੋਧੀ ਫ਼ਿਲਮ : ਜਮਾਤ ਅਹਮਦੀਆ ਅਮਨ ਕਾਨਫ਼੍ਰੰਸ ਦਾ ਆਯੋਜਨ ਕਰੇਗੀ

ਅੰਮ੍ਰਿਤਸਰ : ਜਿੱਥੇ ਇਕ ਪਾਸੇ ਸਾਰੀ ਦੁਨੀਆ ਦੇ ਮੁਸਲਮਾਨ ਵਿਵਾਦਤ ਫ਼ਿਲਮ ਇੰਨੋਸੈਂਸ ਆਫ਼ ਮੁਸਲਿਮ (Innocence of Muslims) ਜਿਸਨੇ ਉਹਨਾਂ ਦੇ ਧਾਰਮਕ ਜਜ਼ਬਿਆਂ ਨੂੰ ਵਲੂੰਧਰਿਆ ਹੈ, ਕੜੇ ਦੁੱਖ ਤੇ ਗੁੱਸੇ ਦਾ ਪ੍ਰਗਟਾਵਾ ਕਰ ਰਹੇ ਹਨ, ਉੱਥੇ ਦੂਜੇ ਪਾਸੇ ਜਮਾਤ ਅਹਮਦੀਆ ਨੇ ਆਪਣੇ ਕੇਂਦਰ ਕਾਦੀਆਂ, ਜ਼ਿਲਾ ਗੁਰਦਾਸਪੁਰ ਵਿੱਚ 30 ਸਤੰਬਰ ਨੂੰ ਇਕ ਅਮਨ ਕਾਨਫ਼੍ਰੰਸ ਦੇ ਆਯੋਜਨ ਦਾ ਨਿਰਣਾ ਲਿਆ ਹੈ । ਇਹ ਫ਼ੈਸਲਾ ਵਿਸ਼ਵ ਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਇਮਾਮ ਦੇ ਉਸ ਆਦੇਸ਼ ਦੀ ਪੈਰ੍ਹਵੀ ਵਿੱਚ ਲਿਆ ਗਿਆ ਹੈ ਜਿਸ ਵਿੱਚ ਉਹਨਾਂ ਨੇ ਸਾਰੀ ਦੁਨੀਆ ਦੇ ਮੁਸਲਮਾਨਾਂ ਨੂੰ ਇਸ ਫ਼ਿਲਮ ਦੇ ਖ਼ਿਲਾਫ਼ ਪੁਰ ਅਮਨ ਢੰਗ ਨਾਲ ਇਕ ਜੁਟ ਹੋ ਜਾਣ ਦੀ ਮੰਗ ਕੀਤੀ ਹੈ । ਇਸ ਫ਼ਿਲਮ ਦੇ ਟ੍ਰੇਲਰ ਦੇ ਪ੍ਰਕਾਸ਼ਨਾ ਦੇ ਸਿੱਟੇ ਵਿੱਚ ਪੈਦਾ ਹੋਣ ਵਾਲੇ ਤਸ਼ਦੱਦ ਦੀ ਲਹਿਰ ਅਤੇ ਨਿਰਦੋਸ਼ਾਂ ਦੇ ਕਤਲ ਦੀਆਂ ਘਟਨਾਵਾਂ ਉਪੱਰ ਵਿਚਾਰਾਂ ਦੀ ਭਿੰਨਤਾ ਨੂੰ ਦਰਸ਼ਾਉਂਦਿਆਂ ਹੋਇਆਂ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਵੱਖ ਵੱਖ ਦੇਸ਼ਾਂ ਵਿੱਚ ਹੋ ਰਹੇ ਤਸ਼ੱਦਦ ਭਰੇ ਪ੍ਰਤੀਕ੍ਰਮ ਦੀ ਨਿਖੇਦੀ ਕੀਤੀ । ਉਹਨਾਂ ਨੇ ਕਿਹਾ ਕਿ ਨਿਰਦੋਸ਼ੇ ਲੋਕਾਂ ਨੂੰ ਮਾਰਨਾ ਜਿੰਨ੍ਹਾਂ ਵਿੱਚ ਵਿਦੇਸ਼ੀ ਦੇਸ਼ਾਂ ਦੇ ਦੂਤਾਕਰਮੀ ਵੀ ਸ਼ਾਮਲ ਹਨ । ਇਕ ਅਜਿਹਾ ਕ੍ਰਮ ਹੈ ਜੋ ਉੱਕਾ ਹੀ

ਇਸਲਾਮੀ ਸਿੱਖਿਆ ਦੇ ਵਿਪਰੀਤ ਹੈ । ਜਾਇਦਾਦਾਂ ਨੂੰ ਹਾਣੀ ਪਹੁੰਚਾਉਂਣੀ ਜਾਂ ਇਮਾਰਤਾਂ ਨੂੰ ਅੱਗਾਂ ਲਾਉਂਣੀਆਂ ਉੱਕਾ ਹੀ ਅਣਉਚਿਤ ਹਰਕਤ ਹੈ । ਇਸ ਤੋਂ ਸਿਵਾਏ ਉਹਨਾਂ ਲੋਕਾਂ ਦੇ ਜੋ ਇਸਲਾਮ ਨੂੰ ਬਦਨਾਮ ਕਰਨਾ ਚਾਹੁੰਦੇ ਹਨ ਕਿਸੇ ਨੂੰ ਵੀ ਕੋਈ ਲਾਭ ਨਹੀਂ ਪਹੁੰਚੇਗਾ । ਸਾਨੂੰ ਇਸ ਗੱਲ ਉਪੱਰ ਗ਼ੌਰ ਕਰਨ ਦੀ ਲੋੜ ਹੈ ਕਿ ਕੀ ਅਸੀਂ ਨਫ਼ਰਤਾਂ ਨੂੰ ਹਵਾ ਦੇਣ ਵਿੱਚ ਕੋਈ ਕਿਰਦਾਰ ਤਾਂ ਨਹੀਂ ਨਿਭਾ ਰਹੇ ਜਾਂ ਅਸੀਂ ਇਕ ਸਰਬ ਸਹਿਮਤੀ ਨਾਲ ਅਤੇ ਬਿਬੇਕੀ ਪ੍ਰਤੀਕ੍ਰਿਆ ਕਰ ਰਹੇ ਹਾਂ ।

ਆਪ ਨੇ ਫ਼ਰਮਾਇਆ, ਕਿ ਮੁਸਲਮਾਨ ਦੇਸ਼ਾਂ ਅਤੇ ਪਛੱਮੀ ਦੇਸ਼ਾਂ ਵਿੱਚ ਵਸੱਣ ਵਾਲੇ ਮੁਸਲਮਾਨਾਂ ਨੂੰ ਦੁਨੀਆ ਵਿੱਚ ਇਸਲਾਮ ਅਤੇ ਕੁਰਆਨ ਕਰੀਮ ਦੀ ਹਕੀਕੀ ਅਤੇ ਅਮਨ ਪਸੰਦ ਸਿੱਖਿਆਵਾਂ ਦੀ ਪ੍ਰਗਤੀ ਲਈ ਏਕਾ ਹੋਣਾ ਚਾਹੀਦਾ ਹੈ । ਆਪ ਨੇ ਫ਼ਰਮਾਇਆ, ਉਹਨਾਂ ਨੂੰ ਹਰ ਇਕ ਮੌਕੇ ਅਤੇ ਅਸਥਾਨ ਉਪੱਰ ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਵਿਤੱਰ ਕਿਰਦਾਰ (ਆਚਰਣ) ਦੇ ਬਚਾਓ ਲਈ ਸੰਜੁਕਤ ਤੇ ਅਮਨ ਪਸੰਦ ਆਸਥਾ ਨੂੰ ਅਪਨਾਉਣਾ ਚਾਹੀਦਾ ਹੈ ।

ਜਮਾਤ ਅਹਮਦੀਆ ਦੀ ਪ੍ਰੈਸ ਕਮੇਟੀ ਦੇ ਇੰਚਾਰਜ ਸ਼੍ਰੀ ਸਯੱਦ ਤੁਫ਼ੈਲ ਅਹਮਦ ਸ਼ਾਹਬਾਜ਼ ਨੇ ਕਿਹਾ ਕਿ ਓਹਨਾ ਨੇ ਸਿਆਸੀ ਲੀਡਰਾਂ ਨਾਲ ਸਾਰਿਆਂ ਧਰਮਾਂ ਦੇ ਨੁਮਾਇੰਦਿਆਂ ਨੂੰ ਇਸ ਅਮਨ ਕਾਨਫ੍ਰੰਸ ਵਿੱਚ ਭਾਗ ਲੈਣ ਦਾ ਸੱਦਾ ਦਿਤੱਾ ਹੈ ।

----★★★ -----★★★-----★★★----

**Ottawa Citizen Newspaper**
**September 30, 2012**

**ਕੈਨੇਡਾ ਦਾ ਇਕ ਰੋਜ਼ਾਨਾ ਸਮਾਚਾਰ ਪਤੱਰ ਓਟਾਵਾ ਸਿਟੀਜ਼ਨ (Ottawa Citizen) 30 ਸਤੰਬਰ ਦੀ ਪ੍ਰਕਾਸ਼ਨਾ ਵਿੱਚ ਲਿੱਖਦਾ ਹੈ :**

# ਓਟਾਵਾ (Ottawa) ਦੇ ਮੁਸਲਮਾਨ ਰਹਿਨੁਮਾ ਦੀ ਇਸਲਾਮ ਵਿਰੋਧੀ ਫ਼ਿਲਮ ਦੇ ਖ਼ਿਲਾਫ਼ ਫ਼ਸਾਦਾਂ ਦੀ ਕੜੀ ਨਿਖੇਦੀ

ਓਟਾਵਾ ਵਿੱਚ ਰਹਿੰਦੇ ਇਕ ਮੁਸਲਮਾਨ ਫ਼ਿਰਕੇ ਦੇ ਰਹਿਨੁਮਾ ਨੇ ਅਤਿਅੰਤ ਵਿਅਰਥ ਤੇ ਬੇਹੂਦਾ ਅਤੇ ਭੜਕਾਉ ਅੰਗ੍ਰੇਜ਼ੀ ਫ਼ਿਲਮ ਦੇ ਵਿਰੁਧ ਅਜਿਹੇ ਤਸ਼ੱਦਦ ਭਰਪੂਰ ਪ੍ਰਤੀਕ੍ਰਿਆ ਦੀ ਨਿਖੇਦੀ ਕੀਤੀ ਹੈ ਜਿਸ ਵਿੱਚ ਖ਼ੂਨੀ ਮੁਜ਼ਾਹਿਰੇ ਕੀਤੇ ਗਏ । ਬੈਨਗ਼ਾਜ਼ੀ (Benghazi) ਲੀਬੀਆ ਵਿੱਚ ਦੂਤਾਵਾਸ ਉਪੱਰ ਹਮਲੇ ਦੇ ਸਿੱਟੇ ਵਿੱਚ ਇਕ ਅਮਰੀਕੀ ਦੂਤ ਅਤੇ ਦੂਤਾਵਾਸ ਦੇ ਕਰਮੀਆਂ ਦੇ ਤਿੰਨ ਵਿਅਕਤੀਆਂ ਨੂੰ ਕਤਲ ਕਰ ਦਿਤੱਾ ਗਿਆ ।

ਕੰਬਰਲੈਂਡ (Cumberland) ਵਿੱਚ ਅਹਮਦੀਆ ਮੁਸਲਿਮ ਜਮਾਤ ਦੇ ਰੂਹਾਨੀ ਕੇਂਦਰ ਵਿੱਚ ਸ਼ਨਿਵਾਰ ਦੀ ਸ਼ਾਮ ਨੂੰ ਇਕ ਸਮਾਗਮ ਨੂੰ ਇਮਾਮ ਇਮਤਿਆਜ਼ ਅਹਮਦ ਨੇ ਅਹਮਦੀ ਲੋਕਾਂ ਨੂੰ ਸੰਬੋਧਨ ਹੁੰਦਿਆਂ ਫ਼ਰਮਾਇਆ ਕਿ ਫ਼ਿਲਮ ਇੰਨੋਸੈਂਸ ਆਫ਼ ਮੁਸਲਿਮ (Innocence of Muslims) ਦੇ ਵਿਰੁਧ ਸਾਂਤੀਪੂਰਨ ਢੰਗ ਨਾਲ ਵੀ ਇਹਤਿਜਾਜ ਕੀਤਾ ਜਾ ਸਕਦਾ ਹੈ । ਇਹ 14 ਮਿੰਟ ਦੀ ਅਤਿਅੰਤ ਘੱਟੀਆ ਮਿਆਰ ਦੀ ਗੈਰ ਵਪਾਰਕ ਫ਼ਿਲਮ ਹੈ ਜੋ ਅਮਰੀਕਾ ਵਿੱਚ ਬਣਾਈ ਗਈ ਹੈ ਅਤੇ ਇੰਟਰਨੈਟ

ਉਪੱਰ ਰਿਲੀਜ਼ ਕੀਤੀ ਗਈ ਹੈ ।

ਉਹਨਾਂ ਨੇ ਕਿਹਾ, ਕਿ ਫ਼ਿਲਮ ਦੇ ਪ੍ਰੋਡਿਉਸਰ ਨੇ ਇਹ ਫ਼ਿਲਮ ਬਣਾ ਕੇ ਇਕ ਸ਼ਰਮਨਾਕ, ਬੇਹੂਦਾ ਤੇ ਵਿਅਰਥ ਕਾਰਜ ਦਾ ਅਯੋਜਨ ਕੀਤਾ ਹੈ ਜਿਸਨੇ ਸਾਰੇ ਇਸਲਾਮੀ ਜਗਤ ਵਿੱਚ ਬੇਚੈਨੀ ਪੈਦਾ ਕਰ ਦਿੱਤੀ ਹੈ । ਹਰ ਇਕ ਮੁਸਲਮਾਨ ਇਸ'ਤੇ ਆਪਣੀ ਪ੍ਰਤੀਕ੍ਰਿਆ ਦਾ ਪ੍ਰਗਟਾਵਾ ਕਰ ਰਿਹਾ ਹੈ। ਉਹ ਝੰਡਿਆ ਨੂੰ ਸਾੜ ਕੇ, ਤੋੜ ਫੋੜ ਕਰਕੇ ਅਤੇ ਦੂਤਾਵਾਸਾਂ ਉਪੱਰ ਹਮਲੇ ਕਰਕੇ ਆਪਣੇ ਗੁੱਸੇ ਦਾ ਪ੍ਰਦਰਸ਼ਨ ਕਰ ਰਿਹਾ ਹੈ । ਉਹਨਾਂ ਨੇ ਕਿਹਾ ਕਿ ਉਹ (ਅਰਥਾਤ ਮੁਜ਼ਾਹਿਰਾ ਕਰਨ ਵਾਲੇ) ਇਹ ਸਮਝਦੇ ਹਨ ਕਿ ਝੰਡਿਆਂ ਨੂੰ ਸਾੜਕੇ ਅਤੇ ਦੇਸ਼ ਦੇ ਧੰਨ ਮਾਲ ਤੇ ਦੂਤਾਵਾਸਾਂ ਨੂੰ ਸਾੜ ਕੇ ਅਤੇ ਵਿਦੇਸ਼ੀ ਦੂਤਾਂ ਨੂੰ ਕਤਲ ਕਰਕੇ ਉਹਨਾਂ ਨੇ ਆਪਣਾ ਬਦਲਾ ਲੈ ਲਿਆ ਹੈ ? ਅਵਸ਼ ਹੀ ਇਹ ਪ੍ਰਤੀਕ੍ਰਿਆ ਇਸਲਾਮੀ ਸਿੱਖਿਆ ਦੇ ਉੱਕਾ ਹੀ ਵਿਪਰੀਤ ਹਰਕਤ ਹੈ । ਇਹ ਹਕੀਕੀ ਇਸਲਾਮ ਨਹੀਂ ਹੈ ।

ਅਹਮਦੀ ਇਕ ਮੁਸਲਿਮ ਅਲਪ ਸੰਖਿਅਕ ਫ਼ਿਰਕਾ ਹੈ ਜੋ ਸਾਰਿਆਂ ਧਰਮਾ ਵਿੱਚ ਸੰਵਾਦ ਦਾ ਸਮਰਥਕ ਹੈ । ਅਹਮਦ ਸਾਹਬ ਦੇ ਕਥਨ ਅਨੁਸਾਰ ਕੰਬਰਲੈਂਡ (Cumberland) ਵਿੱਚ ਹੋਣ ਵਾਲੇ ਸਮਾਗਮ ਵਿੱਚ ਸਾਮਲ ਹੋਣ ਵਾਲਿਆਂ ਦੀ ਗਿਣਤੀ 500 ਸੀ । ਅਹਮਦ ਸਾਹਬ ਨੇ ਦੁਨੀਆ ਦੇ ਕਈ ਮੁਸਲਮਾਨ ਰਹਿਨੁਮਾਵਾਂ ਵਾਂਗ ਕੁਝ ਲੋਕਾਂ ਦੇ ਇਸ ਸੋਚ ਦੀ ਕੜੇ ਸ਼ਬਦਾਂ ਵਿੱਚ ਨਿਖੇਦੀ ਕੀਤੀ ਜੋ ਇਹ ਸਮਝਦੇ ਹਨ ਕਿ ਇਹ ਫ਼ਿਲਮ ਵਿਚਾਰਾਂ ਦੀ ਆਜ਼ਾਦੀ ਦੇ ਘੇਰੇ ਵਿੱਚ ਆਉਂਦੀ ਹੈ । ਅਹਮਦ ਸਾਹਬ ਨੇ ਕਿਹਾ, ਕਿ ਕਿਸੇ ਧਰਮ ਨਾਲ ਸੰਬੰਧ ਰੱਖਣ ਵਾਲੇ ਪਵਿਤੱਰ ਵਜੂਦ ਬਾਰੇ ਕਿਸੇ ਵੀ ਪ੍ਰਕਾਰ ਦੀ ਬੇਹੁਦਗੀ ਕਿਸੇ ਵੀ ਪੱਖੋਂ ਵਿਚਾਰਾਂ ਦੀ ਆਜ਼ਾਦੀ ਦਾ ਨਾਂ ਨਹੀਂ ਦਿੱਤਾ ਜਾ ਸਕਦਾ ।

ਬੀਤੇ ਹਫ਼ਤੇ ਲੰਦਨ ਵਿੱਚ ਵਿਸ਼ਵ ਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਰੁਹਾਨੀ ਖ਼ਲੀਫ਼ਾ ਇਮਾਮ ਸਾਹਬ ਨੇ ਸਾਰਿਆਂ ਮੁਸਲਮਾਨਾਂ ਨੂੰ ਉਪਦੇਸ਼ ਦਿਤੱਾ ਸੀ ਕਿ ਉਹ ਇਸ ਦੇ ਖ਼ਿਲਾਫ਼ ਸ਼ਾਂਤੀ ਪੂਰਨ ਢੰਗ ਨਾਲ

ਇਕਜੁਟ ਹੋ ਜਾਣ ਅਤੇ ਉਹਨਾਂ ਨੇ ਫ਼ਸਾਦਾਂ ਦੀ ਕੜੀ ਨਿਖੇਦੀ ਕੀਤੀ । ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਇਹ ਵਿਉਂਤ ਵੀ ਪੇਸ਼ ਕੀਤੀ ਸੀ ਕਿ ਧਾਰਮਕ ਆਸਥਾਵਾਂ ਦੀ ਸੁਰੱਖਿਆ ਲਈ ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ ਲਈ ਕੁਝ ਹੱਦ ਬੰਦੀ ਹੋਣੀ ਚਾਹੀਦੀ ਹੈ । ਉਹਨਾਂ ਨੇ ਕਿਹਾ, ‘‘ਵਿਚਾਰਾਂ ਦੀ ਆਜ਼ਾਦੀ ਦੇ ਨਾਂ’ਤੇ ਵਿਸ਼ਵ ਸ਼ਾਂਤੀ ਨੂੰ ਭੰਗ ਕਰਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ।’’

ਮਜਲਿਸ ਖ਼ੁਦੱਾਮੁਲ ਅਹਮਦੀਆ ਓਟਾਵਾ ਦੇ ਕਾਇਦ ਅਵੈਸ ਮਹਮੂਦ ਨੇ ਕਿਹਾ ਕਿ ਉਹ ਪਾਕਿਸਤਾਨ ਵਿੱਚ ਅਪਣੇ ਪਰਿਵਾਰ ਦੇ ਲੋਕਾਂ ਲਈ ਚਿੰਤਾ ਵਿੱਚ ਹਨ ਜਿੱਥੇ AFP ਦੀ ਖ਼ਬਰ ਅਨੁਸਾਰ ਇਸ ਫ਼ਿਲਮ ਦੇ ਸਿੱਟੇ ਵਿੱਚ ਹੋਣ ਵਾਲੇ ਹੰਗਾਮਿਆਂ ਵਿੱਚ 21 ਲੋਕ ਮਾਰੇ ਗਏ ਅਤੇ 200 ਤੋਂ ਵੱਧ ਜ਼ਖ਼ਮੀ ਹੋ ਚੁਕੇ ਹਨ । ਮਹਮੂਦ ਸਾਹਬ ਨੇ ਕਿਹਾ ਕਿ ਇਸਲਾਮ ਸਾਨੂੰ ਵਫ਼ਾਦਾਰੀ ਦਾ ਪਾਠ ਦਿੰਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਅਲੈਹਿ ਵਸਲੱਮ ਨੇ ਫ਼ਰਮਾਇਆ ਹੈ ਕਿ ਵਤਨ ਦਾ ਸਨੇਹ ਈਮਾਨ ਦਾ ਭਾਗ ਹੈ । ਪਾਕਿਸਤਾਨ ਵਿੱਚ ਇਹ ਹੋ ਰਿਹਾ ਹੈ ਕਿ ਲੋਕ ਆਪਣੇ ਦੇਸ਼ ਦੇ ਧੰਨ ਮਾਲ ਨੂੰ ਨਸ਼ਟ ਕਰ ਰਹੇ ਹਨ ਅਤੇ ਆਪਣੇ ਹੀ ਗਵਾਂਢੀਆਂ ਨੂੰ ਹਾਣ ਪਹੁੰਚਾ ਰਹੇ ਹਨ । ਆਪਣੇ ਵਿਚਾਰਾਂ ਨੂੰ ਦਰਸ਼ਾਉਣ ਦਾ ਇਹ ਉਚਿਤ ਢੰਗ ਨਹੀਂ ਹੈ ।

ਇਸਤਰੀਆਂ ਦੇ ਸੰਗਠਨ ਦੀ ਪ੍ਰਧਾਨ ਯਾਸਮੀਨ ਮਲਿਕ ਸਾਹਿਬਾ ਨੇ ਸ਼ਾਂਤੀ ਪੂਰਨ ਹਲ ਲਈ ਇਕ ਸਲਾਹ ਦਿੰਦਿਆਂ ਹੋਇਆਂ ਕਿਹਾ :

‘‘ਅਸੀਂ ਇਸ ਗੱਲ ਉਪੱਰ ਵਿਸ਼ਵਾਸ ਰੱਖਦੇ ਹਾਂ ਕਿ ਹੰਗਾਮੇ ਕਰਨੇ, ਅਗੱਾਂ ਲਾਉਣੀਆਂ ਜਾਂ ਘੇਰਾਓ ਕਰਨ ਦੀ ਥਾਂ ਸਾਨੂੰ ਕਲਮ ਰਾਹੀਂ ਆਪਣਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ ।’’

----★★★ -----★★★-----★★★----

**Wandsworth Guardian UK**
**24th September 2012**

## ਇਕ ਇਸਲਾਮੀ ਰਹਿਨੁਮਾ ਨੇ ਫ਼ਿਲਮ ਦੇ ਖ਼ਿਲਾਫ਼ ਹੋਣ ਵਾਲੇ ਮਾਰੂ ਮੁਜ਼ਾਹਰਿਆਂ ਦਾ ਖੰਡਨ ਕੀਤਾ

ਇਕ ਧਾਰਮਕ ਜਮਾਤ ਦੇ ਰੂਹਾਨੀ ਰਹਿਨੁਮਾ ਨੇ ਜੁੱਮੇ ਦੇ ਦਿਨ ਹਜ਼ਾਰਾਂ ਲੋਕਾਂ ਦੇ ਸਾਹਮਣੇ ਜੋ ਇਬਾਦਤ ਘਰ ਵਿੱਚ ਉਹਨਾਂ ਦਾ ਖ਼ਤਾਬ (ਭਾਸ਼ਣ) ਸੁਨਣ ਲਈ ਹਾਜ਼ਰ ਸਨ, ਇਕ ਇਸਲਾਮ ਦੁਸ਼ਮਨ ਫ਼ਿਲਮ ਦੇ ਖ਼ਿਲਾਫ਼ ਸਾਰੀ ਦੁਨੀਆ ਵਿੱਚ ਹੋਣ ਵਾਲੇ ਤਸ਼ੱਦਦ ਭਰਪੂਰ ਮੁਜ਼ਹਰਿਆਂ ਦਾ ਖੰਡਨ ਕੀਤਾ ।

ਜਮਾਤ ਅਹਮਦੀਆ ਦੇ ਲੋਕ ਮਸਜਿਦ ਬੈਤੁਲ ਫ਼ੁਤੂਹ ਲੰਦਨ ਮਾਰਡਨ ਵਿੱਚ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਦਾ ਖ਼ਤਾਬ ਸੁਨਣ ਲਈ ਇਕਤੱਰ ਹੋਏ ਜੋ ਇਕ ਘੰਟੇ ਦਾ ਸੀ । ਪੂਰੀ ਦੁਨੀਆ ਵਿੱਚ ਸਿੱਧੇ ਤੌਰ'ਤੇ ਪ੍ਰਸਾਰਣ ਹੋਣ ਵਾਲੇ ਇਸ ਖ਼ਤਾਬ ਵਿੱਚ ਉਹਨਾਂ ਨੇ ਮੁਜ਼ਾਹਰਾ ਕਰਨ ਵਾਲਿਆਂ ਉਪੱਰ ਦੁੱਖ ਦਾ ਪ੍ਰਗਟਾਵਾ ਕੀਤਾ, ਅਤੇ ਫ਼ਰਮਾਇਆ ਕਿ ਸਾਂਤੀ ਪੂਰਨ ਢੰਗ ਨਾਲ ਇਸ ਫ਼ਿਲਮ ਦੀ ਨਿਖੇਦੀ ਕੀਤੀ ਜਾਣੀ ਚਾਹੀਦੀ ਸੀ ।

ਅਮਰੀਕਾ ਵਿੱਚ ਬਣਾਈ ਇਕ ਘੱਟੀਆ ਪ੍ਰਕਾਰ ਦੀ ਗ਼ੈਰ ਵਪਾਰਕ ਫ਼ਿਲਮ ਇੰਨੋਸੈਂਸ ਆਫ ਮੁਸਲਿਮ (Innocence of muslims) ਦੇ 14 ਮਿੰਟ ਦੇ ਇਸ਼ਤਿਹਾਰ ਨੇ ਇਸ ਮਹੀਨੇ ਮੱਧ ਪੂਰਬ, ਉਤੱਰੀ ਅਫ਼ਰੀਕਾ, ਏਸ਼ੀਆ ਅਤੇ ਆਸਟ੍ਰੇਲੀਆ ਵਿੱਚ ਖ਼ੌਫ਼ਨਾਕ ਫ਼ਸਾਦ ਨੂੰ ਭੜਕਾ ਦਿੱਤਾ ਹੈ । ਇਸ ਫ਼ਿਲਮ ਦੇ ਕਈ ਭਾਗ ਯੂ-ਟਯੂਬ ਉਪੱਰ ਵੀ ਜਾਰੀ ਕੀਤੇ ਗਏ ਹਨ ਜਿਸ ਵਿੱਚ ਇਕ ਅਦਾਕਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਕਿਰਦਾਰ ਨਿਭਾ ਰਿਹਾ ਹੈ ਜੱਦ ਕਿ ਇਹ ਹਰਕਤ ਇਸਲਾਮੀ ਜਗਤ

ਲਈ ਸਖ਼ਤ ਹਰਾਮ ਸਮਝੀ ਜਾਂਦੀ ਹੈ ।

ਇਹ ਗੱਲ ਮੁਸਲਮਾਨਾਂ ਦੇ ਗੁੱਸੇ ਨੂੰ ਭੜਕਾਉਣ ਦਾ ਸਬਬ ਬਣੀ ਹੈ ਕਿ ਇਸ ਫ਼ਿਲਮ ਵਿੱਚ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਵੱਖ ਵੱਖ ਇਸਤਰੀਆਂ ਨਾਲ (ਨਊਜ਼ ਬਿਲੱਾਹ) ਜ਼ਨਾ ਕਰਦਿਆਂ ਹੋਇਆਂ ਅਤੇ ਬੱਚਿਆਂ ਨਾਲ ਸ਼ਰੀਰਕ ਸੰਬੰਧਾਂ ਦੀ ਆਗਿਆ ਦਿੰਦਿਆਂ ਹੋਇਆ ਦਿਖਾਇਆ ਗਿਆ ਹੈ। ਜੁੱਮੇ ਦੇ ਖ਼ੁਤਬੇ ਮਗਰੋਂ ਹਜ਼ੂਰ ਸਾਹਬ ਨੇ ਫ਼ਰਮਾਇਆ, ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਸ਼ਾਨ ਵਿੱਚ ਨਿੱਕੀ ਜਿਹੀ ਗ਼ੁਸਤਾਖ਼ੀ ਵੀ ਸਹਿਨ ਨਹੀ ਕਰ ਸਕਦੇ । ਕੀ ਇਸ ਗੱਲ ਨੂੰ ਵਿਚਾਰਾਂ ਦੀ ਆਜ਼ਾਦੀ ਦਾ ਨਾਂ ਦਿੱਤਾ ਜਾ ਨਕਦਾ ਹੈ ਕਿ ਕੋਈ ਆਪ ਦੇ ਸਾਹਮਣੇ ਆਪਦੇ ਮਾਂ ਬਾਪ ਦੀ ਤੌਹੀਨ ਕਰੇ ? ਆਪ ਅਵਸ਼ ਹੀ ਪ੍ਰਤੀਕ੍ਰਿਆ ਦਿਖਾਓਗੇ । ਆਪ ਨੇ ਦੂਸਰੇ ਧਰਮਾ ਦੀ ਬੇਅਦਬੀ ਨੂੰ ਕਾਨੂਨ ਦੇ ਵਿਰੁਧ ਕਰਾਰ ਦਿੱਤੇ ਜਾਣ ਦੀ ਸਲਾਹ ਦਿੱਤੀ ।

ਆਪ ਨੇ ਫ਼ਰਮਾਇਆ ਕਿ ਤਸ਼ੱਦਦ ਭਰਪੂਰ ਮੁਜ਼ਾਹਰੇ ਕਰਨ ਵਾਲੇ ਅਵਸ਼ ਹੀ ਇਸਲਾਮ ਦੀ ਸਿੱਖਿਆ ਉਪੱਰ ਅਮਲ ਨਹੀਂ ਕਰ ਰਹੇ । ਇਹ ਸਭ ਕੁਝ ਰਹਿਨੁਮਾ ਦੀ ਘਾਟ ਦਾ ਸਿੱਟਾ ਹੈ ।

ਆਪਨੇ ਵਧੇਰੇ ਜਾਨਕਾਰੀ ਦਿੰਦਿਆਂ ਫ਼ਰਮਾਇਆ, "ਮੁਸਲਮਾਨ ਜਿਵੇਂ ਇਹਤਿਜਾਜ ਕਰ ਰਹੇ ਹਨ ਇਹ ਢੰਗ ਠੀਕ ਨਹੀਂ ਹੈ ।"

ਅਮਰੀਕਾ ਵਿੱਚ ਬਣਾਈ ਗਈ ਫ਼ਿਲਮ ਨੇ ਸਾਰੇ ਇਸਲਾਮੀ ਜਗਤ ਵਿੱਚ ਖ਼ੂਨੀ ਫ਼ਸਾਦ ਲਈ ਉਕਸਾਇਆ ਹੈ । ਪਾਕਿਸਤਾਨ ਵਿੱਚ ਜੁੱਮੇ ਦੇ ਦਿਨ 21 ਸਤੰਬਰ ਨੂੰ ਹੋਣ ਵਾਲੇ ਤਸ਼ੱਦਦ ਭਰਪੂਰ ਮੁਜ਼ਾਹਰੇ ਵਿੱਚ 21 ਲੋਕ ਮਾਰੇ ਗਏ ਸਨ । ਹਫ਼ਤੇ ਦੇ ਦਿਨ ਪਾਕਿਸਤਾਨ ਦੀ ਹੁਕੂਮਤ ਦੇ ਇਕ ਮੰਤਰੀ ਨੇ ਅਖ਼ਬਾਰੀ ਨੁਮਾਇੰਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਜੋ ਮਨੁੱਖ ਵੀ ਅਮਰੀਕਾ ਵਿੱਚ ਬਨਣ ਵਾਲੀ ਇਸ ਫ਼ਿਲਮ ਦੇ ਪ੍ਰੋਡਿਊਸਰ ਨੂੰ ਕਤਲ ਕਰੇਗਾ ਉਸਨੂੰ ਇਕ ਲੱਖ ਡਾਲਰ ਇਨਾਮ ਦਿੱਤਾ ਜਾਵੇਗਾ । ਅਤੇ ਇੱਥੇ ਹੀ ਬਸ ਨਹੀਂ ਸਗੋਂ ਉਸ ਨੇ ਦਹਿਸ਼ਤ ਗਰਦ ਤੰਜ਼ੀਮਾ ਜਿਵੇਂ

ਅਲਕਾਇਦਾ ਅਤੇ ਤਾਲਬਾਨ ਤੋਂ ਵੀ ਇਸ ਫ਼ਿਲਮ ਬਨਾਉਣ ਵਾਲੇ ਨੂੰ ਜੋ ਇਸ ਸਮੇਂ ਰੂ ਪੋਸ਼ (ਲੁੱਕਿਆ) ਹੋਇਆ ਹੈ ਫ਼ੜਨ ਵਿੱਚ ਮਦਦ ਦੀ ਮੰਗ ਕੀਤੀ ਹੈ।

ਸਦਰ ਲਜਨਾ ਇਮਾਉਲੱਾਹ ਨਾਸਿਰਾ ਰਹਿਮਾਨ ਨੇ ਕਿਹਾ ਕਿ ਜਮਾਤ ਅਹਮਦੀਆ ਨੂੰ ਅਤਿਅੰਤ ਦੁੱਖ ਪਹੁੰਚਿਆ ਹੈ । ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਾਕੀਜ਼ਾਹ ਕਿਰਦਾਰ ਨੂੰ ਧੱਬਾ ਲਾਉਣ ਦਾ ਜਤਨ ਇਹ ਅਤਿਅੰਤ ਦਿਲ ਤੋੜਨ ਵਾਲਾ ਕਰਮ ਹੈ ਸਾਡੇ ਮਨ ਖ਼ੂਨ ਦੇ ਹੰਝੂ ਵਹਾ ਰਹੇ ਹਨ । ਇਹਤਿਜਾਜ ਕਰਨ ਵਾਲਿਆਂ ਬਾਰੇ ਉਹਨਾਂ ਨੇ ਕਿਹਾ ਕਿ ਇਹ ਮੁਸਲਮਾਨਾਂ ਦਾ ਕੰਮ ਨਹੀਂ ਕਿ ਇਸ ਪ੍ਰਕਾਰ ਦੀ ਸ਼ਰਾਰਤ ਕਰਨ ਵਾਲਿਆਂ ਨੂੰ ਆਪ ਹੀ ਦੰਡ ਦੇਣ ਸਗੋਂ ਇਸ ਮਸਲੇ ਦੇ ਹਲ ਲਈ ਲੋਕਾਂ ਨੂੰ ਰੱਬ ਅੱਗੇ ਦੁਆਵਾਂ ਕਰਨੀਆਂ ਚਾਹੀਦੀਆਂ ਹਨ ਅਤੇ ਅਜਿਹੇ ਮਾਮਲਿਆਂ ਨੂੰ ਆਪਣੇ ਹੱਥਾਂ ਵਿੱਚ ਨਹੀਂ ਲੈਣਾ ਚਾਹੀਦਾ ।

ਇਕ ਨਮਾਜ਼ ਪੜ੍ਹਨ ਆਏ ਅਹਮਦ ਮੁਰਤਜ਼ਾ ਆਫ਼ ਪਟਨੀ ਨੇ ਕਿਹਾ ਕਿ ਅਜਿਹੀਆਂ ਹਰਕਤਾਂ ਦਾ ਉਤੱਰ ਇਕ ਸ਼ਾਂਤੀ ਪੂਰਨ ਅਤੇ ਸੂਝਵਾਨ ਮੁਬਾਹਿਸੇ (ਤਰਕ ਵਿਤਰਕ) ਦੀ ਵਿਵਸਥਾ ਵਿੱਚ ਹੀ ਦਿੱਤਾ ਜਾਣਾ ਚਾਹੀਦਾ ਹੈ । ਉਹਨਾਂ ਨੇ ਕਿਹਾ,''ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਸਾਰੇ ਮੁਸਲਮਾਨ ਇਸ਼ਕ ਕਰਦੇ ਹਨ । ਇਸ ਗੱਲ ਦੀ ਸਾਨੂੰ ਬਚਪੁਣੇ ਤੋਂ ਹੀ ਸਿੱਖਿਆ ਦਿੱਤੀ ਜਾਂਦੀ ਹੈ ਕਿ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਜੂਦ ਨੂੰ ਸਾਰੀ ਮਨੁੱਖ ਜਾਤੀ ਤੋਂ ਵੱਧ ਮਹਿਬੂਬ ਰੱਖਣਾ ਹੈ । ਸਾਨੂੰ ਦੂਜਿਆਂ ਦੇ ਹੱਕਾਂ ਨੂੰ ਮਾਰਨਾ ਨਹੀਂ ਚਾਹੀਦਾ । ਹਰ ਇਕ ਦੇ ਵਿਚਾਰਾਂ ਦੀ ਆਜ਼ਾਦੀ ਦਾ ਘੇਰਾ ਉੱਥੇ ਖ਼ਤਮ ਹੋ ਜਾਂਦਾ ਹੈ ਜਿੱਥੇ ਦੂਸਰਿਆਂ ਦੇ ਜਜ਼ਬਿਆਂ ਦੀ ਹੱਦ ਆ ਜਾਂਦੀ ਹੈ ।''

ਜਮਾਤ ਅਹਮਦੀਆ ਦੇ ਲੋਕ ਆਪ ਵੀ ਪਾਕਿਸਤਾਨ ਜਿਹੇ ਤਸ਼ੱਦਦ ਭਰਪੂਰ ਇਸਲਾਮੀ ਦੇਸ਼ ਵਿੱਚ ਜ਼ੁਲਮ ਤੇ ਅਤਿਆਚਾਰ ਦਾ ਨਿਸ਼ਾਨਾ ਬਣੇ ਹੋਏ ਹਨ । ਕਿਉਂਕਿ ਉਹ ਆਪਣੇ ਰੂਹਾਨੀ ਰਹਿਨੁਮਾ (ਹਜ਼ਰਤ ਮਿਰਜ਼ਾ

ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ) ਨੂੰ ਇਸਲਾਮ ਵਿੱਚ ਪ੍ਰਗਟ ਹੋਣ ਵਾਲਾ ਇਕ ਨਬੀ ਸਵੀਕਾਰ ਕਰਦੇ ਹਨ ਜੱਦ ਕਿ ਮੁਸਲਮਾਨਾਂ ਦੀ ਅਧਿਕਤਰ ਗਿਣਤੀ ਇਹ ਅਕੀਦਾ (ਵਿਸ਼ਵਾਸ) ਰੱਖਦੀ ਹੈ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਆਖ਼ਰੀ ਨਬੀ ਸਨ । 2010 ਈ. ਵਿੱਚ ਇਸੇ ਅਖ਼ਬਾਰ ਨੇ ਇਸ ਗੱਲ ਤੋਂ ਵੀ ਪਰਦਾ ਚੁੱਕਿਆ ਸੀ ਕਿ ਦੱਖਣੀ ਲੰਦਨ ਵਿੱਚ ਸਖ਼ਤ ਫ਼ਿਰਕਾ ਪਰਸਤ ਧਾਰਮਕ ਲੋਕਾਂ ਨੇ ਅਹਮਦੀਆ ਫਿਰਕੇ ਦੇ ਲੋਕਾਂ ਨਾਲ ਕਿਵੇਂ ਅਪਮਾਨ ਜਨਕ ਤੇ ਭੇਦ ਭਾਵ ਵਾਲਾ ਸੁਲੂਕ ਰੱਖਿਆ ਅਤੇ ਟੂਟਿੰਗ (Tooting) ਵਿੱਚ ਇਹਨਾ ਦੇ ਰੁਜ਼ਗਾਰ ਅਤੇ ਸਿਆਸੀ ਉਮੀਦਵਾਰਾਂ ਨੂੰ ਨਿਸ਼ਨਾ ਬਣਾਇਆ ।

ਇਸੇ ਸਾਲ ਲਾਹੌਰ ਵਿੱਚ ਦਹਿਸ਼ਤ ਗਰਦਾਂ ਨੇ 93 ਅਹਮਦੀਆਂ ਨੂੰ ਸ਼ਹੀਦ ਕਰ ਦਿੱਤਾ ਜੱਦ ਕਿ ਉਹ ਮਸਜਿਦ ਵਿੱਚ ਇਬਾਦਤ ਕਰ ਰਹੇ ਸਨ । ਇਹਨਾਂ ਸ਼ਹੀਦਾਂ ਵਿੱਚ Sispara Gardens, Southfields ਦੇ ਰਹਿਣ ਵਾਲੇ ਮੁਹਮੱਦ ਅਸ਼ਰਫ਼ ਬਿਲਾਲ ਵੀ ਸਨ ਜੋ ਆਪਣੇ ਕਾਰੋਬਾਰ ਦੇ ਸੰਬੰਧ ਵਿੱਚ ਪਾਕਿਸਤਾਨ ਗਏ ਹੋਏ ਸਨ ।

----★★★ -----★★★-----★★★----

**News Track India**
**Mon, 24th September 2012**
**ANI**

## ਵਿਚਾਰਾਂ ਦੀ ਆਜ਼ਾਦੀ ਦੇ ਨਾਂ'ਤੇ ਪੂਰੀ ਦੁਨੀਆ ਦੇ ਅਮਨ ਨੂੰ ਬਰਬਾਦ ਨ ਹੋਣ ਦਿੱਤਾ ਜਾਵੇ : ਜਮਾਤ ਅਹਮਦੀਆ ਦੇ ਵਿਸ਼ਵ ਵਿਆਪੀ ਰਹਿਨੁਮਾ

### ਜਮਾਤ ਅਹਮਦੀਆ ਪਾਕਿਸਤਾਨ ਦੇ ਸਰਬਰਾਹ ਨੇ ਫ਼ਰਮਾਇਆ ਹੈ ਕਿ ਇਸਲਾਮ ਦੁਸ਼ਮਨ ਫ਼ਿਲਮ ਦੇ ਅਨੁਸਾਰ ਮੁਸਲਮਾਨਾਂ ਦਾ ਦੁੱਖ ਤੇ ਗੁਸੱਾ ਹਰ ਪੱਖੋਂ ਉਚਿਤ ਹੈ ।

ਇਸਲਾਮਾਬਾਦ : 24 ਸਤੰਬਰ 2012, ਏ.ਐਨ.ਆਈ. : ਜਮਾਤ ਅਹਮਦੀਆ ਪਾਕਿਸਤਾਨ ਦੇ ਰਹਿਨੁਮਾ ਨੇ ਫ਼ਰਮਾਇਆ ਕਿ ਇਸਲਾਮ ਦੁਸ਼ਮਨ ਫ਼ਿਲਮ ਅਨੁਸਾਰ ਮੁਸਲਮਾਨਾਂ ਦਾ ਦੁੱਖ ਤੇ ਗੁਸੱਾ ਹਰ ਪੱਖੋਂ ਉਚਿਤ ਹੈ, ਪਰ ਫਿਰ ਵੀ ਤਸ਼ੱਦਦ ਭਰਪੂਰ ਪ੍ਰਤੀ ਕ੍ਰਿਆ ਦਾ ਖੰਡਨ ਕੀਤਾ । Th Express Tribune ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਦੇ ਬਿਆਨ ਵਿੱਚੋਂ ਸ਼ਬਦ ਦਰਜ ਕਰਦਿਆਂ ਹੋਇਆਂ ਲਿੱਖਦਾ ਹੈ, ''ਸੋ, ਇਹ ਉਹਨਾਂ (ਅਰਥਾਤ ਗ਼ੈਰ ਮੁਸਲਮਾਨਾਂ) ਦੀ ਇਸਲਾਮ ਦੇ ਟਾਕਰੇ'ਤੇ ਅਪਮਾਨ ਤੇ ਹਾਰ ਹੈ ਜੋ ਉਹਨਾ ਨੂੰ ਵਿਚਾਰਾਂ ਦੀ ਆਜ਼ਾਦੀ ਦੇ ਨਾਂ'ਤੇ ਬੇਹੂਦਾ ਪੁਣੇ ਲਈ ਉਕਸਾ ਰਹੀ ਹੈ ।''

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਕਿਹਾ ਕਿ ਦੁਨੀਆ ਵਿੱਚ ਰਹਿੰਦੇ ਸਾਰੇ ਮੁਸਲਮਾਨ ਨੂੰ ਇਕ ਹੋਕੇ ਇਸ ਫ਼ਿਲਮ ਦੇ ਖ਼ਿਲਾਫ਼ ਸ਼ਾਂਤੀ ਪੂਰਨ ਢੰਗ ਨਾਲ ਆਨਦੋਲਨ ਕਰਨਾ ਚਾਹੀਦਾ ਹੈ । ਜਿਸ ਫ਼ਿਲਮ ਨੇ ਸਾਰੇ ਇਸਲਾਮਮੀ ਜਗਤ ਵਿੱਚ ਕਰੜੇ ਦੁੱਖ ਤੇ ਗੁੱਸੇ ਦੇ ਜਜ਼ਬਿਆਂ ਨੂੰ ਵਲੂੰਦਰਿਆ ਹੈ। ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਇਸ ਗੱਲ ਦੀ ਵੀ ਮੰਗ ਕੀਤੀ ਕਿ ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ ਲਈ ਹੱਦ ਬੰਦੀ

ਕੀਤੀ ਜਾਵੇ ਤਾਂ ਜੋ ਲੋਕਾਂ ਦੇ ਧਾਰਮਕ ਜਜ਼ਬਿਆਂ ਦੀ ਸੁਰੱਖਿਆ ਕੀਤੀ ਜਾ ਸਕੇ । ਉਹਨਾਂ ਨੇ ਵੱਖ ਵੱਖ ਦੇਸ਼ਾਂ ਵਿੱਚ ਦੇਖੇ ਗਏ ਤਸ਼ੱਦਦ ਭਰਪੂਰ ਪ੍ਰਤੀ ਕ੍ਰਿਆਵਾਂ ਦਾ ਕੜੇ ਸ਼ਬਦਾਂ ਵਿੱਚ ਖੰਡਨਕੀਤਾ ਜਿੰਨ੍ਹਾ ਦੇ ਸਿੱਟੇ ਵੱਜੋਂ ਨਿਰਦੋਸ਼ੇ ਲੋਕਾਂ ਜਿੰਨ੍ਹਾਂ ਵਿੱਚ ਕੁਝ ਦੇਸ਼ਾਂ ਦੇ ਦੂਤ ਅਤੇ ਦੂਤਾਵਾਸ ਦੇ ਕਰਮਚਾਰੀ ਵੀ ਸ਼ਾਮਲ ਸਨ ਕਤਲ ਕੀਤਾ ਗਿਆ । (ਏ.ਐਨ.ਆਈ)

ਇਕ ਇਸਰਾਈਲੀ ਨਸਲ ਦੇ ਅਮਰੀਕੀ ਵੱਲੋਂ ਬਣਾਈ ਹੋਈ ਫ਼ਿਲਮ ਜਿਸ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ (ਨਊਜ਼ ਬਿਲੱਾਹ) ਧੋਖੇਬਾਜ਼, ਬੱਚਿਆਂ ਨਾਲ ਸ਼ਰੀਰਕ ਸੰਬੰਧ ਰੱਖਣ ਵਾਲਾ ਅਤੇ ਇਸਤਰੀਆਂ ਦੇ ਰਸੀਯਾ ਦੇ ਰੂਪ ਵਿੱਚ ਦਿਖਾਇਆ ਗਿਆ ਹੈ, ਪੂਰਨ ਇਸਲਾਮੀ ਜਗਤ ਵਿੱਚ ਇਕ ਹਲਚਲ ਪੈਦਾ ਕਰ ਦਿੱਤੀ ਜਿਸ ਦੇ ਸਿੱਟੇ ਵੱਜੋਂ ਅਮਰੀਕਾ ਦੇ ਖ਼ਿਲਾਫ਼ ਤਸ਼ੱਦਦ ਭਰਪੂਰ ਵਿਸ਼ਵਵਿਆਪੀ ਮੁਜ਼ਾਹਰੇ ਦੇਖਣ ਵਿੱਚ ਆਏ ।

----★★★ -----★★★-----★★★----

**Metro News Ottawa, Canada**
**By Graham Lanktree**
**September 28, 2012**

## ਮੁਸਲਿਮ ਰਹਿਨੁਮਾ ਦੀ ਅਮਨ ਦੀ ਅਪੀਲ
### ਭੜਕਾਉ ਫ਼ਿਲਮ, ਵਿਚਾਰਾਂ ਦੀ ਆਜ਼ਾਦੀ ਦੀਆਂ ਹੱਦਾ ਤੋਂ ਪਾਰ ਹੈ

ਵਿਸ਼ਵ ਵਿਆਪੀ ਅਹਮਦੀਆ ਜਮਾਤ ਦੇ ਇਮਾਮ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਪੰਜਵੇਂ ਰੂਹਾਨੀ ਖ਼ਲੀਫ਼ਾ ਨੇ 21 ਸਤੰਬਰ ਨੂੰ ਸਾਰਿਆਂ ਮੁਸਲਮਾਨਾਂ ਤੋਂ ਮੰਗ ਕੀਤੀ ਹੈ ਕਿ ਉਹ ਇਸ ਫ਼ਿਲਮ ਇੰਨੋਸੈਂਸ ਆਫ਼ ਮੁਸਲਿਮ (Innocence of Muslims) ਦੇ ਵਿਰੁਧ ਸ਼ਾਂਤੀ ਪੂਰਨ ਢੰਗ ਨਾਲ ਇਕਜੁੱਟ ਹੋ ਜਾਣ ।

ਇਕ ਗ਼ੈਰ ਵਪਾਰਕ ਫ਼ਿਲਮ ਜਿਸ ਵਿੱਚ ਮੁਸਲਮਾਨਾਂ ਦੇ ਧਰਮ ਉਪੱਰ ਕਰੜੀ ਸੱਟ ਮਾਰੀ ਗਈ ਹੈ ਦੇ ਵਿਰੁਧ ਕਈ ਹਫ਼ਤਿਆਂ ਤੋਂ ਜਾਰੀ ਤਸ਼ੱਦਦ ਤੇ ਮੁਜ਼ਾਹਰਿਆਂ ਦੇ ਬਾਦ ਓਟਾਵਾਂ ਦੀ ਇਕ ਮੁਸਲਿਮ ਜਮਾਤ ਹਫ਼ਤੇ ਦੇ ਦਿਨ ਇਕ ਸਮਾਗਮ ਵਿੱਚ ਇਸ ਤਸ਼ੱਦਦ ਨੂੰ ਖ਼ਤਮ ਕਰਨ ਦੀ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ ਲਈ ਹੱਦਾਂ ਨਿਰਧਾਰਤ ਕਰਨ ਦੀਆਂ ਮੰਗ ਕਰੇਗੀ ।

ਇਕ ਇਸਲਾਮੀ ਪ੍ਰਚਾਰਕ ਅਤੇ ਜਮਾਤੀ ਅਹੁਦੇਦਾਰ ਇਮਤਿਆਜ਼ ਅਮਹਦ ਨੇ ਕਿਹਾ, ''ਝੰਡੇ ਸਾੜਨਾ, ਦੇਸ਼ ਦੇ ਧੰਨ ਮਾਲ ਨੂੰ ਅਗੱਾਂ ਲਾਉਣੀਆਂ ਅਤੇ ਨਿਰਦੋਸ਼ੇ ਲੋਕਾਂ ਨੂੰ ਜਿੰਨ੍ਹਾ ਵਿੱਚ ਵਿਦੇਸ਼ੀ ਦੂਤ ਵੀ ਸ਼ਾਮਲ ਹਨ ਕਤਲ ਕਰਨਾ ਉੱਕਾ ਹੀ ਇਸਲਾਮੀ ਸਿੱਖਿਆ ਦੇ ਵਿਪਰੀਤ ਹੈ । ਅਵਸ਼ ਹੀ ਵਿਚਾਰਾਂ ਦੀ ਆਜ਼ਾਦੀ ਅਤੇ ਦੂਸਰਿਆਂ ਦੇ ਧਾਰਮਕ ਜਜ਼ਬਿਆਂ ਵਿਚਕਾਰ ਸੂਖਮ ਹੱਦ ਹੈ । ਜੱਦ ਸਾਡੇ ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ ਕਰਕੇ ਦੂਸਰਿਆਂ ਦੇ ਜਜ਼ਬਿਆਂ ਨੂੰ ਸੱਟ ਵਜਦੀ ਹੈ ਤਾਂ ਸਾਨੂੰ ਉਸਦੀ ਹੱਦ

ਬੰਦੀ ਨਿਰਧਾਰਤ ਕਰਨੀ ਚਾਹੀਦੀ ਹੈ।''

ਇਮਤਿਆਜ਼ ਅਹਮਦ ਦੇ ਕਥਨ ਅਨੁਸਾਰ ਤਸ਼ੱਦਦ ਭਰਪੂਰ ਪ੍ਰਤੀਕ੍ਰਮ ਦੇ ਖ਼ਿਲਾਫ਼ ਓਟਾਵਾ ਵਿੱਚ ਮੌਜੂਦ ਅਹਮਦੀਆ ਜਮਾਤ ਜੋ ਕਿ ਇਕ ਅਲਪ ਸੰਖਿਅਕ ਇਸਲਾਮੀ ਫ਼ਿਰਕਾ ਹੈ ਅਤੇ ਪਾਕਿਸਤਾਨ ਵਿੱਚ ਭੇਦ ਭਾਵ ਦੇ ਵਰਤਾਉ ਦਾ ਸ਼ਿਕਾਰ ਹੈ, ਦੇ 400 ਲੋਕ ਇਕਤੱਰ ਹੋਣਗੇ । ਉਹਨਾਂ ਕਿਹਾ, ''ਅਜਿਹੀਆਂ ਹਰਕਤਾਂ ਦੇ ਵਿਰੁਧ ਆਨਦੋਲਨ ਦਾ ਸਭ ਤੋਂ ਚੰਗਾ ਸਾਧਨ ਇਹ ਹੈ ਕਿ ਅਸੀਂ ਆਪਣੇ ਰੱਬ ਤੋਂ ਦੁਆ ਰਾਹੀਂ ਉਸ ਦੀ ਮਦਦ ਮੰਗੀਏ ਤੇ ਅਮਲੀ ਰੂਪ ਵਿੱਚ ਚੰਗੇ ਤੋਂ ਚੰਗੇ ਇਸਲਾਮੀ ਨਮੂਨੇ ਪੇਸ਼ ਕਰੀਏ । ਤਸ਼ੱਦਦ ਕਿਸੇ ਵੀ ਮਾਮਲੇ ਦਾ ਹਲ ਨਹੀਂ ਹੈ । ਇਸੇ ਪ੍ਰਕਾਰ ਅਸੀਂ ਅਮਰੀਕਾ ਵਿੱਚ ਬਣਾਈ ਜਾਣ ਵਾਲੀ ਫ਼ਿਲਮ ਅਤੇ ਫ਼੍ਰਾਂਸ ਵਿੱਚ ਵਿੱਚ ਪ੍ਰਕਾਸ਼ਤ ਹੋਣ ਵਾਲੇ ਕਾਰਟੂਨਾਂ ਦੀ ਕੜੇ ਸ਼ਬਦਾਂ ਵਿੱਚ ਨਿਖੇਦੀ ਕਰਦੇ ਹਾਂ।''

ਜਮਾਤ ਅਹਮਦੀਆ ਦੇ ਰੂਹਾਨੀ ਰਹਿਨੁਮਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ 21 ਸਤੰਬਰ ਨੂੰ ਇਸ ਗੱਲ ਦੀ ਮੰਗ ਕੀਤੀ ਹੈ ਕਿ ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ ਲਈ ਹੱਦ ਬੰਦੀ ਨਿਰਧਾਰਤ ਹੋਣੀ ਚਾਹੀਦੀ ਹੈ ਤਾਂ ਜੋ ਸਾਰਿਆਂ ਲੋਕਾਂ ਦੇ ਧਾਰਮਕ ਜਜ਼ਬਿਆਂ ਦੀ ਸੁਰੱਖਿਆ ਕੀਤੀ ਜਾ ਸਕੇ । ਇਮਤਿਯਾਜ਼ ਅਹਮਦ ਨੇ ਕਿਹਾ ਕਿ ਅਸੀਂ ਕੈਨੇਡਾ ਦੀ ਸਰਕਾਰ ਦੇ ਧੰਨਵਾਦੀ ਹਾਂ ਕਿ ਉਹਨਾਂ ਨੇ ਸਾਨੂੰ ਆਪਣੇ ਧਰਮ ਉਪੱਰ ਅਮਲ ਕਰਨ ਦੀ ਪੂਰਨ ਆਜ਼ਾਦੀ ਦਿੱਤੀ ਹੋਈ ਹੈ, ਜੱਦ ਕਿ ਅਸੀਂ ਆਪਣੇ ਦੇਸ਼ (ਪਾਕਿਸਤਾਨ) ਵਿੱਚ ਆਪਣੇ ਆਪ ਨੂੰ ਮੁਸਲਮਾਨ ਵੀ ਨਹੀਂ ਕਹਿ ਸਕਦੇ ।

ਉਹਨਾਂ ਨੇ ਪਾਕਿਸਤਾਨ ਵਿੱਚ ਰਹਿੰਦੇ ਪੰਜ ਮਿਲਯਨ ਅਹਮਦੀਆਂ ਉਪੱਰ ਹੋਣ ਵਾਲੇ ਅਨੇਕਾਂ ਮਜ਼ਾਲਮ ਅਤੇ ਹਮਲਿਆਂ ਦਾ ਵੀ ਵਰਨਣ ਕੀਤਾ। ੳਹਨਾਂ ਕਿਹਾ, ''ਹਰ ਧਕਮ ਆਪਣੇ ਨਬੀ ਦਾ ਮਾਣ ਤੇ ਸਮੱਾਨ ਕਰਦਾ ਹੈ । ਈਸਾਈ ਹਜ਼ਰਤ ਈਸਾ ਅਲੈਹਿ ਸਲਾਮ ਦਾ ਸਮੱਾਨ ਕਰਦੇ ਹਨ । ਪਰ ਕਈ ਵਾਰ ਜਾਹਲ ਪਾਦਰੀ ਲੋਕਾਂ ਦੇ ਜਜ਼ਬਿਆਂ ਨੂੰ ਜ਼ਾਤੀ ਲਾਭ

ਉਠਾਉਣ ਲਈ ਵਰਤ ਲੈਂਦੇ ਹਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਕਦੇ ਵੀ ਇਹ ਸਿੱਖਿਆ ਨਹੀਂ ਦਿੱਤੀ ਕਿ ਇਹਤਿਜਾਜ ਲਈ ਸੜਕਾਂ ਉਪੱਰ ਨਿਕਲਿਆ ਜਾਵੇ ਅਤੇ ਫ਼ਸਾਦ ਖੜਾ ਕੀਤਾ ਜਾਵੇ ।"

ਇਮਤਿਯਾਜ਼ ਅਹਮਦ 29 ਸਤੰਬਰ ਨੂੰ ਹਫ਼ਤੇ ਵਾਲੇ ਦਿਨ ਸ਼ਾਮ ਨੂੰ ਪੰਜ ਵਜੇ ਮਾਰਕਿਟ ਸਟ੍ਰੀਟ, ਕੰਬਰਲੈਂਡ ਵਿੱਚ ਇਕ ਵਾਰਤਾ ਸਮਾਗਮ ਦਾ ਆਯੋਜਨ ਕਰਨਗੇ ਜਿਸ ਵਿੱਚ ਇਸ ਤਸ਼ੱਦਦ ਭਰਪੂਰ ਰਵੀਈਏ ਦੀ ਨਿਖੇਦੀ ਕੀਤੀ ਜਾਵੇ ਗੀ

# ONE NEWS

## ਇਕ ਟੀ ਵੀ ਚੈਨਲ One News ਦੀ ਰਿਪੋਰਟ

.....ਯੁਰੋਪ ਵਿੱਚ ਨਿਆਂ ਪਸੰਦ ਮੁਸਲਿਮ ਰਹਿਨੁਮਾ ਇਹ ਜਤਨ ਕਰ ਰਹੇ ਹਨ ਕਿ ਉਹਨਾਂ'ਤੇ ਤਸ਼ੱਦਦ ਭਰਪੂਰ ਇਹਤਿਜਾਜਾਂ ਤੋਂ ਆਪਣੇ ਖੇਤਰ ਨੂੰ ਬਚਾਉਣ । ਯੁਰੋਪ ਵਿੱਚ ਸਾਡੇ ਨੁਮਾਇੰਦੇ Garth Bray ਨੂੰ ਲੰਦਨ ਵਿੱਚ ਇਕ ਮਸਜਿਦ ਵਿੱਚ ਦਾਖ਼ਲੇ ਦੀ ਵਿਸ਼ੇਸ਼ ਆਗਿਆ ਮਿਲੀ । ਜਿਵੇਂ ਕਿ ਏਸ਼ੀਆ ਅਤੇ ਮੱਧ ਪੂਰਬ ਵਿੱਚ ਅਮਰੀਕੀ ਝੰਡੇ ਸਾੜੇ ਜਾ ਰਹੇ ਹਨ ਅਤੇ ਪੈਰਿਸ ਵਿਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨੰਗੇ ਕਾਰਟੂਨਾ ਦੀ ਪ੍ਰਕਾਸ਼ਨਾ ਨਾਲ, ਸ਼ਾਂਤੀ ਪੂਰਨ ਢੰਗ ਨਾਲ ਰਹਿਣ ਦੀਆਂ ਸਾਰੀਆਂ ਅਪੀਲਾਂ ਅਜਾਈਂ ਜਾ ਰਹੀਆਂ ਹਨ ਅਤੇ ਅਜਿਹਾ ਹੀ ਬਰਤਾਨੀਆ ਵਿੱਚ ਵੀ ਹੈ । "ਮੈਂਨੂੰ ਬੜੇ ਚਾਹ ਨਾਲ ਆਪਣੇ ਨਿਆਂ ਭਰਪੂਰ ਵਿਚਾਰ ਸੁਨਾਉਣ ਲਈ ਸੱਦਿਆ ਗਿਆ ਅਤੇ ਉਹਨਾਂ ਦੋਹਾਂ ਇਸਤਰੀ ਨੁਮਾਇੰਦਿਆਂ ਨੂੰ ਵੀ ਜੀ ਆਇਆਂ ਨੂੰ ਕਿਹਾ ਗਿਆ ।"

ਖਲੀਫ਼ਾ ਨੇ ਫਿਲਮ ਅਤੇ ਕਾਰਟੂਨ ਬਨਾਉਣ ਵਾਲਿਆਂ ਦੀ ਨਿਖੇਦੀ ਕੀਤੀ ਅਤੇ ਫ਼ਰਮਾਇਆ ਕਿ "ਅਲੱਾਹ ਤਆਲਾ ਅਵਸ਼ ਹੀ ਉਹਨਾਂ ਲੋਕਾਂ ਨਾਲ ਨਰਕ ਨੂੰ ਭਰ ਦੇਵੇਗਾ ।"
ਪਰ ਨਾਲ ਸਰੋਤਿਆਂ ਨੂੰ ਇਹ ਚਿਤਾਵਨੀ ਕਰਾਈ ਕਿ ਇਹ ਉਹਨਾਂ ਦਾ ਕੰਮ ਨਹੀ ਕਿ ਉਹ ਸ਼ਰਾਰਤ ਕਰਨ ਵਾਲਿਆਂ ਨੂੰ ਆਪ ਦੰਢ ਦਿੰਦੇ ਫਿਰਨ ।

"ਅਸੀਂ ਕਿਸੇ ਵੀ ਫ਼ਸਾਦ ਤੇ ਅਤੇ ਤਸ਼ੱਦਦ ਉਪੱਰ ਵਿਸ਼ਵਾਸ ਨਹੀਂ ਰੱਖਦੇ। ਆਪ ਨੇ ਇਹ ਕਦੇ ਨਹੀਂ ਦੇਖਿਆ ਹੋਵੇਗਾ ਕਿ ਕੋਈ ਅਹਮਦੀ ਕਿਸੇ ਪ੍ਰਕਾਰ ਦੇ ਇਹਤਿਜਾਜ ਵਿੱਚ ਸ਼ਾਮਲ ਪਾਇਆ ਗਿਆ ਹੋਵੇ ।"

ਜਿੰਨਾ ਲੋਕਾਂ ਨੇ ਲੰਦਨ ਦੇ ਦੱਖਣ ਪਛੱਮ ਵੱਲ ਮਸਜਿਦ ਬਣਾਈ

ਹੈ, ਉਹਨਾ ਦਾ ਦਾਵਾ ਹੈ ਕਿ ਇਹ ਦਖੱਣੀ ਯੂਰੋਪ ਵਿੱਚ ਸਭ ਤੋਂ ਵੱਡੀ ਮਸਜਿਦ ਹੈ । ਇਸ ਮਸਜਿਦ ਵਿੱਚ ਦਿਤੱਾ ਜਾਣ ਵਾਲਾ ਖ਼ੁਤਬਾ ਦੁਨੀਆ ਦੇ ਸੈਂਕੜਿਆਂ ਦੇਸ਼ਾਂ ਵਿੱਚ ਰਹਿੰਦੇ ਲੋਕਾਂ ਨੇ ਸੁਣਿਆ ਹੋਵੇਗਾ । ਜਿਸ ਵਿੱਚ ਉਹਨਾਂ ਨੇ ਇਸ ਗੱਲ ਦਾ ਸਮਰਥਨ ਕੀਤਾ ਹੈ ਕਾਰਟੂਨ ਅਤੇ ਫ਼ਿਲਮ ਰਾਹੀਂ ਹੋਣ ਵਾਲੀ ਧਾਰਮਕ ਬੇਅਦਬੀ (ਤੌਹੀਨ) ਦਾ ਉਤੱਰ ਕੇਵਲ ਭਾਸ਼ਾ ਰਾਹੀਂ ਹੀ ਦੇਣਾ ਹੈ । ਪਰ ਉਹਨਾਂ ਦੇ ਖ਼ਲੀਫ਼ਾ ਨੇ ਇਸ ਗੱਲ ਨੂੰ ਮੰਨਿਆ ਕਿ ਅਨੇਕਾਂ ਹੀ ਮੁਸਲਮਾਨ ਇਸ ਤੋਂ ਵੀ ਵੱਧ ਕੇ ਤਸ਼ਦੱਦ ਤੇ ਇਹਤਿਜਾਜ ਕਰਨ ਉਪੱਰ ਤੁਲੇ ਹੋਏ ਹਨ । ਉਹਨਾ ਨੇ ਕਿਹਾ, ਇਹ ਕੇਵਲ ਪਛੱਮ ਨਾਲ ਨਫ਼ਰਤ ਦਾ ਸਿਟੱਾ ਨਹੀਂ ਸਗੋਂ ਇਸ ਦੇ ਪਿੱਛੇ ਕੁਝ ਅਜਿਹੇ ਲੋਕਾਂ ਦਾ ਹੱਥ ਹੈ ਜੋ ਤਸ਼ੱਦਦ ਰਾਹੀਂ ਆਪਣੇ ਪੈਰੋਕਾਰਾਂ ਵਿੱਚ ਵਾਧਾ ਕਰਨਾ ਚਾਹੁੰਦੇ ਹਨ ।

ਅਵਸ਼ ਹੀ ਇਕ ਅਲਪ ਸੰਖਿਅਕ ਫ਼ਿਰਕੇ ਦੇ ਰਹਿਨੁਮਾ ਹੁੰਦਿਆਂ ਹੋਇਆਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹਨਾਂ ਦੇ ਉਪਦੇਸ਼ਾਂ ਉਪੱਰ ਬਹੁਤੇ ਲੋਕ ਕੰਨ ਧਰਨਗੇ । ਜਾਂ ਪਿਸ਼ਾਵਰ ਜਿਹੇ ਖੇਤਰਾਂ ਵਿੱਚ ਇਹ ਉਪਦੇਸ਼ ਤਸ਼ੱਦਦ ਨੂੰ ਠੱਲ੍ਹ ਪਾਉਣ ਵਿੱਚ ਕਿਸੇ ਪ੍ਰਕਾਰ ਸਹਾਈ ਹੋਣਗੇ ।

----★★★ -----★★★-----★★★----

ਬਾਦਾ ਅਜ਼ ਖ਼ੁਦਾ ਬ ਇਸ਼ਕੇ ਮੁਹਮੱਦ ਮੁਖ਼ਮੱਰਮ ।
ਗਰ ਕੁਫ਼ਰ ਈਂ ਬਵਦ ਬ ਖ਼ੁਦਾ ਸਖ਼ਤ ਕਾਫ਼ਰਮ ।।
(ਬਾਨੀ ਅਹਮਦੀਆ ਮੁਸਲਿਮ ਜਮਾਤ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ)

ਅਰਥ : ਮੈਂ ਰੱਬ ਦੇ ਬਾਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਦੀ ਖ਼ੁਮਾਰੀ ਵਿੱਚ ਲੀਨ ਹਾਂ, ਜੇਕਰ ਇਹ ਕੁਫ਼ਰ ਹੈ ਤਾਂ ਰੱਬ ਦੀ ਸਹੁੰ ਮੈਂ ਸਭ ਤੋਂ ਵੱਡਾ ਕਾਫ਼ਰ ਹਾਂ ।

# ਇਸਲਾਮ ਦੇ ਬਾਨੀ

# ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ

## ਬਾਰੇ

## ਰਹਿਨੁਮਾਵਾਂ, ਇਤਿਹਾਸਕਾਰਾਂ, ਵਿਆਖ਼ਿਆਕਾਰਾਂ ਅਤੇ ਸਲਾਹਕਾਰਾਂ ਦੇ ਕੁਝ ਕਥਨ

# ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਮਹਾਨਤਾ ਬਾਰੇ ਹੋਰਨਾ ਬੁੱਧੀਜੀਵਿਆਂ ਦੇ ਸ਼ਰਧਾ ਪੂਰਨ ਵਿਚਾਰ

ਜਾਰਜ ਸੇਲ (George sale) ਇਕ ਲੇਖਕ ਹਨ ਜਿੰਨ੍ਹਾ ਨੇ ਕੁਰਆਨ ਕਰੀਮ ਦਾ ਅੰਗ੍ਰੇਜ਼ੀ ਅਨੁਵਾਦ ਕੀਤਾ ਹੈ । ਅਨੁਵਾਦ ਤੋਂ ਪਹਿਲਾਂ ਇਕ ਲੰਮਾ ਮੁੱਖ ਬੰਦ ਲਿੱਖਿਆ ਹੈ, ਜਿਸਦੇ ਪਾਠ To the reader ਵਿੱਚ Spanhemious ਦੇ ਹਵਾਲੇ ਨਾਲ ਲਿਖਦਾ ਹੈ ਕਿ :

"ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਪੂਰਨ ਰੂਪ ਵਿੱਚ ਸੁਭਾਵਕ ਯੋਗਤਾਵਾਂ ਨਾਲ ਇਸ਼ੰਗਾਰੇ ਹੋਏ ਸਨ, ਸ਼ਕਲ ਵਿੱਚ ਅਤਿ ਸੁੰਦਰਤਾ, ਸੂਝਵਾਨ ਅਤੇ ਦੂਰਦਰਸ਼ੀ ਵਾਲੇ ਸਨ । ਮਨਮੋਹਕ ਤੇ ਮਿਲਨਸਾਰ। ਗ਼ਰੀਬਪਰਵਰ, ਹਰ ਇਕ ਨਾਲ ਸੰਤੁਲਨ, ਦੁਸ਼ਮਨ ਦੇ ਟਾਕਰੇ'ਤੇ ਸਾਹਿਬੇ ਕਮਾਲ ਦ੍ਰਿੜਤਾ ਤੇ ਸੂਝਵਾਨ । ਸਭ ਤੋਂ ਵੱਧਕੇ ਇਹ ਕਿ ਰੱਬ ਦੇ ਨਾਂ ਦਾ ਅਤਿਅੰਤ ਅਦਬ ਤੇ ਸਤਿਕਾਰ ਕਰਨ ਵਾਲੇ ਸਨ । ਝੂਠੀਆਂ ਸਹੁੰਆਂ ਖਾਣ ਵਾਲਿਆਂ, ਜ਼ਨਾ ਕਰਨ ਵਾਲਿਆਂ, ਅਤਿਆਚਾਰੀਆਂ, ਝੂਠੀਆਂ ਊਝਾਂ ਲਾਉਣ ਵਾਲਿਆਂ, ਫ਼ਜ਼ੂਲ ਖਰਚੀ ਕਰਨ ਵਾਲਿਆਂ, ਲੋਭੀਆਂ ਅਤੇ ਝੂਠੀਆਂ ਗਵਾਹੀਆਂ ਦੇਣ ਵਾਲਿਆਂ ਦੇ ਖ਼ਿਲਾਫ਼ ਅਤਿਅੰਤ ਕਠੋਰ ਸਨ । ਮਿਲਵਰਤਨ, ਦਾਨ ਦੱਖਿਣਾ, ਮਿਹਰ ਤੇ ਰਹਿਮ, ਧੰਨਵਾਦੀ ਹੋਣਾ, ਮਾਪਿਆਂ ਅਤੇ ਵਡੇਰਿਆਂ ਦੇ ਸਤਿਕਾਰ ਦੀ ਵਿਸ਼ੇਸ਼ ਤਾਕੀਦ ਕਰਨ ਵਾਲੇ ਅਤੇ ਰੱਬ ਦੀ ਹਮਦ ਸਨਾ ਤੇ ਵੱਡਿਆਈ ਵਿੱਚ ਅਧਿਕਤਰ ਲੀਨ ਰਹਿਣ ਵਾਲੇ ਸਨ ।"

(The Koran by George Sale, Gent, fifth edition, Philadelphia; J.B.Lippincott & co. 1860, page iv-iiv)

--- --- ---- --- --- --- --- --- --- --- --- --- --- --- --- ---

**ਇਕ ਲੇਖਕ ਸਟੇਨਲੇ ਲੇਨ-ਪੋਲ** (Stanley Lane-poole) ਲਿਖਦਾ ਹੈ ਕਿ : ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਆਪਣੇ ਪੈਤ੍ਰਿਕ ਸ਼ਹਿਰ ਮੱਕੇ ਵਿੱਚ ਜੱਦ ਵਿਜੇਈ ਹੋਕੇ ਦਾਖ਼ਲ ਹੋਏ ਅਤੇ ਮੱਕਾ ਵਾਸੀ ਜੋ ਕਿ ਆਪਦੇ ਜਾਨੀ ਦੁਸ਼ਮਨ ਅਤੇ ਖ਼ੂਨ ਦੇ ਪਿਆਸੇ ਸਨ, ਆਪ ਨੇ ਉਹਨਾ ਸਾਰਿਆਂ ਨੂੰ ਮੁਆਫ਼ ਕਰ ਦਿਤੱਾ । ਇਹ ਇਕ ਅਜਿਹੀ ਫ਼ਤਿਹ ਸੀ ਅਤੇ ਇਕ ਅਜਿਹਾ ਪਵਿਤੱਰ ਦਾਖ਼ਲਾ ਸੀ ਜਿਸ ਦੀ ਉਦਾਹਰਣ ਸਾਰੇ ਮਾਨਵੀ ਇਤਿਹਾਸ ਵਿੱਚ ਨਹੀਂ ਮਿਲਦੀ ।

(The Speech and Tablets of the Prophet Mohammad by Stanley Lane-poole, Machmillan and co. 1882, page xlvi-xlvii)

--- --- ---- --- --- --- --- --- --- --- --- --- --- --- --- ---

The out line of history ਦੇ ਲੇਖਕ ਹਨ ਪ੍ਰੋਫ਼ੈਸਰ ਐਚ ਜੀ ਵੈਲਜ਼ (H.G.Wells) ਇਹ ਕਹਿੰਦੇ ਹਨ : ‘‘ਪੈਗ਼ੰਬਰ ਇਸਲਾਮ ਦੀ ਸਚੱਾਈ ਦਾ ਇਹੋ ਵੱਡਾ ਸਬੂਤ ਹੈ ਕਿ ਜੋ ਆਪ ਨੂੰ ਸਭ ਤੋਂ ਵੱਧ ਜਾਣਦੇ ਸਨ, ਉਹੋ ਸਭ ਤੋਂ ਪਹਿਲਾਂ ਆਪ ਉਪੱਰ ਈਮਾਨ ਲਿਆਏ ... ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਕਦੇ ਵੀ ਝੂਠੇ ਦਾਵੇਦਾਰ ਨਹੀਂ ਸਨ ... ਇਸ ਵਾਸਤਵਿਕਤਾ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਇਸਲਾਮ ਵਿੱਚ ਬਹੁਤ ਖ਼ੂਬੀਆਂ ਅਤੇ ਵੱਡਿਆਈ ਦੇ ਗੁਣ ਹਨ ... ਪੈਗ਼ੰਬਰੇ ਇਸਲਾਮ ਨੇ ਇਕ ਅਜਿਹੀ ਸੁਸਾਇਟੀ ਦੀ ਨੀਂਹ ਰੱਖੀ ਜਿਸ ਵਿੱਚ ਜ਼ੁਲਮ ਤੇ ਅਤਿਆਚਾਰ ਦਾ ਖ਼ਾਤਮਾ ਕੀਤਾ ਗਿਆ ਹੈ ।’’

(The Outline of history by H.G.Wells, part II)

--- --- ---- --- --- --- --- --- --- --- --- --- --- --- --- ---

**ਡੀ ਲੇਸੀ ਓਲੇਰੀ (De Lacy O'Leary)** ਆਪਣੀ ਕਿਤਾਬ ਇਸਲਾਮ ਐਟ ਦੀ ਕ੍ਰਾਸ ਰੋਡਸ (Islam at the cross road) ਵਿੱਚ ਲਿਖੱਦਾ ਹੈ ਕਿ :

"ਇਤਿਹਾਸ ਨੇ ਇਸ ਗੱਲ ਨੂੰ ਖੋਲ ਕੇ ਰੱਖ ਦਿੱਤਾ ਹੈ ਕਿ ਤਸ਼ੱਦਦ ਪਸੰਦ ਮੁਸਲਮਾਨਾਂ ਦਾ ਦੁਨੀਆ ਨੂੰ ਜਿੱਤ ਲੈਣਾ ਅਤੇ ਤਲਵਾਰ ਦੀ ਨੋਕ ਉਪੱਰ ਕਾਬਜ਼ ਕੌਮਾਂ ਵਿੱਚ ਇਸਲਾਮ ਨੂੰ ਲਾਗੂ ਕਰ ਦੇਣਾ ਇਤਿਹਾਸਕਾਰਾਂ ਦੇ ਵਰਨਣ ਕੀਤੇ ਕਿੱਸਿਆਂ ਵਿੱਚੋਂ ਅਤਿਅੰਤ ਵਿਅਰਥ ਤੇ ਅਦਭੁਤ ਕਿੱਸਾ ਹੈ ।"

(Islam at the Cross Road by De Lacy O'Leary, London1923 p.8)

--- --- ---- --- --- --- --- --- --- --- --- --- --- --- --- ---

ਫ਼ਿਰ **ਮਹਾਤਮਾ ਗਾਂਧੀ** ਇਕ ਸਮਾਚਾਰ ਪਤੱਰ ਯੰਗ ਇੰਡੀਆ (**Young India**) ਵਿੱਚ ਲਿੱਖਦੇ ਹਨ ਕਿ :

"ਮੈਂ ਉਸ ਵਿਅਕਤੀ ਦੇ ਜੀਵਨ ਬਾਰੇ ਸਭ ਕੁਝ ਜਾਨਣਾ ਚਾਹੁੰਦਾ ਸੀ ਜਿਸ ਨੇ ਬਿਨਾ ਕਿਸੇ ਮਤਿਭੇਦ ਦੇ ਲੱਖਾਂ ਉਪੱਰ ਰਾਜ ਕੀਤਾ । ਉਸ ਦੇ ਜੀਵਨ ਦਾ ਅਧਿਐਨ ਕਰਕੇ ਮੇਰਾ ਇਸ ਗੱਲ ਉਪੱਰ ਪਹਿਲਾਂ ਤੋਂ ਵੀ ਵੱਧ ਪੱਕਾ ਵਿਸ਼ਵਾਸ ਹੋ ਗਿਆ ਕਿ ਇਸਲਾਮ ਨੇ ਉਸ ਯੁੱਗ ਵਿੱਚ ਤਲਵਾਰ ਦੇ ਸਬਬ ਲੋਕਾਂ ਦੇ ਦਿਲਾਂ ਵਿੱਚ ਥਾਂ ਨਹੀਂ ਬਣਾਈ ਸਗੋਂ ਉਸ ਪੈਗ਼ੰਬਰ ਦੀ ਸਾਦਗੀ, ਆਪਣੇ ਕੰਮ ਵਿੱਚ ਮਗਨ ਰਹਿਣ ਦੀ ਆਦਤ, ਅਤਿਅੰਤ ਸੂਖਮਤਾ ਨਾਲ ਆਪਣੇ ਵਾਦਿਆਂ ਨੂੰ ਪੂਰਾ ਕਰਨ ਅਤੇ ਆਪਣੇ ਮਿਤੱਰਾਂ ਅਤੇ ਪੈਰੋਕਾਰਾਂ ਨਾਲ ਅਤਿਅੰਤ ਗੂੜ੍ਹਤਾ ਰੱਖਣੀ, ਖੁੱਲ੍ਹ ਡੁਲੇ ਤੇ ਬੇਖ਼ੌਫ਼ ਹੋਣਾ ਅਤੇ ਰੱਬ ਦੀ ਹੋਂਦ ਤੇ ਆਪਣੇ ਟੀਚੇ ਉਪੱਰ ਕਾਮਲ ਭਰੋਸਾ ਹੋਣਾ ਆਦਿ, ਇਹੋ ਉਸ ਦੀਆਂ ਗੱਲਾਂ ਸਨ ਜਿੰਨ੍ਹਾ ਨੇ ਹਰ ਔਕੜ ਉਪੱਰ ਕਾਬੂ ਪ੍ਰਾਪਤ ਕੀਤਾ ਅਤੇ ਜੋ ਸਭ ਨੂੰ ਨਾਲ ਲੈਕੇ ਚੱਲੇ । ਜੱਦ ਮੈਂ ਉਸ ਪੈਗੰਬਰ ਦੇ ਜੀਵਨ ਚਰਿਤੱਰ ਬਾਰੇ ਲਿਖੀ ਜਾਣ ਵਾਲੀ ਕਿਤਾਬ ਦੇ ਦੂਜੇ ਭਾਗ ਨੂੰ ਵੀ ਮੁਕਾ

ਲਿਆ ਤਾਂ ਮੈਂਨੂੰ ਕਿਤਾਬ ਦੇ ਮੁੱਕ ਜਾਣ ਦੇ ਸਬਬ ਇਕ ਉਦਾਸੀ ਜਿਹੀ ਛਾ ਗਈ ।''

(Mahatma Gandhi, Statement published in "Young India", 1924)

--- --- ---- --- --- --- --- --- --- --- --- --- --- --- --- ---

**ਸਰ ਜਾਨ ਬਗਟ ਗਲਬ (Sir John Bagot Glubb)** ਜੋ ਲੈਫ਼ਟੀਨੈਂਟ ਜਨਰਲ ਸਨ, 1986 ਈ. ਵਿੱਚ ਉਹਨਾਂ ਦਾ ਦੇਹਾਂਤ ਹੋਇਆ । ਉਹ ਲਿੱਖਦੇ ਹਨ :

''ਕਿਤਾਬ ਪੜ੍ਹਨ ਵਾਲਾ ਇਸ ਦੇ ਅੰਤ ਵਿੱਚ ਜੋ ਵੀ ਸਿੱਟਾ ਕੱਢੇ ਇਸ ਗੱਲ ਦਾ ਇਨਕਾਰ ਸੰਭਵ ਨਹੀਂ ਕਿ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਰੂਹਾਨੀ ਤਜਰਬੇ ਆਪਣੇ ਅੰਦਰ ਪੁਰਾਣੇ ਅਤੇ ਨਵੇਂ ਅਹਿਦ ਨਾਮਿਆਂ ਦੇ ਕਿੱਸਿਆਂ ਅਤੇ ਈਸਾਈ ਵਿਦਵਾਨਾਂ ਦੇ ਰੂਹਾਨੀ ਤਜਰਬਿਆਂ ਨਾਲ ਹੈਰਾਨੀ ਜਨਕ ਹੱਦ ਤੱਕ ਮੇਲ ਖਾਂਦੇ ਹਨ । ਇਸੇ ਪ੍ਰਕਾਰ ਸੰਭਵ ਹੈ ਕਿ ਹਿੰਦੂਆਂ ਅਤੇ ਹੋਰਨਾ ਧਰਮਾ ਦੇ ਮਨਣ ਵਾਲੇ ਲੋਕਾਂ ਦੇ ਅਸੰਖ ਸੁਵਪੱਨ ਦ੍ਰਿਸ਼ ਅਤੇ ਅਲੋਕਿਕ ਗਿਆਨ ਵੀ ਮੇਲ ਖਾਂਦੇ ਹੋਣ । ਵਧੇਰੇ ਇਹ ਕਿ ਅਧਿਕਤਰ ਅਜਿਹੇ ਤਜਰਬੇ ਪਵਿਤੱਰ ਤੇ ਵੱਡਿਆਈ ਵਾਲੇ ਜੀਵਨ ਦੇ ਆਰੰਭ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ । ਅਜਿਹੀਆਂ ਘਟਨਾਵਾਂ ਨੂੰ ਨਫ਼ਸ ਦਾ ਧੋਖਾ ਆਖ ਦੇਣਾ ਕੋਈ ਢੁੱਕਵਾਂ ਵਿਸਥਾਰ ਮਲੂਮ ਨਹੀਂ ਹੁੰਦਾ ਕਿਉਂਕਿ ਇਹ ਘਟਨਾਵਾਂ ਤਾਂ ਅਨੇਕਾਂ ਹੀ ਲੋਕਾਂ ਵਿੱਚ ਸਾਂਝੀਆਂ ਹਨ । ਅਜਿਹੇ ਲੋਕ ਜਿੰਨ੍ਹਾ ਵਿੱਚਕਾਰ ਹਜ਼ਾਰਾਂ ਹੀ ਵਰ੍ਹਿਆਂ ਦਾ ਅੰਤਰ ਅਤੇ ਹਜ਼ਾਰਾਂ ਹੀ ਮੀਲਾਂ ਦੀ ਦੂਰੀ ਸੀ । ਜਿੰਨ੍ਹਾ ਨੇ ਇਕ ਦੂਜੇ ਬਾਰੇ ਸੁਣਿਆਂ ਤੱਕ ਨਹੀਂ ਹੋਵੇਗਾ । ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਉਹਨਾਂ ਦੀਆਂ ਘਟਨਾਵਾਂ ਵਿੱਚ ਇਕ ਅਨੋਖਾ ਮੇਲ ਪਾਇਆ ਜਾਂਦਾ ਹੈ। ਇਹ ਸਿੱਟਾ ਕਢੱਣਾ ਉਚਿਤ ਨਹੀਂ ਕਿ ਇਹਨਾਂ ਸਾਰਿਆਂ ਲੋਕਾਂ ਨੇ ਹੈਰਾਨੀਜਨਕ ਹੱਦ ਤੱਕ ਮੇਲ ਖਾਂਦੇ ਸੁਵਪੱਨ ਦ੍ਰਿਸ਼ ਅਤੇ ਅਲੋਕਿਕ

ਗਿਆਨ ਆਪਣੇ ਤੌਰ'ਤੇ ਬਣਾ ਲਏ ਹੋਣ । ਜੱਦ ਕਿ ਇਹ ਲੋਕ ਇਕ ਦੂਜੇ ਦੇ ਵਿਅਕਤੀਤਵ ਤੋਂ ਹੀ ਅਨਜਾਣ ਸਨ ।''

ਫਿਰ ਜਿੰਨ੍ਹਾ ਲੋਕਾਂ ਨੇ 'ਹਬਸ਼ਾ' ਵੱਲ ਹਿਜਰਤ ਕੀਤੀ ਸੀ, ਉਹਨਾ ਬਾਰੇ ਲਿੱਖਦਾ ਹੈ, ''ਇਸ ਸੂਚੀ ਤੋਂ ਮਲੂਮ ਹੁੰਦਾ ਹੈ ਕਿ ਇਸ ਵਿੱਚ ਲੱਗਭਗ ਸਾਰੇ ਲੋਕ ਸ਼ਾਮਲ ਸਨ ਜੋ ਕਿ ਇਸਲਾਮ ਕੁਬੂਲ ਕਰ ਚੁਕੇ ਸਨ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਮੱਕੇ ਦੇ ਤਸ਼ੱਦਦ ਝਲਦੇ ਵਾਸੀਆਂ ਵਿੱਚ ਬਹੁਤ ਘੱਟ ਪੈਰੋਕਾਰਾਂ ਦੀ ਗਿਣਤੀ ਨਾਲ ਰਹਿ ਗਏ ਸਨ । ਇਹ ਇਕ ਅਜਿਹੀ ਅਵਸਥਾ ਹੈ ਜੋ ਸਿੱਧ ਕਰਦੀ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਅਖ਼ਲਾਕੀ ਜੁਰੱਤ ਅਤੇ ਈਮਾਨ ਦੀ ਮਜ਼ਬੂਤੀ ਦੇ ਉਚੱਤਮ ਮਾਪਦੰਡ ਉਪੱਰ ਅਟਲ ਸਨ ।'' (The life and Times of Muhammad)

--- --- ---- --- --- --- --- --- --- --- --- --- --- --- --- ---

**John William Draper** ਆਪਣੀ ਕਿਤਾਬ **Histoery of the Intellectual Development of Europe** ਵਿੱਚ ਲਿੱਖਦੇ ਹਨ ਕਿ :

"Justinian ਦੇ ਦੇਹਾਂਤ ਦੇ ਚਾਰ ਸਾਲ ਬਾਦ 569 ਈ. ਵਿੱਚ ਮੱਕੇ ਵਿੱਚ ਇਕ ਅਜਿਹਾ ਮਨੁੱਖ ਪੈਦਾ ਹੋਇਆ ਜਿਸਨੇ ਸਾਰੇ ਮਹਾਂਪੁਰਖਾਂ ਵਿੱਚੋਂ ਸੰਪੂਰਨ ਮਾਨਵ ਜਾਤੀ ਉਪੱਰ ਸਭ ਤੋਂ ਅਧਿਕ ਆਪਣਾ ਪ੍ਰਭਾਵ ਛੱਡਿਆ ਅਤੇ ਉਹ ਮਨੁੱਖ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਹੈ ਜਿਸਨੂੰ ਕੁਝ ਯੁਰੋਪੀਅਨ ਲੋਕ ਝੂਠਾ ਕਹਿੰਦੇ ਹਨ ਪਰੰਤੂ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਵਿੱਚ ਅਜਿਹੀਆਂ ਖ਼ੂਬੀਆਂ ਸਨ ਜਿੰਨ੍ਹਾ ਦੇ ਸਬਬ ਅਨੇਕਾਂ ਕੌਮਾਂ ਦੀ ਕਿਸਮਤ ਦਾ ਫ਼ੈਸਲਾ ਹੋਇਆ। ਉਹ ਇਕ ਪ੍ਰਚਾਰ ਕਰਨ ਵਾਲੇ ਸਿਪਾਹੀ ਸਨ । ਬੋਲ ਸਰਲ ਤੇ ਭਾਵਪੂਰਨ ਹੁੰਦੇ । ਰਣਖੇਤਰ ਵਿੱਚ ਉਤਰਦੇ ਤਾਂ ਬਹਾਦੁਰ ਹੁੰਦੇ । ਉਹਨਾਂ ਦਾ ਧਰਮ ਕੇਵਲ ਇਹੋ ਸੀ ਕਿ ਰੱਬ ਇਕ ਹੈ ।

ਇਸ ਸਚੱਾਈ ਨੂੰ ਬਿਆਨ ਕਰਨ ਲਈ ਉਹਨਾਂ ਨੇ ਸਿਧੱਾਂਤਕ ਬਹਿਸਾਂ ਨੂੰ ਨਹੀਂ ਅਪਣਾਇਆ ਸਗੋਂ ਆਪਣੇ ਪੈਰੋਕਾਰਂ ਨੂੰ ਸਫ਼ਾਈ, ਨਮਾਜ਼ ਅਤੇ ਰੋਜ਼ੇ ਆਦਿ ਜਿਹੇ ਕਾਰਜਾਂ ਦੀ ਸਿੱਖਿਆ ਦਿੰਦਿਆਂ ਹੋਇਆਂ ਉਹਨਾਂ ਦੀਆਂ ਸਮਾਜਿਕ ਲੋੜਾਂ ਨੂੰ ਅਮਲੀ ਰੂਪ ਵਿੱਚ ਸੁਧਾਰਿਆ । ਉਸ ਮਨੁੱਖ ਨੇ ਦਾਨ ਦੱਖਿਣਾ ਨੂੰ ਸਾਰਿਆਂ ਕਾਰਜਾਂ ਉਪੱਰ ਵਿਸ਼ੇਸ਼ਤਾ ਦਿੱਤੀ ।''

(History of the Intellectual Development of Europe by Jhon Draper M.D., LL.D., New York: Harper and Brothers, Publishers, Franklin Square 1863, page 244 )

--- --- ---- --- --- --- --- --- --- --- --- --- --- --- --- ---

ਇਕ ਪ੍ਰਸਿੱਧ ਪੂਰਬੀ ਵਿਚਾਰਧਾਰਕ ਹਨ **William Montgomery,** ਆਪਣੀ ਕਿਤਾਬ **Muhammad at Madinah** ਵਿੱਚ ਲਿੱਖਦੇ ਹਨ ਕਿ :

''ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਅਤੇ ਇਸਲਾਮ ਦੇ ਅਰੰਭਕ ਇਤਿਹਾਸ ਉਪੱਰ ਜਿੰਨ੍ਹਾ ਗ਼ੌਰ ਕਰੀਏ, ਓਨ੍ਹਾਂ ਹੀ ਆਪ ਦੀਆਂ ਸਫ਼ਲਤਾਵਾਂ ਤੇ ਵਿਸ਼ਾਲਤਾਵਾਂ ਨੂੰ ਦੇਖ ਕੇ ਮਨੁੱਖ ਦੰਗ ਰਹਿ ਜਾਂਦਾ ਹੈ । ਉਸ ਸਮੇਂ ਦੇ ਹਾਲਾਤਾਂ ਨੇ ਆਪ ਨੂੰ ਇਕ ਅਜਿਹਾ ਮੌਕਾ ਪ੍ਰਦਾਨ ਕੀਤਾ ਜੋ ਬਹੁਤ ਘੱਟ ਲੋਕਾਂ ਨੂੰ ਮਿਲਦਾ ਹੈ, ਸੰਭਵਤਾ ਆਪ ਉਸ ਸਮੇਂ ਦੇ ਸਭ ਤੋਂ ਉਚਿਤ ਮਨੁੱਖ ਸਨ । ਜੇਕਰ ਆਪ ਕੋਲ ਦੂਰਦ੍ਰਿਸ਼ਟੀ, ਰਾਜਕੀ ਪ੍ਰਬੰਧ ਦੀਆਂ ਯੋਗਤਾਵਾਂ, ਰੱਬ ਉਪੱਰ ਕਾਮਲ ਭਰੋਸਾ ਅਤੇ ਇਸ ਗੱਲ ਉਪਰ ਵਿਸ਼ਵਾਸ ਕਿ ਰੱਬ ਨੇ ਆਪਨੂੰ ਭੇਜਿਆ ਹੈ, ਨ ਹੁੰਦਾ ਤਾਂ ਮਨੁੱਖੀ ਇਤਿਹਾਸ ਵਿੱਚ ਇਕ ਮਹਤੱਵ ਪੂਰਨ ਭਾਗ ਲਿੱਖਣੋ ਰਹਿ ਜਾਂਦਾ । ਮੈਂਨੂੰ ਆਸ ਹੈ ਕਿ ਆਪ (ਸਲਲੱਾਹੁ ਅਲੈਹਿ ਵਸਲੱਮ) ਦੇ ਜੀਵਨ ਚਰਿਤ੍ਰ ਬਾਰੇ ਇਹ ਕਿਤਾਬ ਇਕ ਮਹਾਨਤਮ ਆਦਮ ਦੇ ਪੁਤੱਰ ਨੂੰ ਸਮਝਣ ਤੇ ਉਸਦਾ ਸਤਿਕਾਰ ਕਰਨ ਵਿੱਚ

ਸਹਾਈ ਹੋਵੇਗੀ ।"

(William Montgomery watt, Muhammad at Mdinah, Oxford at the clarendon press 1956, pp. 335)

--- --- ---- --- --- --- --- --- --- --- --- --- --- --- --- ---

**ਇਕ ਪ੍ਰਸਿੱਧ ਈਸਾਈ ਲੇਖਕ Reginald Bosworth Smith ਲਿਖਦਾ ਹੈ ਕਿ :**

"ਧਰਮ ਅਤੇ ਹੁਕੂਮਤ ਦੇ ਰਹਿਨੁਮਾ ਅਤੇ ਗਵਰਨਰ ਹੋਣ ਦੇ ਪੱਖੋਂ ਪੋਪ ਅਤੇ ਬਾਦਸ਼ਾਹ ਦੇ ਦੋ ਵਿਅਕਤੀਤਵ ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਵਿਅਕਤੀਤਵ ਵਿੱਚ ਇਕਤੱਰ ਸਨ । ਆਪ ਪੋਪ ਸਨ ਪਰ ਪੋਪ ਵਾਂਗ ਵਿਖਾਵੇ ਤੋਂ ਪਾਕ, ਆਪ ਬਾਦਸ਼ਾਹ ਸਨ ਪਰ ਬਾਦਸ਼ਾਹ ਦੇ ਜਾਹੋ ਜਲਾਲ ਤੋਂ ਇੱਛਾ ਰਹਿਤ । ਜੇਕਰ ਦੁਨੀਆ ਵਿੱਚ ਕਿਸੇ ਮਨੁੱਖ ਨੂੰ ਇਹ ਆਖਣ ਦਾ ਹੱਕ ਹੈ ਕਿ ਉਸਨੇ ਨਿਯਮਪਰੂਵਕ ਫ਼ੌਜ ਤੋਂ ਬਿਨਾ, ਸ਼ਾਹੀ ਮਹਿਲਾਂ ਤੋਂ ਬਿਨਾਂ, ਅਤੇ ਲਗਾਨ (ਟੈਕਸ) ਵਸੂਲੀ ਤੋਂ ਬਿਨਾ ਕੇਵਲ ਰੱਬ ਦੇ ਨਾਂ 'ਤੇ ਦੁਨੀਆ ਵਿੱਚ ਅਮਨ ਤੇ ਅਤੇ ਪ੍ਰਬੰਧ ਨੂੰ ਕਾਇਮ ਰੱਖਿਆ ਤਾਂ ਉਹ ਕੇਵਲ ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਹਨ । ਆਪ ਨੂੰ ਇਹਨਾਂ ਸਾਰਿਆਂ ਸਾਧਨਾਂ ਤੋਂ ਬਿਨਾਂ ਹੀ ਸਾਰੀਆਂ ਸ਼ਕਤੀਆਂ ਪ੍ਰਾਪਤ ਸਨ।"

--- --- ---- --- --- --- --- --- --- --- --- --- --- --- --- ---

ਇਹੋ Bosworth Smith ਆਪਣੀ ਕਿਤਾਬ Muhammed and Muhammedanism ਵਿੱਚ ਲਿੱਖਦਾ ਹੈ ਕਿ :

"ਆਪ ਦੇ ਮਿਸ਼ਨ ਨੂੰ ਕੁਬੂਲ ਕਰਨ ਵਾਲੇ ਸਭ ਤੋਂ ਪਹਿਲੇ ਉਹ ਲੋਕ

ਸਨ ਜੋ ਆਪ (ਸਲਲੱਾਹੁ ਅਲੈਹਿ ਵਸਲੱਮ) ਨੂੰ ਚੰਗੀ ਤਰ੍ਹਾਂ ਜਾਣਦੇ ਸਨ । ਉਦਾਹਰਣ ਲਈ ਆਪਦੀ ਪਤਨੀ, ਆਪਦਾ ਗ਼ੁਲਾਮ, ਆਪਦੇ ਚਾਚੇ ਦਾ ਪੁਤੱਰ ਭਾਈ, ਆਪਦਾ ਪੁਰਾਣਾ ਮਿਤੱਰ, ਜਿਸਦੇ ਬਾਰੇ ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੇ ਕਿਹਾ ਸੀ ਕਿ ਇਸਲਾਮ ਵਿੱਚ ਦਾਖ਼ਲ ਹੋਣ ਵਾਲਿਆਂ ਵਿੱਚ ਉਹ ਇਕਲੱਾ ਮਨੁੱਖ ਸੀ ਜਿਸਨੇ ਕਦੇ ਪਿੱਠ ਨਹੀਂ ਮੋੜੀ ਸੀ ਅਤੇ ਨ ਹੀ ਉਹ ਕਦੇ ਚਿੰਤਿਤ ਹੋਇਆ ਸੀ । ਆਮ ਪੈਗੰਬਰਾਂ ਵਾਂਗ ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦਾ ਮੁਕਦੱਰ ਮਮੂਲੀ ਨਹੀਂ ਸੀ ਕਿਉਂਕਿ ਆਪ ਦੀ ਵੱਡਿਆਈ ਦਾ ਇਨਕਾਰ ਕਰਨ ਵਾਲੇ ਕੇਵਲ ਉਹੋ ਲੋਕ ਸਨ ਜਿੰਨ੍ਹਾ ਨੂੰ ਆਪ ਦੇ ਵਜੂਦ ਬਾਰੇ ਠੀਕ ਠੀਕ ਗਿਆਨ ਪ੍ਰਾਪਤ ਨਹੀਂ ਸੀ ।"

(Muhammed and Muhammedanism by R. Bosworth Smith, Smith Elder and co. 1876, page 127)

ਇਹੋ ਲੇਖਕ ਅੱਗੇ ਲਿਖਦਾ ਹੈ ਕਿ :

"ਉਹ ਰੀਤੀ ਰਿਵਾਜ ਜਿੰਨ੍ਹਾ ਤੋਂ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੇ ਮੋੜਿਆ, ਨ ਕੇਵਲ ਆਪ ਨੇ ਉਹਨਾਂ ਦੀ ਮਨਾਹੀ ਕੀਤੀ ਸਗੋਂ ਉਹਨਾਂ ਦਾ ਪੂਰਨ ਖ਼ਾਤਮਾ ਕਰ ਦਿੱਤਾ । ਜਿਵੇਂ ਛੋਟੀਆਂ ਬੱਚੀਆਂ ਦੇ ਕਤਲ, ਖ਼ੂਨੀ ਝਗੜੇ, ਇਸਤਰੀਆਂ ਨਾਲ ਅਣਗਿਣਤ ਵਿਆਹ, ਗ਼ੁਲਾਮਾ ਨਾਲ ਨ ਮੁਕੱਣ ਵਾਲੇ ਜ਼ੁਲਮ ਤੇ ਅਤਿਆਚਾਰ, ਸ਼ਰਾਬ ਨੋਸ਼ੀ ਤੇ ਜੁਏਬਾਜ਼ੀ ਆਦਿ । ਇਹ ਕਰਮ ਬਿਨਾ ਰੋਕ ਟੋਕ ਅਰਬ ਅਤੇ ਉਸਦੇ ਗਵਾਂਢੀ ਦੇਸ਼ਾਂ ਵਿੱਚ ਜਾਰੀ ਰਹਿੰਦਾ । ਆਪ ਨੇ ਇਹਨਾਂ ਸਭ ਨੂੰ ਖ਼ਤਮ ਕਰ ਦਿੱਤਾ ।"

(ਉਪਰੋਕਤ ਅਨੁਸਾਰ, ਪੰਨਾ 125)

ਫਿਰ ਇਹੋ ਅੱਗੇ ਲਿੱਖਦਾ ਹੈ ਕਿ :

"ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੇ ਆਪਣੇ ਮੰਤਵ ਦੀ ਸਚੱਾਈ ਅਤੇ ਨੇਕੀ ਵਿੱਚ ਸੂਖਮ ਤੇ ਦ੍ਰਿੜ੍ਹ ਈਮਾਨ ਰੱਖ ਕੇ ਜੋ ਕੁਝ ਕੀਤਾ ਸੀ, ਕੋਈ ਦੂਜਾ ਮਨੁੱਖ ਇਸ ਵਿੱਚ ਡੂੰਘੇ ਵਿਸ਼ਵਾਸ ਤੋਂ ਬਿਨਾਂ ਕੁਝ ਵੀ ਨਹੀਂ ਕਰ ਸਕਦਾ ।"

ਉਹ ਕਹਿੰਦਾ ਹੈ ਕਿ :

“ਆਪ ਦੇ ਜੀਵਨ ਦੀ ਹਰ ਇਕ ਘਟਨਾ ਆਪ ਨੂੰ ਇਕ ਅਜਿਹਾ ਹਕੀਕਤ ਪਸੰਦ ਅਤੇ ਪੁਰਜੋਸ਼ ਮਨੁੱਖ ਸਿੱਧ ਕਰਦਾ ਹੈ ਜੋ ਆਪਣੇ ਮੰਨ੍ਹਣ ਯੋਗ ਸਿਧਾਂਤਾਂ ਅਤੇ ਦ੍ਰਿਸ਼ਟੀਕੋਣਾ ਤੱਕ ਹੌਲੀ ਹੌਲੀ ਦੁੱਖ ਝਲਦਿਆਂ ਹੋਇਆਂ ਪਹੁੰਚਣ ਦਾ ਜਤਨ ਕਰਦਾ ਹੈ ।” (ਉਪਰੋਕਤ ਅਨੁਸਾਰ, ਪੰਨਾ 127)

ਫ਼ਿਰ ਹੋਰ ਲਿੱਖਦਾ ਹੈ ਕਿ :

“ਇਹ ਆਖਣਾ ਕਿ ਅਰਬ ਨੂੰ ਇੰਕਲਾਬ ਦੀ ਲੋੜ ਸੀ ਜਾਂ ਹੋਰਨਾ ਸ਼ਬਦਾਂ ਵਿੱਚ ਇਹ ਆਖਣਾ ਕਿ ਨਵੇਂ ਪੈਗ਼ੰਬਰ ਦੇ ਪ੍ਰਗਟ ਹੋਣ ਦਾ ਸਮਾਂ ਆ ਗਿਆ ਸੀ । ਜੇਕਰ ਅਜਿਹਾ ਹੀ ਸੀ ਤਾਂ ਫ਼ਿਰ ਹਜ਼ਰਤ ਮੁਹਮੱਦ ਹੀ ਉਹ ਪੈਗ਼ੰਬਰ ਕਿਉਂ ਨ ਹੋਣ ? ਇਸ ਵਿਸ਼ੇ ਉਪੱਰ ਵਰਤਮਾਨ ਯੁੱਗ ਦੇ ਲੇਖਕ ਸਪਰਿੰਗਰ ਨੇ ਇਹ ਸਿੱਧ ਕਰ ਦਿਤੱਾ ਕਿ ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਆਉਣ ਨਾਲ ਅਨੇਕਾਂ ਵਰ੍ਹਿਆਂ ਪਹਿਲਾਂ ਇਕ ਪੈਗ਼ੰਬਰ ਦੇ ਪ੍ਰਗਟ ਹੋਣ ਦੀ ਆਸ ਸੀ ਅਤੇ ਭਵਿਖਬਾਣੀ ਵੀ ਸੀ ।” (ਓਪਰੋਕਤ ਅਨੁਸਾਰ ਪੰਨਾ 133)

ਫਿਰ ਅੱਗੇ ਇਹੋ Brosworth ਹੀ ਬਿਆਨ ਕਰਦਾ ਹੈ ਕਿ :

“ਸਾਮੂਹੱਕ ਰੂਪ ਵਿੱਚ ਮੈਂਨੂੰ ਇਹ ਹੈਰਾਨੀ ਨਹੀਂ ਕਿ ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਵੱਖ ਵੱਖ ਹਾਲਾਤਾਂ ਵਿੱਚ ਕਿੰਨੇ ਕੁ ਬਦਲ ਗਏ ਸਨ । ਸਗੋਂ ਹੈਰਾਨੀ ਤਾਂ ਇਹ ਹੈ ਕਿ ਆਪ ਦੇ ਵਿਅਕਤੀਤਵ ਵਿੱਚ ਕਿੰਨ੍ਹਾ ਘੱਟ ਪਰਿਵਰਤਨ ਹੋਇਆ ਸੀ । ਬਨਾਂ ਵਿੱਚ ਰੇਵੜ ਚਰਾਉਣ ਦੇ ਦਿਨਾਂ ਵਿੱਚ, ਸ਼ਾਮ (ਸੀਰੀਆ) ਵੱਲ ਵਪਾਰੀ ਦੇ ਰੂਪ ਵਿੱਚ, ਹਿਰਾ ਨਾਂ ਦੀ ਗ਼ਾਰ ਦੇ ਏਕਾਂਤ ਵਿੱਚ, ਅਲਪ ਸੰਖਿਅਕ ਜਮਾਤ ਦੇ ਸੁਧਾਰਕ ਦੇ ਪੱਖੋਂ, ਮਦੀਨਿ ਵਿੱਚ ਦੇਸ਼ ਨਿਕਾਲੇ ਦੇ ਦਿਨਾ ਵਿੱਚ, ਇਕ ਜੁਝਾਰੂ ਜੇਤੂ ਦੇ ਪੱਖੋਂ, ਯੁਨਾਨੀ ਬਾਦਸ਼ਾਹਾਂ ਅਤੇ ਈਰਾਨੀ ਹਰਕਲਾਂ ਦੇ ਸਮਰੂਪ ਹੋਣ ਦੀ ਅਵਸਥਾ ਵਿੱਚ ਅਸੀਂ ਆਪ ਦੇ ਵਿਅਕਤੀਤਵ ਵਿੱਚ ਇਕ ਅਪ੍ਰੀਵਰਤਤ ਠਹਿਰਾਓ ਦਾ ਨਿਰੀਖਣ ਕਰ ਸਕਦੇ ਹਾਂ ।”

ਕਹਿੰਦਾ ਹੈ ਕਿ :

"ਮੈਂਨੂੰ ਨਹੀਂ ਲਗਦਾ ਕਿ ਜੇਕਰ ਕਿਸੇ ਹੋਰ ਵਿਅਕਤੀ ਦੇ ਦ੍ਰਿਸ਼ਟੀ ਗੋਚਰ ਹਾਲਾਤ ਐਨ੍ਹੇ ਅਧਿਕ ਬਦਲ ਜਾਂਦੇ ਤਾਂ ਕਦੇ ਉਸਦੇ ਆਪੇ ਵਿੱਚ ਐਨ੍ਹਾ ਘੱਟ ਪਰਿਵਰਤਨ ਪ੍ਰਗਟ ਹੁੰਦਾ । ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਦ੍ਰਿਸ਼ਟੀਗੋਚਰ ਹਾਲਾਤ ਤਾਂ ਬਦਲਦੇ ਰਹੇ ਪਰ ਇਹਨਾਂ ਸਾਰੀਆਂ ਅਵਸਥਾਵਾਂ ਵਿੱਚ ਮੈਂਨੂੰ ਉਹਨਾਂ ਦੇ ਵਿਅਕਤੀਤਵ ਦਾ ਜੌਹਰ ਇਕੋ ਜਿਹਾ ਦਿਖਾਈ ਦਿੰਦਾ ਹੈ।" (ਉਪਰੋਕਤ ਅਨੁਸਾਰ ਪੰਨਾ 133)

--- --- ---- --- --- --- --- --- --- --- --- --- --- --- --- ---

**ਵਾਸ਼ਿੰਗਟਨ ਇਰਵਿੰਗ (Washington Irving) ਆਪਣੀ ਕਿਤਾਬ Life of Mahomet) ਵਿੱਚ ਲਿੱਖਦਾ ਹੈ ਕਿ :**

"ਆਪ ਦੀਆਂ ਜੰਗੀ ਜਿਤੱਾਂ ਨੇ ਆਪ (ਸਲਲੱਾਹੁ ਅਲੈਹਿ ਵਸਲੱਮ) ਦੇ ਅੰਦਰ ਨ ਤਾਂ ਘਮੰਡ ਪੈਦਾ ਕੀਤਾ, ਨ ਕੋਈ ਆਕੜ ਅਤੇ ਨ ਕਿਸੇ ਪ੍ਰਕਾਰ ਦੀ ਬਣਾਉਟੀ ਸ਼ਾਨ ਸ਼ੌਕਤ ਪੈਦਾ ਕੀਤੀ । ਜੇਕਰ ਇਹਨਾਂ ਜਿਤੱਾਂ ਵਿੱਚ ਜ਼ਾਤੀ ਉਦੇਸ਼ ਹੁੰਦੇ ਤਾਂ ਇਹ ਅਵਸ਼ ਅਜਿਹਾ ਕਰਦੀਆਂ । ਆਪਣੀ ਸ਼ਕਤੀ ਦੇ ਜੋਬਨ 'ਤੇ ਵੀ ਆਪਣੇ ਸੁਭਾਵ ਅਤੇ ਪਹਿਰਾਵੇ ਵਿੱਚ ਸਾਦਗੀ ਸਿਥਰ ਰੱਖੀ ਜੋ ਕਿ ਆਪ ਦੇ ਅੰਦਰ ਕਠਿਨ ਅਵਸਥਾ ਵਿੱਚ ਵੀ ਸੀ । ਇੱਥੋਂ ਤੱਕ ਕਿ ਆਪਣੇ ਸ਼ਾਹਾਨਾ ਜੀਵਨ ਕਾਲ ਵਿੱਚ ਵੀ ਜੇਕਰ ਕੋਈ ਆਪ ਦੇ ਕਮਰੇ ਵਿੱਚ ਦਾਖ਼ਲ ਹੁੰਦੇ ਸਮੇਂ ਗ਼ੈਰ ਜ਼ਰੂਰੀ ਸਮੱਾਨ ਦਾ ਪ੍ਰਗਟਾਵਾ ਕਰਦਾ ਤਾਂ ਆਪ ਉਸਨੂੰ ਪਸੰਦ ਨਹੀਂ ਫ਼ਰਮਾਉਂਦੇ ਸਨ।"

(The Life of Mahomet by Washington Irving, Leipzig Bernhard Touchritz 1850, pp.272-273)

--- --- ---- --- --- --- --- --- --- --- --- --- --- --- --- ---

**ਸਰ ਵਿਲਯਮ ਮਯੋਰ (Sir William Muir) ਆਪਣੀ ਕਿਤਾਬ Life of Mahomet ਵਿੱਚ ਲਿੱਖਦਾ ਹੈ ਕਿ :**

"ਆਪਣਾ ਹਰ ਇਕ ਕੰਮ ਪੂਰਨ ਕਰਦੇ ਅਤੇ ਜਿਸ ਕੰਮ ਨੂੰ ਵੀ ਹੱਥ ਵਿੱਚ ਲੈਂਦੇ ਜੱਦ ਤੱਕ ਉਸ ਨੂੰ ਮੁਕਾ ਨਹੀਂ ਲੈਂਦੇ ਉਸ ਨੂੰ ਨ ਛਡੱਦੇ । ਸਮਾਜਕ ਮੇਲ ਜੋਲ ਵਿੱਚ ਵੀ ਆਪ ਦਾ ਇਹੋ ਢੰਗ ਸੀ । ਜੱਦ ਆਪ ਕਿਸੇ ਨਾਲ ਗੱਲ ਕਰਨ ਲਈ ਆਪਣਾ ਪਾਸਾ ਮੋੜਦੇ ਤਾਂ ਅਧੱਾ ਨ ਮੁੜਦੇ ਸਗੋਂ ਪੂਰਾ ਚਿਹਰਾ ਤੇ ਸ਼ਰੀਰ ਉਸ ਮਨੁੱਖ ਵੱਲ ਫੇਰ ਲੈਂਦੇ । ਕਿਸੇ ਨਾਲ ਹੱਥ ਮਿਲਾਉਂਦੇ ਸਮੇਂ ਆਪਣਾ ਹੱਥ ਪਹਿਲਾਂ ਨ ਖਿਚੱਦੇ । ਇਸੇ ਪ੍ਰਕਾਰ ਕਿਸੇ ਅਜਨਬੀ ਨਾਲ ਗੱਲਾਂ ਕਰਦਿਆਂ ਹੋਇਆਂ ਵਿਚਕਾਰ ਨ ਛਡੱਦੇ ਸਗੋਂ ਸਾਹਮਣੇ ਮਨੁੱਖ ਦੀ ਪੂਰੀ ਗੱਲ ਸੁਣਦੇ । ਆਪ ਦੇ ਜੀਵਨ 'ਤੇ ਆਪ ਦੀ ਪਰਿਵਾਰਕ ਸਾਦਗੀ ਗ਼ਾਲਬ ਸੀ । ਆਪ ਨੂੰ ਹਰ ਕੰਮ ਆਪ ਕਰਨ ਦੀ ਆਦਤ ਸੀ । ਜੱਦ ਕਦੇ ਵੀ ਆਪ ਸਦਕਾ (ਦਾਨ) ਦਿੰਦੇ ਤਾਂ ਸਵਾਲੀ ਨੂੰ ਆਪਣੇ ਹੱਥੀਂ ਦਿੰਦੇ । ਘਰੇਲੂ ਕੰਮ ਕਾਰ ਵਿੱਚ ਆਪਣੀਆਂ ਪਤਨੀਆਂ ਦਾ ਹੱਥ ਵੰਡਾਉਂਦੇ ...।"

ਫ਼ਿਰ ਲਿੱਖਦਾ ਹੈ ਕਿ :

"ਆਪ ਤੱਕ ਪ੍ਰਤੀਏਕ ਮਨੁੱਖ ਦੀ ਪਹੁੰਚ ਹੁੰਦੀ, ਜਿਵੇਂ ਦਰਿਆ ਦੀ ਪਹੁੰਚ ਕੰਢਿਆਂ ਤੱਕ ਹੁੰਦੀ ਹੈ । ਬਾਹਰੋਂ ਆਏ ਹੋਏ ਜੱਥਿਆਂ ਨੂੰ ਮਾਨ ਸਤਿਕਾਰ ਨਾਲ ਜੀ ਆਇਆਂ ਨੂੰ ਕਹਿੰਦੇ । ਇਹਨਾਂ ਜੱਥਿਆਂ ਅਤੇ ਹੋਰਨਾ ਹੁਕੂਮਤੀ ਮਾਮਲਿਆਂ ਬਾਰੇ ਇਤਿਹਾਸ ਤੋਂ ਸਿੱਧ ਹੁੰਦਾ ਹੈ ਕਿ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਅੰਦਰ ਇਕ ਯੋਗ ਹਾਕਮ ਦੇ ਸਾਰੇ ਗੁਣ ਵਿਦਮਾਨ ਸਨ । ਸਭ ਤੋਂ ਵੱਧ ਹੈਰਾਨੀ ਵਾਲੀ ਗੱਲ ਇਹ ਹੈ ਕਿ ਆਪ ਲਿੱਖਣਾ ਨਹੀਂ ਜਾਣਦੇ ਸਨ ।"

(The life of Mahomet by William Muir, vol. iv, London : Smith Elder and co., 65 cornhill, 1861, pp. 510-13)

ਫਿਰ ਇਹੋ ਵਿਲਿਯਮ ਮਯੋਰ ਲਿੱਖਦਾ ਹੈ ਕਿ:

''ਇਕ ਵਿਸ਼ੇਸ਼ ਗੁਣ ਉਹ ਵਿਨੀਤਿ ਹੈ, ਜੋ ਆਪ ਆਪਣੇ ਸਾਧਾਰਨ ਤੋਂ ਸਾਧਾਰਨ ਪੈਰੋਕਾਰ ਦਾ ਵੀ ਖਿਆਲ ਰੱਖਿਆ ਕਰਦੇ ਸਨ । ਹਯਾ, ਮਿਹਰ, ਸਬਰ, ਦਾਨਸ਼ੀਲਤਾ, ਉਦਾਰਤਾ ਅਤੇ ਵਿਨਮ੍ਰਤਾ ਆਦਿ ਆਪ ਦੇ ਆਚਰਣ ਦੇ ਮੁੱਖ ਗੁਣ ਸਨ । ਇਹਨਾ ਦੇ ਸਬਬ ਆਪ ਆਪਣੀ ਸੰਗਤ ਵਿੱਚ ਹਰ ਇਕ ਨੂੰ ਆਪਣਾ ਪ੍ਰੇਮੀ ਬਣਾ ਲੈਂਦੇ ਸਨ । ਨ ਕਰਨੀ ਆਪ ਨੂੰ ਪਸੰਦ ਨਹੀਂ ਸੀ । ਜੇਕਰ ਕਿਸੇ ਸਵਾਲੀ ਦੀ ਫ਼ਰਯਾਦ ਪੂਰੀ ਨ ਕਰ ਸਕਦੇ ਤਾਂ ਚੁੱਪ ਰਹਿਣ ਨੂੰ ਪਹਿਲ ਦਿੰਦੇ । ਕਦੇ ਨਹੀਂ ਇਹ ਸੁਣਿਆ ਕਿ ਆਪ ਨੇ ਕਿਸੇ ਦਾ ਸੱਦਾ ਰੱਦ ਕੀਤਾ ਹੋਵੇ ਫਿਰ ਭਾਵੇਂ ਕਿੰਨ੍ਹਾ ਹੀ ਮਮੂਲੀ ਕਿਉਂ ਨ ਹੋਵੇ ਅਤੇ ਇਹ ਵੀ ਕਦੇ ਨਹੀਂ ਹੋਇਆ ਕਿ ਆਪ ਨੇ ਕਿਸੇ ਦਾ ਪੇਸ਼ ਕੀਤਾ ਹੋਇਆ ਤੁਹਫ਼ਾ ਰੱਦ ਕੀਤਾ ਹੋਵੇ ਫ਼ਿਰ ਭਾਵੇਂ ਕਿੰਨ੍ਹਾ ਹੀ ਛੋਟਾ ਕਿਉਂ ਨ ਹੋਵੇ । ਆਪ ਦੀ ਇਕ ਨਿਰਾਲੀ ਖ਼ੂਬੀ ਇਹ ਸੀ ਕਿ ਆਪ ਸਭਾ ਵਿੱਚ ਬੈਠੇ ਹਰ ਮਨੁੱਖ ਨੂੰ ਇਹ ਖ਼ਿਆਲ ਹੁੰਦਾ ਸੀ ਕਿ ਉਹੋ ਸਭ ਤੋਂ ਵਿਸ਼ੇਸ਼ ਹੈ । ਜੇਕਰ ਆਪ ਕਿਸੇ ਨੂੰ ਆਪਣੀ ਸਫ਼ਲਤਾ ਉਪੱਰ ਖ਼ੁਸ਼ ਵੇਖਦੇ ਤਾਂ ਉਤਸਾਹ ਨਾਲ ਉਸ ਨਾਲ ਹੱਥ ਮਿਲਾਉਂਦੇ ਅਤੇ ਗੱਲ ਲਾਉਂਦੇ ਅਤੇ ਮਹਿਰੂਮ ਅਤੇ ਕਸ਼ਟਾਂ ਵਿੱਚ ਫ਼ਸੇ ਲੋਕਾਂ ਨਾਲ ਅਤਿਅੰਤ ਨਰਮੀ ਤੇ ਹਮਦਰਦੀ ਦਾ ਪ੍ਰਗਟਾਵਾ ਕਰਦੇ। ਬੱਚਿਆਂ ਨਾਲ ਅਤਿਅੰਤ ਸਨੇਹ ਨਾਲ ਪੇਸ਼ ਆਉਂਦੇ ਅਤੇ ਮਾਰਗ ਵਿੱਚ ਖੇਡਦੇ ਬੱਚਿਆਂ ਨੂੰ ਸਲਾਮ ਕਰਨ ਵਿੱਚ ਕੋਈ ਹੇਠੀ ਅਨੁਭਵ ਨਹੀਂ ਕਰਦੇ । ਉਹ ਅਕਾਲ ਦੇ ਦਿਨਾਂ ਵਿੱਚ ਵੀ ਦੂਜਿਆਂ ਨੂੰ ਆਪਣੇ ਖਾਣੇ ਵਿੱਚ ਸ਼ਾਮਲ ਕਰਦੇ ਅਤੇ ਹਰ ਇਕ ਦੀ ਸੌਖ ਲਈ ਸਦੈਵ ਜਤਨ ਕਰਦੇ ਰਹਿੰਦੇ । ਇਕ ਵਿਨਮਰ ਤੇ ਮਿਹਰਬਾਨ ਸੁਭਾਵ ਆਪ ਦੇ ਸਾਰਿਆਂ ਗੁਣਾ ਵਿੱਚ ਸਪਸ਼ਟ ਦਿਖਾਈ ਦਿੰਦਾ ਸੀ । ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਇਕ ਵਫ਼ਾਦਾਰ ਮਿਤੱਰ ਸਨ । ਉਹਨਾਂ ਨੇ ਅਬੂ ਬਕਰ ਨਾਲ ਇਕ ਭਰਾ ਤੋਂ ਵੱਧ ਕੇ ਸਨੇਹ ਕੀਤਾ। ਅਲੀ ਨਾਲ ਮਾਂਪਿਆਂ ਵਰਗੀ ਮਿਹਰ । ਜ਼ੈਦ, ਜੋ ਕਿ ਆਪ ਦਾ ਅਜ਼ਾਦ ਕੀਤਾ ਹੋਇਆ ਗ਼ੁਲਾਮ ਸੀ, ਨੂੰ ਇਸ ਮਿਹਰਬਾਨ ਨਬੀ ਨਾਲ ਇੰਨ੍ਹਾ ਲਗਾਓ ਸੀ ਕਿ ਉਸਨੇ ਆਪਣੇ ਮਾਂਪਿਆਂ ਨਾਲ ਜਾਣ ਦੀ ਥਾਂ

ਮੱਕੇ ਵਿੱਚ ਰਹਿਣ ਨੂੰ ਪਹਿਲ ਦਿੱਤੀ । ਆਪਣੇ ਨਿਗਰਾਨ ਦਾ ਪੱਲਾ ਫੜ੍ਹਦਿਆਂ ਹੋਇਆਂ ਉਸ ਨੇ ਕਿਹਾ, ਮੈਂ ਆਪ ਨੂੰ ਨਹੀਂ ਛਡੱਾਂਗਾ, ਆਪ ਹੀ ਮੇਰੇ ਮਾਂ ਅਤੇ ਪਿਤਾ ਹਨ । ਮਿਤੱਰਤਾ ਦਾ ਇਹ ਸੰਬੰਧ ਜ਼ੈਦ ਦੀ ਮੌਤ ਤੱਕ ਰਿਹਾ ਅਤੇ ਫਿਰ ਜ਼ੈਦ ਦੇ ਪੁਤੱਰ ਉਸਾਮਾ ਨਾਲ ਵੀ ਉਸਦੇ ਪਿਤਾ ਕਰਕੇ ਆਪ ਨੇ ਹਮੇਸ਼ਾਂ ਹੀ ਮਿਹਰ ਭਰਿਆ ਹੱਥ ਰੱਖਿਆ । ਉਸਮਾਨ ਅਤੇ ਉਮਰ ਵੀ ਆਪ ਨਾਲ ਇਕ ਵਿਸ਼ੇਸ਼ ਸੰਬੰਧ ਰੱਖਦੇ ਸਨ । ਆਪ ਨੇ ਹੁਦੈਬੀਆ ਦੇ ਅਸਥਾਨ ਉਪੱਰ ਬੈਅਤੇ ਰਿਜ਼ਵਾਨ ਦੇ ਸਮੇਂ ਆਪਣੇ ਕੈਦ ਕੀਤੇ ਜਵਾਈ ਦੇ ਬਚਾਓ ਲਈ ਜਾਨ ਤੱਕ ਦੇਣ ਦਾ ਜੋ ਪ੍ਰਣ ਕੀਤਾ ਉਹ ਇਸੇ ਸੱਚੀ ਮਿਤੱਰਤਾ ਦੀ ਇਕ ਉਦਾਹਰਣ ਹੈ । ਹੋਰ ਵੀ ਅਨੇਕਾਂ ਹੀ ਅਜਿਹੇ ਅਵਸਰ ਹਨ ਜੋ ਕਿ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਅਡਿਗ ਸਨੇਹ ਦੇ ਰੂਪ ਵਿੱਚ ਪ੍ਰਸਤੁਤ ਕੀਤੇ ਜਾ ਸਕਦੇ ਹਨ । ਕਿਸੇ ਵੀ ਅਵਸਰ ’ਤੇ ਇਹ ਸਨੇਹ ਬੇਮੌਕਾ ਨਹੀਂ ਸੀ, ਸਗੋਂ ਹਰ ਘਟਨਾ ਉਸੇ ਗਰਮਜੋਸ਼ ਪ੍ਰੇਮ ਦਾ ਦਰਪਨ ਹੈ ।’’

ਫਿਰ ਲਿੱਖਦਾ ਹੈ ਕਿ :

‘‘ਆਪਣੀ ਸ਼ਕਤੀ ਦੀ ਚੜ੍ਹਦੀ ਕਲਾ ਵਿੱਚ ਵੀ ਆਪ ਨਿਆਕਾਰ ਅਤੇ ਅਡਿਗ ਰਹੇ । ਆਪ ਆਪਣੇ ਦੁਸ਼ਮਨਾ ਨਾਲ ਨਰਮੀ ਵਿੱਚ ਰਤਾ ਵੀ ਘਾਟ ਨ ਕਰਦੇ ਜੋ ਆਪਦੇ ਦਾਵੇ ਨੂੰ ਖ਼ੁਸੀ ਨਾਲ ਪਰਵਾਨ ਕਰ ਲੈਂਦੇ । ਮੱਕੇ ਵਾਲਿਆਂ ਦੇ ਲੰਮੇ ਅਤੇ ਅਤਿਅੰਤ ਪੀੜਾਦਾਇਕ ਦੁੱਖ ਇਸ ਗੱਲ ਦਾ ਸਿਟੱਾ ਹੋਣੇ ਚਾਹੀਦੇ ਸਨ ਕਿ ਮੱਕੇ ਦਾ ਵਿਜੇਈ ਹੋਣ ਦੇ ਸਬਬ ਆਪਣੇ ਗ਼ਜ਼ਬ ਤੇ ਗੁੱਸੇ ਵਿੱਚ ਖ਼ੂਨ ਦੀ ਹੋਲੀ ਖੇਡਦਾ । ਪਰ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੇ ਕੁਝ ਮੁਜਰਮਾ ਤੋਂ ਬਿਨਾਂ ਆਮ ਮੁਆਫ਼ੀ ਦੀ ਗੋਸ਼ਣਾ ਕਰ ਦਿੱਤੀ ਅਤੇ ਭੂਤਕਾਲ ਦੀਆਂ ਸਾਰੀਆਂ ਔਕੜਾਂ ਤੇ ਕੌੜੀਆਂ ਯਾਦਾਂ ਨੂੰ ਇਕੋ ਵਾਰ ਵਿੱਚ ਭੁਲਾ ਦਿੱਤਾ । ਉਹਨਾਂ ਸਾਰਿਆਂ ਦੁੱਖਾਂ, ਗੁਸਤਾਖ਼ੀਆਂ ਅਤੇ ਜ਼ੁਲਮ ਤੇ ਅਤਿਆਚਾਰਾਂ ਦੇ ਹੁੰਦਿਆਂ ਹੋਇਆਂ ਵੀ ਆਪ ਨੇ ਆਪਣੇ ਕਟੱੜ ਵਿਰੋਧੀਆਂ ਨਾਲ ਵੀ ਉਪਕਾਰ ਦਾ ਵਰਤਾਓ ਕੀਤਾ । ਮਦੀਨਿ ਵਿੱਚ ਅਬਦੁਲੱਾ ਅਤੇ ਹੋਰ ਫਿਰੇ ਹੋਏ ਸਾਥੀ ਜੋ ਕਿ ਸਾਲਾਂ ਬੱਧੀ ਆਪ ਦੇ

ਮਨਸੂਬਿਆਂ ਵਿੱਚ ਰੋਕਾਂ ਪਾਉਂਦੇ ਅਤੇ ਆਪ ਦੇ ਰਾਜਕੀ ਪ੍ਰਬੰਧ ਵਿੱਚ ਰੋਕ ਬਣਦੇ ਰਹੇ, ਉਹਨਾਂ ਨੂੰ ਵੀ ਮੁਆਫ਼ ਕਰਨਾ ਇਕ ਸਪਸ਼ਟ ਉਦਾਹਰਣ ਹੈ । ਇਸੇ ਪ੍ਰਕਾਰ ਉਹ ਨਰਮੀ ਜੋ ਆਪ ਨੇ ਉਹਨਾਂ ਕਬੀਲਿਆਂ ਨਾਲ ਵਰਤੀ ਜੋ ਆਪ ਦੇ ਸਾਹਮਣੇ ਸਿਰ ਝੁਕਾਏ ਹੋਏ ਸਨ ਅਤੇ ਇਸ ਤੋਂ ਪਹਿਲਾਂ ਜੋ ਜਿਤੋਂ ਵਿੱਚ ਵੀ ਕਟੱੜ ਵਿਰੋਧੀ ਰਹੇ ਸਨ, ਉਹਨਾਂ ਨਾਲ ਵੀ ਨਰਮੀ ਦਾ ਵਤੀਰਾ ਵਰਤਿਆ ।'' (ਉਪਰੋਕਤ ਅਨੁਸਾਰ ਪੰਨਾ 305 ਤੋਂ 307)

ਫਿਰ ਇਹੋ ਵਿਲਿਯਮ ਮਯੋਰ ਲਿੱਖਦਾ ਹੈ ਕਿ :

''ਇਹ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੀ ਸਚੱਾਈ ਪੱਖ ਵਿੱਚ ਚਮਤਕਾਰ ਸੀ ਕਿ ਜੋ ਵੀ ਆਪ ਉਪੱਰ ਪਹਿਲਾਂ ਪਹਿਲ ਈਮਾਨ ਲਿਆਏ ਉਹ ਉੱਚ ਆਚਰਣ ਦੇ ਮਾਲਕ ਸਨ ਸਗੋਂ ਆਪ ਦੇ ਨੇੜਲੇ ਮਿਤੱਰ ਅਤੇ ਘਰ ਦੇ ਲੋਕ ਵੀ, ਜੋ ਆਪ ਦੇ ਜ਼ਾਤੀ ਜੀਵਨ ਬਾਰੇ ਚੰਗੀ ਤਰ੍ਹਾਂ ਵਾਕਫ਼ ਸਨ । ਆਪ ਦੇ ਆਚਰਣ ਵਿੱਚ ਉਹ ਉਣਤਾਈਆਂ ਨ ਦੇਖ ਸਕੇ ਜੋ ਆਮ ਤੋਰ'ਤੇ ਇਕ ਕਪਟੀ ਧੋਖੇਬਾਜ਼ ਦੇ ਘਰੇਲੂ ਤੇ ਬਾਹਰ ਦੇ ਰਵਈਏ ਵਿੱਚ ਹੁੰਦੇ ਹਨ ।'' (ਉਪਰੋਕਤ ਅਨੁਸਾਰ ਪੰਨਾ 97-98)

--- --- ---- --- --- --- --- --- --- --- --- --- --- --- --- ---

**ਸਰ ਟਾਮਸ ਕਾਰਲਾਇਲ Sir Thomas Carlyle ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਅਨਪੜ੍ਹ ਹੋਣ ਬਾਰੇ ਲਿੱਖਦੇ ਹਨ ਕਿ :**

''ਇਕ ਹੋਰ ਗੱਲ ਸਾਨੂੰ ਕਦੇ ਨਹੀਂ ਭੁਲਣੀ ਚਾਹੀਦੀ ਕਿ ਉਸਨੂੰ ਕਿਸੇ ਮਦਰਸੇ (ਵਿਦਿਆਲੇ) ਦੀ ਸਿੱਖਿਆ ਪ੍ਰਾਪਤ ਨਹੀਂ ਸੀ । ਉਸ ਚੀਜ਼ ਨੂੰ ਜਿਸਨੂੰ ਅਸੀਂ ਸਕੂਲ ਲਰਨਿੰਗ (School Learning) ਕਹਿੰਦੇ ਹਾਂ, ਅਜਿਹਾ ਕੁਝ ਵੀ ਨਹੀਂ ਸੀ । ਲਿੱਖਣ ਦਾ ਹੁਨਰ ਤਾਂ ਅਰਬ ਵਿੱਚ ਬਿਲਕੁਲ ਨਵਾਂ ਸੀ । ਇਹ ਸਲਾਹ ਬਿਲਕੁਲ ਸੱਚੀ ਮਲੂਮ ਹੁੰਦੀ ਹੈ ਕਿ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਕਦੇ ਖ਼ੁੱਦ ਨ ਲਿੱਖ ਸਕੇ ।

ਉਹਨਾਂ ਦੀ ਸਾਰੀ ਸਿੱਖਿਆ ਜੰਗਲਾਂ ਵਿੱਚ ਪਰਵਰਿਸ਼ ਅਤੇ ਉਸਦੇ ਤਜਰਬਿਆਂ ਦੁਆਲੇ ਘੁੰਮਦੀ ਹੈ । ਇਸ ਅਥਾਹ ਸ੍ਰਿਸ਼ਟੀ, ਆਪਣੇ ਸੀਮਤ ਹਨ੍ਹੇਰ ਖੇਤਰ ਅਤੇ ਆਪਣੀ ਮਾਦੀ ਅੱਖਾਂ ਤੇ ਵਿਚਾਰਾਂ ਨਾਲ ਉਹ ਕੀ ਕੁਝ ਪ੍ਰਾਪਤ ਕਰ ਸਕਦੇ ਸਨ ? ਵਧੇਰੇ ਹੈਰਾਨੀ ਹੁੰਦੀ ਹੈ ਜੱਦ ਦੇਖਿਆ ਜਾਵੇ ਕਿ ਕਿਤਾਬਾਂ ਵੀ ਉਪਲਭਦ ਨਹੀਂ ਸਨ । ਅਰਬ ਦੇ ਹਨ੍ਹੇਰੇ ਮਾਰੂਥਲਾਂ ਵਿੱਚ ਸੁਣੀ ਸੁਣਾਈਆਂ ਗੱਲਾਂ ਅਤੇ ਆਪਣੇ ਜ਼ਾਤੀ ਤਜਰਬਿਆਂ ਤੋਂ ਬਿਨਾਂ ਉਹ ਕੁਝ ਵੀ ਗਿਆਨ ਨਹੀਂ ਰੱਖਦੇ ਸਨ । ਉਹ ਦਾਨਾਈ ਦੀਆਂ ਗੱਲਾਂ ਜੋ ਆਪ ਤੋਂ ਪਹਿਲਾਂ ਮੌਜੂਦ ਸਨ ਜਾਂ ਅਰਬ ਤੋਂ ਬਿਨਾਂ ਹੋਰਨਾਂ ਖੇਤਰਾਂ ਵਿੱਚ ਮੌਜੂਦ ਸਨ, ਉਹਨਾਂ ਤੱਕ ਪਹੁੰਚ ਨ ਹੋਣ ਦੇ ਸਬਬ ਉਹ ਆਪ ਲਈ ਨ ਹੋਣ ਦੇ ਬਰਾਬਰ ਸਨ । ਅਜਿਹੇ ਹਾਕਮਾ ਅਤੇ ਵਿਦਵਾਨਾਂ ਵਿੱਚੋਂ ਕਿਸੇ ਨੇ ਇਸ ਮਹਾਨ ਮਨੁੱਖ ਨਾਲ ਸਿੱਧੇ ਰੂਪ ਵਿੱਚ ਵਾਰਤਾਲਾਪ ਨਹੀਂ ਕੀਤੀ । ਉਹ ਇਹਨਾਂ ਜੰਗਲਾਂ ਵਿੱਚ ਇਕੱਲੇ ਹੀ ਸਨ ਅਤੇ ਇਸੇ ਪ੍ਰਕਾਰ ਹੀ ਉਹ ਕੁਦਰਤ ਅਤੇ ਆਪਣੀਆਂ ਸੋਚਾਂ ਦੇ ਘੇਰੇ ਵਿੱਚ ਪਰਵਾਨ ਚੜ੍ਹਿਆ ।''

(Six Lectures by Thomas Carlyle, Edition 1846, Leacture 2 page 47)

ਫਿਰ ਆਪ ਦੇ ਵਿਆਹ ਅਤੇ ਘਰੇਲੂ ਸੰਬੰਧਾਂ ਬਾਰੇ ਲਿੱਖਦਾ ਹੈ ਕਿ:

''ਉਹ ਕਿਵੇਂ ਖ਼ਦੀਜਾ ਦਾ ਸਾਥੀ ਬਣਿਆ ? ਕਿਵੇਂ ਇਕ ਅਮੀਰ ਵਿਧਵਾ ਦੇ ਵਪਾਰਕ ਕੰਮਾ ਦਾ ਪ੍ਰਬੰਧਕ ਬਣਿਆ ਅਤੇ ਯਾਤਰਾ ਕਰਕੇ ਸ਼ਾਮ (ਸੀਰੀਆ) ਦੇ ਮੇਲਿਆਂ ਵਿੱਚ ਭਾਗ ਲਿਆ ? ਉਸ ਨੇ ਇਹ ਸਭ ਕੁਝ ਕਿਵੇਂ ਕਰ ਲਿਆ ? ਹਰ ਕੋਈ ਜਾਣਦਾ ਹੈ ਕਿ ਉਸ ਨੇ ਇਹ ਸਭ ਕੁਝ ਅਤਿਅੰਤ ਵਫ਼ਾਦਾਰੀ ਅਤੇ ਮਹਾਰਤ ਨਾਲ ਕੀਤਾ । ਖ਼ਦੀਜਾ (ਰਜ਼ੀ ਅਲੱਾਹ ਅਨਹਾ) ਦੇ ਮਨ ਵਿੱਚ ਉਹਨਾਂ ਦਾ ਸਤਿਕਾਰ ਅਤੇ ਧੰਨਵਾਦ ਦੇ ਜਜ਼ਬੇ ਕਿਉਂ ਪੈਦਾ ਹੋਏ ? ਉਹਨਾਂ ਦੋਹਾਂ ਦੇ ਵਿਆਹ ਦੀ ਦਾਸਤਾਂ, ਜਿਵੇਂ ਕਿ ਅਰਬ ਦੇ ਲੇਖਕਾਂ ਨੇ ਵਰਨਣ ਕੀਤੀ ਹੈ, ਬਹੁਤ ਦਿਲ ਖਿੱਚਵੀਂ ਅਤੇ ਬੋਧ ਯੋਗ ਹੈ । ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੀ ਉਮਰ 25 ਸਾਲ ਸੀ ਅਤੇ ਖ਼ਦੀਜਾ ਦੀ ਉਮਰ 40 ਸਾਲ ਦੀ ਸੀ ।''

ਫਿਰ ਲਿੱਖਦਾ ਹੈ ਕਿ, "ਮਲੂਮ ਹੁੰਦਾ ਹੈ ਕਿ ਆਪ ਨੇ ਉਸ ਪਰਉਪਕਾਰੀ ਨਾਲ ਅਤਿਅੰਤ ਪਿਆਰ ਭਰਿਆ ਅਤੇ ਸ਼ਾਂਤਮਈ ਭਰਪੂਰ ਜੀਵਨ ਲੰਘਾਇਆ । ਉਹ ਖ਼ਦੀਜਾ ਨਾਲ ਹਕੀਕੀ ਪਿਆਰ ਕਰਦੇ ਸਨ ਅਤੇ ਕੇਵਲ ਉਸੇ ਦੇ ਸਨ । ਉਸ ਨੂੰ ਝੂਠਾ ਨਬੀ ਆਖਣ ਵਿੱਚ ਇਹ ਹਕੀਕਤ ਰੋਕ ਬਣਦੀ ਹੈ । ਆਪ ਨੇ ਜੀਵਨ ਦਾ ਇਹ ਸਮਾਂ ਇਸ ਢੰਗ ਨਾਲ ਬਤੀਤ ਕੀਤਾ ਕਿ ਇਸ ਉਪੱਰ ਕੋਈ ਇਤਰਾਜ਼ ਨਹੀਂ ਕਰ ਸਕਦਾ । ਇਹ ਸਮਾਂ ਅਤਿਅੰਤ ਸਾਧਾਰਣ ਅਤੇ ਸ਼ਾਂਤਮਈ ਸੀ, ਇੱਥੋਂ ਤੱਕ ਕਿ ਆਪ ਦੀ ਜਵਾਨੀ ਦੇ ਦਿਨ ਲੰਘ ਗਏ ।"

(Six Lectures by Thomas Carlyle, Edition1846, lecture 2 page 48)

ਫ਼ਿਰ Thomas Carlyle ਹੀ ਲਿੱਖਦੇ ਹਨ ਕਿ : "ਅਸੀਂ ਲੋਕਾਂ ਅਰਥਾਤ ਈਸਾਈਆਂ ਵਿੱਚ ਇਹ ਗੱਲ ਪ੍ਰਸਿੱਧ ਹੈ ਕਿ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਪੂਰਨ ਛੱਲ, ਸੁਭਾਵਕ ਮਨੁੱਖ ਅਤੇ ਨਬੁਵੱਤ ਦੇ ਝੂਠੇ ਦਾਵੇਦਾਰ ਸਨ ਅਤੇ ਉਹਨਾ ਦਾ ਧਰਮ ਪਾਗਲਪੁਣੇ ਅਤੇ ਭਰਮ ਦਾ ਢੇਰ ਹੈ, ਹੁਣ ਇਹ ਸਾਰੀਆਂ ਗੱਲਾਂ ਲੋਕਾਂ ਸਾਹਮਣੇ ਗਲਤ ਹੁੰਦੀਆਂ ਜਾਂਦੀਆਂ ਹਨ।" ਕਹਿੰਦਾ ਹੈ, "ਜੋ ਝੂਠੀਆਂ ਗੱਲਾਂ ਕਟੱਰ ਪੰਥੀ ਈਸਾਈਆਂ ਨੇ ਇਸ ਮਨੁੱਖ ਬਾਰੇ ਬਣਾਈਆਂ ਸਨ, ਹੁਣ ਉਹ ਸਾਰੇ ਦੋਸ਼ ਸਾਡੇ ਕਲੰਕ ਦਾ ਸਬਬ ਹਨ । ਜੋ ਗੱਲਾਂ ਉਸ ਮਨੁੱਖ ਨੇ ਆਪਣੇ ਮੂੰਹੋਂ ਕੱਢੀਆਂ ਸਨ, ਬਾਰ੍ਹਾਂ ਸੌ ਵਰ੍ਹਿਆਂ ਤੋਂ ਅਠਾਰ੍ਹਾਂ ਕਰੋੜ ਮਨੁੱਖਾਂ ਲਈ ਲੜੀਬੱਧ ਸੁਮਾਰਗ ਦੇ ਸਿਥਿਰ ਹਨ । ਇਸ ਸਮੇਂ ਜਿੰਨ੍ਹੇ ਲੋਕ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਆਸਥਾ ਰੱਖਦੇ ਹਨ, ਉਸ ਤੋਂ ਵੱਧ ਕੇ ਅਤੇ ਕਿਸੇ ਦੇ ਕਲਾਮ ਉਪੱਰ ਇਸ ਯੁਗ ਦੇ ਲੋਕ ਵਿਸ਼ਵਾਸ਼ ਨਹੀਂ ਰੱਖਦੇ । ਮੇਰੇ ਅਨੁਸਾਰ ਇਸ ਵਿਚਾਰ ਤੋਂ ਹੀਣਾ ਅਤੇ ਨਾਸਤਿਕਤਾ ਦਾ ਕੋਈ ਦੂਜਾ ਵਿਚਾਰ ਨਹੀਂ ਹੈ ਕਿ ਇਕ ਝੂਠੇ ਮਨੁੱਖ ਨੇ ਇਹ ਧਰਮ ਫੈਲਾਇਆ।" (Six lectures on Heroes, Hero-worship and the Heroic in History by Thomas Carlyle)

--- --- ---- --- --- --- --- --- --- --- --- --- --- --- --- ---

**ਇਕ ਫ਼੍ਰੈਂਚ ਫ਼ਿਲਾਸਫ਼ਰ ਲਾਮਾਰਟੀਨ (Lamartine) ਆਪਣੀ ਕਿਤਾਬ (History of Turkey) ਵਿੱਚ ਲਿੱਖਦਾ ਹੈ ਕਿ :**

''ਜੇਕਰ ਕਿਸੇ ਮਨੁੱਖ ਦੀ ਯੋਗਤਾ ਨੂੰ ਪਰਖਣ ਲਈ ਤਿੰਨ ਮਾਪਦੰਡ ਨਿਰਧਾਰਤ ਕੀਤੇ ਜਾਣ ਕਿ ਉਸ ਮਨੁੱਖ ਦਾ ਮੰਤਵ ਕਿੰਨਾ ਮਹਾਨ ਹੈ, ਉਸ ਦੇ ਕੋਲ ਸਾਧਨ ਕਿੰਨੇ ਸੀਮਤ ਹਨ ਅਤੇ ਉਸਦੇ ਸਿੱਟੇ ਕਿੰਨੇ ਮਹਾਨ ਹਨ ਤਾਂ ਅੱਜ ਕਿਹੜਾ ਮਨੁੱਖ ਮਿਲੇਗਾ ਜੋ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨਾਲ ਟਾਕਰਾ ਕਰਨ ਦੀ ਜੁਰੱਤ ਕਰੇ । ਦੁਨੀਆਂ ਦੀਆਂ ਪ੍ਰਸਿੱਧ ਸ਼ਖ਼ਸੀਅਤਾਂ ਨੇ ਕੇਵਲ ਕੁਝ ਫ਼ੌਜਾਂ, ਕਾਨੂਨਾ ਅਤੇ ਸਲਤਨਤਾਂ ਨੂੰ ਪਰਾਜਿਤ ਕੀਤਾ ਅਤੇ ਉਹਨਾਂ ਨੇ ਕੇਵਲ ਸੰਸਾਰਕ ਹੁਕੂਮਤਾਂ ਦੀ ਸਥਾਪਨਾ ਕੀਤੀ ਅਤੇ ਉਹਨਾਂ ਵਿੱਚੋਂ ਕਈ ਸ਼ਕਤੀਆਂ ਉਹਨਾਂ ਦੀਆਂ ਅੱਖਾਂ ਸਾਹਮਣੇ ਹੀ ਖਿੰਡ-ਪੁੰਡ ਕੇ ਖੇਰੂੰ ਖੇਰੂੰ ਹੋ ਗਈਆਂ । ਪਰ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੇ ਨ ਕੇਵਲ ਸੰਸਾਰਕ ਫ਼ੌਜਾਂ, ਕਾਨੂਨਾਂ, ਹੁਕੂਮਤਾਂ, ਵੱਖ ਵੱਖ ਕੌਮਾਂ ਤੇ ਜਾਤੀਆਂ ਸਗੋਂ ਦੁਨੀਆ ਦੀ ਕੁਲ ਆਬਾਦੀ ਦੇ ਇਕ ਤਿਹਾਈ ਭਾਗ ਨੂੰ ਇਕਜੁਟ ਕਰ ਦਿੱਤਾ । ਵਧੇਰੇ ਇਹ ਕਿ ਉਸ ਨੇ ਬਲਿਦਾਨ, ਪ੍ਰਭੁਤੱਵ, ਧਰਮ, ਆਸਥਾ, ਚਿੰਤਨ ਅਤੇ ਆਧਿਆਤਮਕਤਾ ਦਾ ਨਿਵੀਨੀਕਰਣ ਕੀਤਾ । ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦਾ ਸੋਮਾ ਕੇਵਲ ਇਕ ਕਿਤਾਬ ਸੀ ਜਿਸਦਾ ਅਖੱਰ ਅਖੱਰ ਕਾਨੂਨ ਬਣ ਗਿਆ । ਉਸ ਮਨੁੱਖ ਨੇ ਹਰ ਇਕ ਭਾਸ਼ਾ ਅਤੇ ਹਰ ਇਕ ਨਸਲ ਨੂੰ ਇਕ ਰੂਹਾਨੀ ਵਿਸ਼ੇਸ਼ਤਾ ਨਾਲ ਨਿਵਾਜਿਆ ।''

ਫਿਰ ਲਿੱਖਦਾ ਹੈ ਕਿ : ''ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਇਕ ਦਾਰਸ਼ਨਿਕ, ਵਕਤਾ, ਪੈਗ਼ੰਬਰ, ਕਾਨੂਨਦਾਨ, ਜੰਗ ਜੂ ਅਤੇ ਚਿੰਤਨ ਉਪੱਰ ਫ਼ਤਿਹ ਪਾਉਣ ਵਾਲਾ, ਨੈਤਿਕ ਸਿੱਖਿਆ ਦਾ ਨਿਵੀਨੀਕਰਣ ਕਰਨ ਵਾਲਾ, ਵੀਹਾਂ ਜ਼ਾਹਰ ਹੁਕੂਮਤਾਂ ਅਤੇ ਇਕ ਰੂਹਾਨੀ ਹੁਕੂਮਤ ਨੂੰ ਕਾਇਮ ਕਰਨ ਵਾਲਾ ਮਨੁੱਖ ਸੀ। ਮਨੁੱਖੀ ਅਜ਼ਮਤ ਨੂੰ ਪਰਖਣ ਦਾ ਕੋਈ ਵੀ ਮਾਪਦੰਡ ਨੀਯਤ ਕਰ ਲਓ, ਕੀ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਤੋਂ

ਵੱਧ ਕੇ ਕਦੇ ਕੋਈ ਮਹਾਨ ਮਨੁੱਖ ਪੈਦਾ ਹੋਇਆ?"

(History of turkey by A.De Lamartine, New York : D.Appletonand company,346 & 348 Brodway, 1855. Vol.1 pp.154-155)

--- --- ---- --- --- --- --- --- --- --- --- --- --- --- --- ---

ਜਾਨ ਡੇਵਿਨ ਪੋਰਟ (**john Davenport**) ਲਿੱਖਦਾ ਹੈ ਕਿ : "ਕੀ ਇਹ ਗੱਲ ਸਮਝ ਵਿੱਚ ਆ ਸਕਦੀ ਹੈ ਕਿ ਜਿਸ ਮਨੁੱਖ ਨੇ ਹੀਣੀ ਤੇ ਤ੍ਰਿਸਕਾਰੀ ਬੁੱਤ ਪ੍ਰਸਤੀ ਦੇ ਬਦਲੇ, ਜਿਸ ਵਿੱਚ ਉਸਦੇ ਹਮਵਤਨ ਅਰਥਾਤ ਅਰਬ ਵਾਸੀ ਗ੍ਰੱਸੇ ਹੋਏ ਸਨ, ਸੱਚੇ ਰੱਬ ਦੀ ਪ੍ਰਸਤਿਸ਼ ਕਾਇਮ ਕਰਕੇ ਵੱਡੇ ਵੱਡੇ ਸਦਾ ਰਹਿਣ ਵਾਲੇ ਸੁਧਾਰ ਕੀਤੇ, ਉਹ ਝੂਠਾ ਨਬੀ ਸੀ ? ਕੀ ਅਸੀਂ ਉਸ ਸਰਗਰਮ ਤੇ ਜੁਸ਼ੀਲੇ ਸੁਧਾਰਕ ਨੂੰ ਫ਼ਰੇਬੀ ਆਖ ਸਕਦੇ ਹਾਂ ਅਤੇ ਇਹ ਕਹਿ ਸਕਦੇ ਹਾਂ ਕਿ ਅਜਿਹੇ ਮਨੁੱਖ ਦੀਆਂ ਸਾਰੀਆਂ ਕਾਰਵਾਈਆਂ ਮਕਰ ਤੇ ਧੋਖੇ ਉਪੱਰ ਅਧਾਰਤ ਸਨ ? ਨਹੀਂ, ਅਜਿਹਾ ਨਹੀਂ ਕਹਿ ਸਕਦੇ । ਬੇਸ਼ਕ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਸਿਵਾਏ ਮੱਨੋਂ ਨੇਕ ਨੀਤੀ ਅਤੇ ਈਮਾਨਦਾਰੀ ਦੇ ਅਤੇ ਕਿਸੇ ਸਬਬ ਨਾਲ ਅਜਿਹੇ ਠਰ੍ਹਮੇਂ ਨਾਲ ਵਹੀ ਦੇ ਨਾਜ਼ਲ ਹੋਣ ਤੋਂ ਲੈਕੇ ਅਖੀਰ ਦਮ ਤੱਕ ਟਿਕੇ ਨਹੀਂ ਰਹਿ ਸਕਦੇ ਸਨ । ਜੋ ਲੋਕ ਹਰ ਸਮੇਂ ਉਹਨਾਂ ਕੋਲ ਰਹਿੰਦੇ ਸਨ ਅਤੇ ਉਹ ਜੋ ਉਹਨਾ ਨਾਲ ਡੂੰਘੇ ਸੰਬੰਧ ਰੱਖਦੇ ਸਨ ਉਹਨਾਂ ਨੂੰ ਵੀ ਕਦੇ ਆਪ ਦੇ ਦਿਖਾਵੇ ਦੀ ਸ਼ੰਕਾ ਨਹੀਂ ਹੋਈ ।"

ਫ਼ਿਰ ਲਿੱਖਦਾ ਹੈ ਕਿ : "ਇਹ ਗੱਲ ਯਕੀਨੀ ਤੋਰ'ਤੇ ਪੂਰਨ ਸਚੱਾਈ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਪੱਛਮੀ ਸ਼ਹਿਜ਼ਾਦੇ ਮੁਸਲਮਾਨ ਮੁਜਾਹਦੀਨ ਅਤੇ ਤੁਰਕਾਂ ਦੀ ਥਾਂ ਏਸ਼ੀਆ ਦੇ ਹਾਕਮ ਹੋ ਗਏ ਹੁੰਦੇ ਤਾਂ ਮੁਸਲਮਾਨਾਂ ਨਾਲ ਇਸ ਧਾਰਮਕ ਨਿਆਏ ਸੰਗਤ ਦਾ ਸੁਲੂਕ ਨ ਕਰਦੇ ਜੋ ਮੁਸਲਮਾਨਾਂ ਨੇ ਈਸਾਈਆਂ ਨਾਲ ਕੀਤਾ । ਕਿਉਂਕਿ ਈਸਾਈਅਤ ਨੇ ਤਾਂ

ਆਪਣੇ ਉਹਨਾਂ ਹਮ ਮਜ਼੍ਹਬਾਂ ਨੂੰ ਜਾਤੀਵਾਦ ਤੇ ਪੱਖਪਾਤ ਕਰਕੇ ਜ਼ੁਲਮ ਤੇ ਤਸ਼ੱਦਦ ਦਾ ਨਿਸ਼ਾਨਾ ਬਣਇਆ ਜਿੰਨ੍ਹਾ ਨਾਲ ਉਹਨਾਂ ਦੇ ਧਾਰਮਕ ਮਤਿਭੇਦ ਸਨ ।''

(An Apology for mohammed and the Koran by john Davenport, page 82, chapter, The Koran, printed by J.Davy and sons, London., 1882)

ਫ਼ਿਰ ਇਹੋ ਜਾਨ ਡੀਵਨ ਪੋਰਟ ਲਿਖੱਦਾ ਹੈ ਕਿ : ''ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਸਾਰਿਆਂ ਨਿਆਏਕਾਰਾਂ ਅਤੇ ਜੇਤੂਆਂ ਵਿੱਚੋਂ ਇਕ ਵੀ ਅਜਿਹਾ ਨਹੀਂ ਜਿਸ ਦਾ ਜੀਵਨ ਚਰਿਤ੍ਰ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਜੀਵਨ ਚਰਿਤ੍ਰ ਤੋਂ ਵੱਧ ਵਿਸਥਾਰ ਪੂਰਨ ਤੇ ਸਾਰਥਕ ਹੋਵੇ ।'' (ਉਪਰੋਕਤ)

--- --- ---- --- --- --- --- --- --- --- --- --- --- --- --- ---

**ਫ਼ਿਰ ਮਾਈਕਲ ਐਚ ਹਾਰਟ (Michael H. Hart) ਆਪਣੀ ਕਿਤਾਬ A Ranking of the Most Influential person in Hiatory ਵਿੱਚ ਲਿੱਖਦੇ ਹਨ ਕਿ :**

''ਦੁਨੀਆ ਉਪੱਰ ਪ੍ਰਭਾਵਪੂਰਨ ਹੋਣ ਵਾਲੇ ਲੋਕਾਂ ਵਿੱਚੋਂ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦਾ ਨਾਂ ਪਹਿਲੇ ਨੰਬਰ ਲਈ ਚੁਣਿਆ ਜਾਣਾ ਕਈ ਪੜ੍ਹਨ ਵਾਲਿਆਂ ਲਈ ਸੰਭਵਤਾ ਅਚੰਭੇ ਵਾਲੀ ਗੱਲ ਹੋਵੇ ਅਤੇ ਕਈ ਇਸ'ਤੇ ਪ੍ਰਸ਼ਨ ਵੀ ਕਰਨਗੇ । ਪਰ ਇਤਿਹਾਸ ਵਿੱਚ ਉਹ ਇੱਕੋ ਇਕ ਮਹਾਪੁਰਸ਼ ਸੀ ਜੋ ਕਿ ਧਾਰਮਕ ਅਤੇ ਸੰਸਾਰਕ ਹਰ ਦੋਹਾਂ ਪੱਖਾਂ ਤੋਂ ਅਤਿਅੰਤ ਸਫ਼ਲ ਸੀ । ਹੁਣ ਪ੍ਰਸ਼ਨ ਉਠਦਾ ਹੈ ਕਿ ਕੋਈ ਕਿਵੇਂ ਇਸ ਗੱਲ ਦਾ ਵਿਸ਼ਵਾਸ ਕਰੇ ਕਿ ਮਨੁੱਖੀ ਇਤਿਹਾਸ'ਤੇ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਕਿਵੇਂ ਪ੍ਰਭਾਵਤ ਹੋਏ ? ਹੋਰਨਾ ਧਰਮਾਂ ਵਾਂਗ ਇਸਲਾਮ ਨੇ ਵੀ ਆਪਣੇ ਪੈਰ੍ਹੋਕਾਰਾਂ ਦੇ ਜੀਵਨ ਉਪੱਰ ਇਕ ਡੂੰਘਾ ਪ੍ਰਭਾਵ ਛੱਡਿਆ ਹੈ । ਇਹੋ

ਕਾਰਨ ਹੈ ਕਿ ਦੁਨੀਆ ਵਿੱਚ ਪਾਏ ਜਾਂਦੇ ਮਹਾਨ ਧਰਮਾਂ ਦੇ ਬਾਨੀਆਂ ਨੂੰ ਇਸ ਕਿਤਾਬ ਵਿੱਚ ਵਿਸ਼ੇਸ਼ ਅਸਥਾਨ ਦਿੱਤਾ ਗਿਆ ਹੈ ।'' ਲਿੱਖਦਾ ਹੈ ਕਿ :

''ਇਕ ਅਨੁਮਾਨ ਅਨੁਸਾਰ ਦੁਨੀਆ ਵਿੱਚ ਈਸਾਈਆਂ ਦੀ ਗਿਣਤੀ ਮੁਸਲਮਾਨਾਂ ਦੀ ਗਿਣਤੀ ਤੋਂ ਦੂਣੀ ਹੈ । ਇਸ ਪੱਖੋਂ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੂੰ ਈਸਾ ਤੋਂ ਪਹਿਲਾਂ ਰੱਖਣਾ ਸੰਭਵਤਾ ਤੁਹਾਨੂੰ ਅਚੰਭਾ ਲੱਗੇ ਪਰ ਮੇਰੇ ਇਸ ਨਿਰਣੈ ਪਿੱਛੇ ਦੋ ਵੱਡੇ ਕਾਰਣ ਹਨ । ਪਹਿਲਾ ਕਾਰਣ ਇਹ ਹੈ ਕਿ ਈਸਾਈਆਂ ਦੀ ਪ੍ਰਗਤੀ ਵਿੱਚ ਈਸਾ (ਅਲੈਹਿ ਸਲਾਮ) ਦੇ ਕਿਰਦਾਰ ਦੀ ਤੁਲਨਾ ਵਿੱਚ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦਾ ਇਸਲਾਮ ਦੀ ਪ੍ਰਗਤੀ ਵਿੱਚ ਕਿਤੇ ਵੱਧ ਵਿਸੇਸ਼ ਅਮਲ ਸੀ । ਬੇਸ਼ਕ ਈਸਾ (ਅਲੈਹਿ ਸਲਾਮ) ਹੀ ਈਸਾਈਅਤ ਦੇ ਰੂਹਾਨੀ ਅਤੇ ਅਚਰਣਕ ਜੀਵਨ ਸ਼ੈਲੀ ਦੇ ਸਬਬ ਹੋਏ ਪਰ ਈਸਾਈਅਤ ਨੂੰ ਪ੍ਰਗਤੀ ਦੇਣ ਦੇ ਸੰਦਰਭ ਨਾਲ ਸੈਂਟ ਪਾਲ ਨੇ ਮੁਢਲਾ ਕਿਰਦਾਰ ਨਿਭਾਇਆ ਹੈ । ਈਸਾਈਅਤ ਨੂੰ ਵਰਤਮਾਨ ਰੂਪ ਦੇਣ ਵਾਲਾ ਅਤੇ ਨਵੇਂ ਅਹਿਦ ਨਾਮੇ ਦੇ ਇਕ ਵੱਡੇ ਭਾਗ ਨੂੰ ਲਿੱਖਣ ਵਾਲਾ ਸੈਂਟ ਪਾਲ ਹੀ ਸੀ ।''

ਫ਼ਿਰ ਲਿੱਖਦਾ ਹੈ ਕਿ : ''ਜੱਦ ਕਿ ਇਸਲਾਮ ਧਰਮ ਅਤੇ ਇਸ ਵਿੱਚ ਵਿਦਮਾਨ ਸਾਰੇ ਆਚਰਣਕ ਅਤੇ ਧਾਰਮਕ ਉਸੂਲਾਂ ਦੇ ਜ਼ਿੰਮੇਦਾਰ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਸਨ ਅਤੇ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੇ ਇਸ ਨਵੇਂ ਧਰਮ ਨੂੰ ਆਪ ਰੂਪ ਦਿੱਤਾ ਅਤੇ ਇਸਲਾਮੀ ਸਿੱਖਿਆ ਨੂੰ ਲਾਗੂ ਕਰਨ ਵਿੱਚ ਮੁਢਲਾ ਕਿਰਦਾਰ ਨਿਭਾਇਆ। ਇਸ ਤੋਂ ਬਿਨਾਂ ਮੁਸਲਮਾਨਾਂ ਦੇ ਪਵਿੱਤਰ ਗ੍ਰੰਥ ਅਰਥਾਤ ਕੁਰਆਨ ਕਰੀਮ, ਜੋ ਕਿ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੀ ਬਿਬੇਕ ਉਪੱਰ ਅਧਾਰਤ ਇਕ ਕਿਤਾਬ ਸੀ ਨੂੰ ਲਿੱਖਣ ਵਾਲਾ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਸੀ ।''

ਕਹਿੰਦਾ ਹੈ ਕਿ : ''ਜਿਸ ਦੇ ਬਾਰੇ ਉਹ (ਅਰਥਾਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ) ਕਹਿੰਦੇ ਹਨ ਕਿ ਉਹ ਅਲੱਾਹ ਵੱਲੋਂ ਉਹਨਾਂ'ਤੇ

ਵਹੀ ਕੀਤਾ ਗਿਆ । ਕੁਰਆਨ ਕਰੀਮ ਦੇ ਇਕ ਵੱਡੇ ਭਾਗ ਨੂੰ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ) ਦੇ ਜੀਵਨ ਵਿੱਚ ਹੀ ਨਕਲ ਕਰਕੇ ਸੁਰੱਖਿਅਤ ਕਰ ਲਿਆ ਗਿਆ ਸੀ ਅਤੇ ਆਪ ਦੇ ਦੇਹਾਂਤ ਦੇ ਕੁਝ ਸਮੇਂ ਬਾਦ ਹੀ ਇਸ ਨੂੰ ਸੰਗ੍ਰਹੀਤ ਰੂਪ ਵਿੱਚ ਸੁਰੱਖਿਅਤ ਕਰ ਲਿਆ ਗਿਆ । ਇਸ ਲਈ ਕੁਰਆਨ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੀਆਂ ਸਿੱਖਿਆਵਾਂ ਅਤੇ ਬਿਬੇਕਤਾ ਦਾ ਵਾਸਤਵਿਕ ਪਰਤਵਾ ਕਰਦਾ ਹੈ ਅਤੇ ਇਕ ਵਿਦਿਅਕ ਚਿੰਤਨ ਅਨੁਸਾਰ ਉਹ ਆਪ ਦੇ ਹੀ ਸ਼ਬਦ ਹਨ । ਜੱਦ ਕਿ ਈਸਾ (ਅਲੈਹਿ ਸਲਾਮ) ਦੀ ਸਿੱਖਿਆਂ ਦਾ ਇਸ ਪ੍ਰਕਾਰ ਦਾ ਕੋਈ ਸੰਗ੍ਰਹ ਨਹੀਂ ਹੈ । ਮੁਸਲਮਾਨਾ ਅਨੁਸਾਰ ਕੁਰਆਨ ਕਰੀਮ ਦੀ ਉਹੋ ਮਹਤੱਤਾ ਹੈ ਜੋ ਈਸਾਈਆਂ ਅਨੁਸਾਰ ਬਾਈਬਲ ਦੀ ਹੈ । ਇਸ ਲਈ ਕੁਰਆਨ ਰਾਹੀਂ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਲੋਕਾਂ ਉਪੱਰ ਭਰਪੂਰ ਪ੍ਰਭਾਵਤ ਹੋਏ। ਨਿਸ਼ਚਿਤ ਸੰਭਾਵਨਾ ਇਹੋ ਹੈ ਕਿ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦਾ ਇਸਲਾਮ ਉਪੱਰ ਬਹੁਤਾ ਪ੍ਰਭਾਵ ਹੈ, ਉਸ ਪ੍ਰਭਾਵ ਦੀ ਤੁਲਨ ਵਿੱਚ ਜੋ ਈਸਾ (ਅਲੈਹਿ ਸਲਾਮ) ਅਤੇ ਸੈਂਟ ਪਾਲ ਨੇ ਸਾਮੂਹਿਕ ਤੋਰ'ਤੇ ਈਸਾਈਆਂ ਉਪੱਰ ਪਾਇਆ । ਨਿਰੋਲ ਧਾਰਮਕ ਦ੍ਰਿਸ਼ਟੀਕੋਣ ਨਾਲ ਜੇਕਰ ਦੇਖਿਆ ਜਾਵੇ ਤਾਂ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਵੀ ਮਨੁੱਖੀ ਇਤਿਹਾਸਉੱਪਰ ਉਨ੍ਹਾਂ ਹੀ ਪ੍ਰਭਾਵਤ ਹੋਏ ਜਿੰਨ੍ਹਾ ਕਿ ਈਸਾ (ਅਲੈਹਿ ਸਲਾਮ)।"

(The 100: A Ranking of the most Influential persons in History by Michael H. Hart)

--- --- ---- --- --- --- --- --- --- --- --- --- --- --- --- ---

**ਕੈਰਨ ਆਰਮ ਸਟ੍ਰਾਂਗ (Karen Armstrong) ਆਪਣੀ ਕਿਤਾਬ A Biography of the Prophet ਵਿੱਚ ਲਿੱਖਦੀ ਹਨ ਕਿ :**

"ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਮੁਢੱਲੇ ਇਕ

ਈਸ਼ਵਰਵਾਦ 'ਤੇ ਆਧਾਰਤ ਰੂਹਾਨੀਯਤ ਲਈ ਅਮਲੀ ਤੋਰ'ਤੇ ਜ਼ੀਰੋ ਤੋਂ ਕੰਮ ਅਰੰਭ ਕਰਨਾ ਪਿਆ । ਜੱਦ ਆਪ ਨੇ ਆਪਣੇ ਮਿਸ਼ਨ ਦਾ ਅਰੰਭ ਕੀਤਾ ਤਾਂ ਅਸੰਭਵ ਸੀ ਕਿ ਕੋਈ ਆਪਦੇ ਮਿਸ਼ਨ'ਤੇ ਕੰਮ ਕਰਨ ਦਾ ਸਮਾਂ ਦਿੰਦਾ । ਅਰਬ ਕੌਮ ਤੌਹੀਦ (ਇਕ ਈਸ਼ਵਰਵਾਦ) ਲਈ ਉੱਕਾ ਹੀ ਤਿਆਰ ਨਹੀਂ ਸੀ । ਉਹ ਲੋਕ ਅਜੇ ਇਸ ਉਚਤਮ ਮਾਪਦੰਡ ਦੇ ਦ੍ਰਿਸ਼ਕੋਣ ਦੇ ਯੋਗ ਨਹੀਂ ਹੋਏ ਸਨ । ਵਾਸਤਵ ਵਿੱਚ ਇਸ ਤਸ਼ੱਦਦ ਭਰੇ ਅਤੇ ਖੌਫ਼ਨਾਕ ਮਹੌਲ (ਸਮਾਜ) ਵਿੱਚ ਇਸ ਦ੍ਰਿਸ਼ਟੀਕੋਣ ਨੂੰ ਜਾਣੂ ਕਰਵਾਉਣਾ ਅਤਿਅੰਤ ਖ਼ਤਰਨਾਕ ਹੋ ਸਕਦਾ ਸੀ ਅਤੇ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨਿਸ਼ਚੈ ਹੀ ਅਤਿਅੰਤ ਖ਼ੁਸ਼ਕਿਸਮਤ ਹੁੰਦੇ ਜੇਕਰ ਇਸ ਸਮਾਜ ਵਿੱਚ ਆਪਣੇ ਜੀਵਨ ਨੂੰ ਬਚਾ ਸਕਦੇ । ਵਾਸਤਵ ਵਿੱਚ ਮੁਹਮੱਦ ਦੀ ਜਾਨ ਅਧਿਕਤਰ ਖ਼ਤਰਿਆਂ ਵਿੱਚ ਘਿਰੀ ਰਹਿੰਦੀ ਅਤੇ ਉਹਨਾਂ ਦਾ ਬੱਚ ਜਾਣਾ ਲੱਗਭਗ ਇਕ ਚਤਮਤਕਾਰ ਸੀ, ਪਰ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਹੀ ਸਫ਼ਲ ਹੋਏ । ਆਪਣੇ ਜੀਵਨ ਦੇ ਅੰਤ ਤੱਕ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੇ ਕਬਾਈਲੀ ਤਸ਼ੱਦਦ ਦੀਆਂ ਪੁਰਾਣੀਆਂ ਰਿਵਾਇਤਾਂ ਦਾ ਖ਼ਾਤਮਾ ਕਰ ਦਿੱਤਾ ਅਤੇ ਅਰਬ ਸਮਾਜ ਲਈ ਅਧਰਮ ਦਾ ਕੋਈ ਮਸਲਾ ਨ ਰਿਹਾ । ਹੁਣ ਅਰਬ ਕੌਮ ਆਪਣੇ ਇਤਿਹਾਸ ਦੇ ਨਵੇਂ ਦੌਰ ਵਿੱਚ ਦਾਖ਼ਲ ਹੋਣ ਲਈ ਤਿਆਰ ਬਰ ਤਿਆਰ ਸੀ ।''

(Muhammad – A Biography of the Prophet by Karen Armstrong, page 53-54)

ਫ਼ਿਰ ਕੇਰਨ ਆਰਮ ਸਟ੍ਰੌਂਗ ਹੀ ਲਿਖੱਦੀ ਹਨ ਕਿ :

''ਅੰਤ ਇਹ ਪੱਛਮ ਹੀ ਸੀ ਨ ਕਿ ਇਸਲਾਮ, ਜਿਸਨੇ ਧਰਮਕ ਬਹਿਸਾਂ ਉਪੱਰ ਪਾਬੰਦੀ ਲਾਈ । ਸਲੀਬੀ ਜੰਗਾ ਦੇ ਸਮੇਂ ਤਾਂ ਇਹ ਇਉਂ ਮਲੂਮ ਹੁੰਦਾ ਹੈ ਕਿ ਯੂਰੋਪ ਦੂਜਿਆਂ ਦੇ ਦ੍ਰਿਸ਼ਟੀਕੋਣ ਨੂੰ ਦਬਾਉਣ ਦੀ ਇਛੱਾ ਵਿੱਚ ਜਨੂਨੀ ਹੋ ਚੁੱਕਿਆ ਸੀ ਅਤੇ ਜਿਸ ਜੋਸ਼ ਨਾਲ ਉਸਨੇ ਆਪਣੇ ਵਿਰੋਧੀਆਂ ਨੂੰ ਦੰਡ ਦਿੱਤੇ ਹਨ, ਧਰਮ ਦੇ ਇਤਿਹਾਸ ਵਿੱਚ ਇਸ ਦੀ ਉਦਾਹਰਣ ਨਹੀਂ ਮਿਲਦੀ । ਮਤਿਭੇਦ ਦੀ ਅਵਸਥਾ ਵਿੱਚ ਅਤਿਆਚਾਰ,

Protestants ਉਪੱਰ Catholics ਦੇ ਅਤਿਆਚਾਰ ਅਤੇ ਇਸੇ ਪ੍ਰਕਾਰ Catholics ਦੇ Protestants ਉਪੱਰ ਅਤਿਆਚਾਰ ਦਾ ਮੁੱਢ ਉਹਨਾਂ ਵਲ੍ਹੇਵੇਂਦਾਰ ਧਾਰਕਮ ਸਿੱਧਾਂਤਾਂ ਉਪੱਰ ਸੀ ਜਿੰਨ੍ਹਾ ਦੀ ਆਗਿਆ ਯਹੂਦੀਆਂ ਅਤੇ ਇਸਲਾਮ ਨੇ ਜ਼ਾਤੀ ਮਾਮਲਿਆਂ ਵਿੱਚ ਇਖ਼ਤਿਆਰੀ ਤੌਰ'ਤੇ ਦਿੱਤੀ ਹੈ। ਈਸਾਈ ਅਧਰਮੀ ਅਕੀਦਿਆਂ ਦਾ ਯਹੂਦੀਆਂ ਅਤੇ ਇਸਲਾਮ ਨਾਲ ਕੋਈ ਸੰਬੰਧ ਨਹੀ, ਜਿੰਨ੍ਹਾ ਅਨੁਸਾਰ ਖ਼ੁਦਾਈ ਬਾਰੇ ਮਨੁੱਖੀ ਸੋਚਾਂ ਨੂੰ ਅਮਾਨਨੀ ਹੱਦ ਤੱਕ ਲੈ ਜਾਂਦਾ ਹੈ ਸਗੋਂ ਅਨੇਕ ਈਸ਼ਵਰਵਾਦ ਬਣਾ ਦਿੰਦਾ ਹੈ ।"
(ਉਪਰੋਕਤ ਪੰਨਾ 27)

--- --- ---- --- --- --- --- --- --- --- --- --- --- --- --- ---

**ਐਨੀ ਬਸਾਂਤ (Annie Besant) ਆਪਣੀ ਕਿਤਾਬ The Life and Teachings of Muhammad ਵਿੱਚ ਲਿੱਖਦੀ ਹਨ ਕਿ :**

"ਇਕ ਅਜਿਹੇ ਮਨੁੱਖ ਲਈ ਜਿਸ ਨੇ ਅਰਬ ਦੇ ਮਹਾਨ ਨਬੀ ਦੇ ਜੀਵਨ ਅਤੇ ਉਸ ਦੇ ਆਚਰਣ ਦਾ ਅਧਿਐਨ ਕੀਤਾ ਹੋਵੇ ਅਤੇ ਜੋ ਜਾਣਦਾ ਹੋਵੇ ਕਿ ਉਸ ਨਬੀ ਨੇ ਕੀ ਸਿੱਖਿਆ ਦਿੱਤੀ ਹੈ, ਉਸ ਨੇ ਆਪਣਾ ਜੀਵਨ ਕਿਵੇਂ ਲੰਘਾਇਆ, ਉਸ ਲਈ ਅਸੰਭਵ ਹੈ ਕਿ ਉਹ ਖ਼ੁਦਾ ਦੇ ਨਬੀਆਂ (ਅਵਤਾਰਾਂ) ਵਿੱਚੋਂ ਇਸ ਮਹਾਨ ਨਬੀ ਦਾ ਸਤਿਕਾਰ ਨ ਕਰੇ । ਮੈਂ ਜੋ ਗੱਲਾਂ ਕਹਿ ਰਹੀ ਹਾਂ ਉਹਨਾਂ ਬਾਰੇ ਬਹੁਤ ਲੋਕਾਂ ਨੂੰ ਸੰਭਵਤਾ ਪਹਿਲਾਂ ਹੀ ਗਿਆਨ ਹੋਵੇਗਾ । ਪਰ ਮੈਂ ਜੱਦ ਵੀ ਇਹਨਾਂ ਗੱਲਾਂ ਨੂੰ ਪੜ੍ਹਦੀ ਹਾਂ ਤਾਂ ਮੈਂਨੂੰ ਇਸ ਅਰਬੀ ਅਧਿਆਪਕ ਦੇ ਸਤਿਕਾਰ ਲਈ ਇਕ ਨਵਾਂ ਅਨੁਭਵ ਉਤਪੰਨ ਹੁੰਦਾ ਹੈ ਅਤੇ ਉਸ ਦੀ ਉਸਤਤੀ ਦਾ ਇਕ ਨਵਾਂ ਰੰਗ ਦਿਖਾਈ ਦਿੰਦਾ ਹੈ ।"

(The Life and Teachings of Muhammad, Madras, 1932, p-4)

--- --- ---- --- --- --- --- --- --- --- --- --- --- --- --- ---

**ਰੂਥ ਕਰੇਂਸਟਨ (Ruth Cranston) ਆਪਣੀ ਕਿਤਾਬ World Faith ਵਿੱਚ ਲਿੱਖਦੀ ਹਨ ਕਿ :**

"ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ ) ਨੇ ਕਦੇ ਵੀ ਜੰਗ ਜਾਂ ਰਕਤ ਵਹਾਉਣ ਦਾ ਅਰੰਭ ਨਹੀਂ ਕੀਤਾ । ਹਰ ਇਕ ਜੰਗ ਜੋ ਉਹਨਾਂ ਨੇ ਲੜੀ, ਆਪਣੀ ਰੱਖਿਆ ਲਈ ਸੀ । ਉਹ ਜੇਕਰ ਲੜਦੇ ਤਾਂ ਕੇਵਲ ਆਪਣੇ ਜੀਵਨ ਨੂੰ ਸਿਥਰ ਰੱਖਣ ਲਈ ਅਤੇ ਅਜਿਹੇ ਸ਼ਸਤਰਾਂ ਤੇ ਢੰਗਾਂ ਨਾਲ ਲੜੇ ਜੋ ਉਸ ਸਮੇਂ ਦਾ ਰਿਵਾਜ ਸੀ । ਇਹ ਗੱਲ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਚੋਦਾਂ ਕਰੋੜ ਈਸਾਈਆਂ ਵਿੱਚੋਂ ਜਿੰਨ੍ਹਾ ਨੇ ਵਰਤਮਾਨ ਵਿੱਚ ਇਕ ਲੱਖ ਵੀਹ ਹਜਾਰ ਤੋਂ ਵੱਧ ਮਨੁੱਖਾਂ ਨੂੰ ਇੱਕੋ ਬੰਬ ਨਾਲ ਮਾਰ ਮੁਕਾਇਆ ਹੋਵੇ, ਕੋਈ ਇਕ ਕੌਮ ਵੀ ਅਜਿਹੀ ਨਹੀਂ ਜੋ ਇਕ ਅਜਿਹੇ ਲੀਡਰ 'ਤੇ ਸ਼ੰਕਾ ਦੀ ਦ੍ਰਿਸ਼ਟੀ ਪਾ ਸਕੇ ਜਿਸ ਨੇ ਆਪਣੀਆਂ ਸਾਰੀਆਂ ਜੰਗਾਂ ਦੇ ਮਾੜੀ ਤੋਂ ਮਾੜੀ ਅਵਸਥਾ ਵਿੱਚ ਵੀ ਕੇਵਲ ਪੰਜ ਜਾਂ ਛੇ ਸੋ ਵਿਅਕਤੀਆਂ ਨੂੰ ਤਹਿ ਤੇਗ਼ ਕੀਤਾ ਹੋਵੇ । ਅਰਬ ਦੇ ਨਬੀ ਦੇ ਹੱਥੀਂ ਸਤੱਵੀਂ ਸਦੀ ਦੇ ਅੰਧਕਾਰਮਈ ਕਾਲ ਵਿੱਚ ਜੱਦ ਕਿ ਲੋਕ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਰਹੇ ਹੋਣ, ਹੋਣ ਵਾਲੀਆਂ ਹਲਾਕਤਾਂ ਦਾ ਅੱਜ ਦੀ ਪ੍ਰਕਾਸ਼ਮਈ ਵੀਹਵੀਂ ਸਦੀ ਦੀਆਂ ਹਲਾਕਤਾਂ ਨਾਲ ਤੁਲਨਾ ਕਰਨਾ ਇਕ ਮੂਰਖਤਾ ਤੋਂ ਬਿਨਾਂ ਹੋਰ ਕੁਝ ਨਹੀਂ । ਇਸ ਬਿਆਨ ਦੀ ਤਾਂ ਲੋੜ ਹੀ ਨਹੀਂ ਜੋ ਕਤਲ ਇੰਕੁਈਜ਼ੇਸ਼ਨ (Inquisition) ਅਤੇ ਸਲੀਬੀ ਜੰਗਾ ਦੇ ਕਾਲ ਵਿੱਚ ਹੋਏ ਜੱਦ ਈਸਾਈ ਜੰਗਜੂਆਂ ਨੇ ਇਸ ਗੱਲ ਨੂੰ ਰੀਕਾਰਡ ਕੀਤਾ ਕਿ ਉਹ ਬੇ ਦੀਨਾ ਦੀਆਂ ਪੁਰਜ਼ੇ ਪੁਰਜ਼ੇ ਹੋਈਆਂ ਲਾਸ਼ਾਂ ਵਿੱਚ ਗਿੱਟੇ ਗਿੱਟੇ ਲਹੂ ਵਿੱਚ ਫ਼ਿਰ ਰਹੇ ਸਨ।"

(World Faith by Ruth Cranston, Harper and Row Publishers, New York, 1949, page 155)

--- --- ---- --- --- --- --- --- --- --- --- --- --- --- --- ---

**ਗਾਡਫ਼ਰੇ ਹੈਗਿੰਜ਼ (Godfrey Higgins) ਲਿਖੱਦੇ ਹਨ ਕਿ :**

"ਇਸ ਗੱਲ ਤੋਂ ਵੱਧ ਆਮ ਤੌਰ'ਤੇ ਕੋਈ ਗੱਲ ਸੁਨਣ ਵਿੱਚ ਨਹੀਂ ਆਉਂਦੀ ਕਿ ਈਸਾਈ ਪਾਦਰੀ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਧਰਮ ਨੂੰ ਉਸਦੇ ਧਾਰਮਕ ਪੱਖਪਾਤ ਅਤੇ ਨਿਰਾਦਰ ਕਰਕੇ ਗਾਲ੍ਹਾਂ ਕਢੱਦੇ ਹਨ, ਅਦਭੁਤ ਸੰਸ਼ੇ ਅਤੇ ਮੁਨਾਫ਼ਕੀ (ਦੰਭ) ਹੈ ਇਹ । ਕੌਣ ਸੀ ਜਿਸ ਨੇ ਸਪੇਨ ਵਿੱਚੋਂ ਉਹਨਾਂ ਮੁਸਲਮਾਨਾਂ ਨੂੰ ਜੋ ਕਿ ਈਸਾਈ ਹੋ ਚੁੱਕੇ ਸਨ, ਭਜਾਇਆ ਸੀ । ਕਿਉਂਕਿ ਉਹ ਸੱਚੇ ਈਸਾਈ ਨਹੀਂ ਸਨ ? ਅਤੇ ਕੌਣ ਸੀ ਜਿਸਨੇ ਮੈਕਸੀਕੋ ਅਤੇ ਪੈਰੋ ਵਿੱਚ ਲੱਖਾਂ ਲੋਕਾਂ ਨੂੰ ਤਹਿ ਤੇਗ਼ ਕਰਕ ਦਿੱਤਾ ਸੀ ਅਤੇ ਉਹਨਾਂ ਨੂੰ ਗ਼ੁਲਾਮ ਬਣਾ ਲਿਆ ਸੀ ਕਿਉਂਕਿ ਉਹ ਈਸਾਈ ਨਹੀਂ ਸਨ? ਅਤੇ ਕਿੰਨ੍ਹਾਂ ਹੀ ਵੱਖਰਾ ਤੇ ਸੋਹਣਾ ਨਮੂਨਾ ਸਨ ਜੋ ਮੁਸਲਮਾਨਾਂ ਨੇ ਯੂਨਾਨ ਵਿੱਚ ਦਿਖਾਇਆ । ਸਦੀਆਂ ਤੱਕ ਈਸਾਈਆਂ ਨੂੰ ਉਹਨਾਂ ਦੇ ਧਰਮ, ਉਹਨਾਂ ਦੇ ਪਾਦਰੀਆਂ, ਲਾਟ ਪਾਦਰੀਆਂ ਅਤੇ ਵੈਰਾਗੀਆਂ ਤੇ ਉਹਨਾਂ ਦੇ ਗਿਰਜਾ ਘਰਾਂ ਨੂੰ ਆਪਣੀ ਜਾਗੀਰ 'ਤੇ ਸ਼ਾਂਤੀ ਪੂਰਨ ਢੰਗ ਨਾਲ ਰਹਿਣ ਦਿੱਤਾ ।" (As cited in Apology for Mohammed by Godfrey Higgins, Lahore. Page 123-124)

ਫ਼ਿਰ ਇਹੋ Godfrey Higgins ਅੱਗੇ ਲਿੱਖਦੇ ਹਨ ਕਿ :

"ਇਸਲਾਮ ਦੇ ਖ਼ਲੀਫ਼ਿਆਂ ਦੇ ਸੰਪੂਰਨ ਇਤਿਹਾਸ ਵਿੱਚ ਇੰਕੁਈਜ਼ੇਸ਼ਨ (Inquisition) ਜਿਹੀ ਬਦਨਾਮ ਚੀਜ਼ ਤੋਂ ਅੱਧ ਤੋਂ ਵੀ ਘੱਟ ਬਦਨਾਮ ਚੀਜ਼ ਨਹੀਂ ਮਿਲਦੀ । ਕੋਈ ਇਕ ਘਟਨਾ ਵੀ ਕਿਸੇ ਨੂੰ ਧਾਰਮਕ ਮਤਿਭੇਦ ਕਰਕੇ ਸਾਜ਼ ਦੇਣ ਜਾਂ ਕਿਸੇ ਨੂੰ ਕੇਵਲ ਇਸ ਗੱਲ ਕਰਕੇ ਮੌਤ ਦਾ ਦੰਡ ਦੇਣ ਦਾ ਨਹੀਂ ਹੋਇਆ ਕਿ ਇਸਲਾਮ ਧਰਮ ਨੂੰ ਕੁਬੂਲ ਕਿਉਂ ਨਹੀਂ ਕਰਦਾ ?" (ਉਪਰੋਕਤ ਪੰਨਾ **125-128**)

--- --- ---- --- --- --- --- --- --- --- --- --- --- --- --- ---

**ਐਡਵਰਡ ਗਿਬੱਨ (Edward Gibbon) ਆਪਣੀ ਕਿਤਾਬ History of the Saracen Empire ਵਿੱਚ ਲਿੱਖਦੇ ਹਨ ਕਿ :**

"ਆਪ (ਸਲਲੱਾਹੁ ਅਲੈਹਿ ਵਸਲੱਮ) ਦੇ ਧਰਮ ਦੇ ਪ੍ਰਚਾਰ ਦੀ ਥਾਂ ਉਸ ਦੀ ਨਿਰੰਤਰਤਾ ਸਾਡੀ ਹੈਰਾਨੀ ਦਾ ਸਬਬ ਹੈ, ਹਜ਼ਰਤ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੇ ਮੱਕੇ ਅਤੇ ਮਦੀਨੇ ਵਿੱਚ ਜੋ ਨਿਰੋਲ ਤੇ ਪੂਰਨ ਲੀਕਾਂ ਉਲੀਕੀਆਂ ਉਹ ਬਾਰ੍ਹਾਂ ਸਦੀਆਂ ਦੇ ਇੰਕਲਾਬ ਮਗਰੋਂ ਵੀ ਕੁਰਆਨ ਦੇ ਇੰਡੀਅਨ, ਅਫ਼ਰੀਕੀ ਅਤੇ ਤੁਰਕ ਨਵ ਆਸਥਾਵਾਦੀਆਂ ਨੇ ਹੁਣ ਤੱਕ ਸੁਰੱਖਿਅਤ ਰੱਖਿਆ ਹੋਇਆ ਹੈ । ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਮੁਰੀਦ ਆਪਣੇ ਧਰਮ ਅਤੇ ਆਸਥਾ ਨੂੰ ਇਕ ਮਨੁੱਖ ਦੇ ਖ਼ਿਆਲ ਨਾਲ ਬੰਨ੍ਹੀ ਰਖਣ ਦੀਆਂ ਪ੍ਰੀਖਿਆਵਾਂ ਅਤੇ ਵਸਵਸਿਆਂ ਦੇ ਟਾਕਰੇ'ਤੇ ਡਟੇ ਰਹੇ । ਇਸਲਾਮ ਦਾ ਸਾਦਾ ਅਤੇ ਨ ਬਦਲਣ ਯੋਗ ਵਿਸ਼ਵਾਸ ਇਹ ਹੈ ਕਿ ਮੈਂ ਇਕ ਖ਼ੁਦਾ ਅਤੇ ਖ਼ੁਦਾ ਦੇ ਰਸੂਲ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਉਪੱਰ ਈਮਾਨ ਲਿਆਉਂਦਾ ਹਾਂ । ਖ਼ੁਦਾ ਦਾ ਇਹ ਬੋਧਿਕ ਚਿਤੱਰ ਵਿਗੜ ਕੇ ਮੁਸਲਮਾਨਾਂ ਵਿੱਚ ਕੋਈ ਸੰਸਾ ਯੋਗ ਬੁੱਤ ਨਹੀਂ ਬਣਿਆ । ਪੈਗੰਬਰੇ ਇਸਲਾਮ ਦੇ ਰੁਤਬਿਆਂ ਨੇ ਮੁੱਨਖੀ ਗੁਣਾ ਦੇ ਮਾਪਦੰਡਾਂ ਦੀਆਂ ਹੱਦਾਂ ਨੂੰ ਪਾਰ ਨਹੀਂ ਕੀਤਾ ਅਤੇ ਉਹਨਾਂ ਦੇ ਜੀਉਂਦੇ ਜਾਗਦੇ ਫ਼ਰਮਾਨਾਂ ਨੇ ਉਹਨਾਂ ਦੇ ਪੈਰੋਕਾਰਾਂ ਦੇ ਧੰਨਵਾਦ ਅਤੇ ਉਪਕਾਰ ਦੇ ਜਜ਼ਬੇ ਨੂੰ ਅਕਲ ਅਤੇ ਧਰਮ ਦੀਆਂ ਹੱਦਾ ਅੰਦਰ ਰੱਖਿਆ ਹੋਇਆ ਹੈ।

(History of the Saracen Empire by Edward Gibbon, Alex Murray and sons, London, 1870, page 54)

--- --- ---- --- --- --- --- --- --- --- --- --- --- --- --- ---

**ਵਧੇਰੀ ਜਾਨਕਾਰੀ ਸਾਡੀ ਵੈਬਸਾਈਟ**

www.alislam.org

**ਤੋਂ ਪ੍ਰਾਪਤ ਕਰ ਸਕਦੇ ਹੋ ।**